ਸੱਚ ਦੀ ਆਵਾਜ਼ ਹੱਕ ਦੀ ਆਵਾਜ਼

# ਜ਼ਿਕਰ ਪੰਜਾਬ

ਕੁਲ ਪੰਨੇ : 8 ਮੁੱਲ : 3/- ਰੁਪਏ

ਲੁਧਿਆਣਾ : ਸੋਮਵਾਰ, 22 ਜੂਨ ਤੋਂ ਐਤਵਾਰ, 28 ਜੂਨ, 2026

WEEKLY ZIKAR PUNJAB

ਮੁੱਖ ਸੰਪਾਦਕ : ਅਸ਼ਵਨੀ ਜੇਤਲੀ/ਸਹਿ-ਸੰਪਾਦਕ : ਬਲਵਿੰਦਰ ਕੁਮਾਰ

ਹਫਤਾਵਾਰੀ ਅਖ਼ਬਾਰ

Ludhiana : Monday, 22 June to Sunday, 28 June 2026

E-mail : zikarpunjab44@gmail.com | RNI-PUNPUN/2017/75418 | ਮੋਬਾਈਲ ਨੰ. : 9815024577 | ਸਾਲ : 10 ਅੰਕ : 25 | Website : www.zikarpunjab.com



## ਯੋਗ ਸਿਰਫ਼ ਆਸਣ ਨਹੀਂ, ਮਨੁੱਖੀ ਏਕਤਾ ਦਾ ਆਧਾਰ : ਮੋਦੀ

ਜ਼ਿਕਰ ਪੰਜਾਬ

**ਕੋਲਕਾਤਾ** : ਪੂਰੇ ਦੇਸ਼ ਅਤੇ ਦੁਨੀਆ ਭਰ ਵਿੱਚ ਅੱਜ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਜਾ ਰਿਹਾ ਹੈ। ਇਸ ਮੌਕੇ 'ਤੇ ਪ੍ਰਧਾਨ ਮੰਤਰੀ ਮੋਦੀ ਕੋਲਕਾਤਾ ਵਿੱਚ ਹਨ। ਉਨ੍ਹਾਂ ਕੋਲਕਾਤਾ ਦੇ ਇਤਿਹਾਸਕ ਰੈੱਡ ਰੋਡ 'ਤੇ ਯੋਗਾ ਕੀਤਾ। ਇਸ ਦੌਰਾਨ ਉਨ੍ਹਾਂ ਕਿਹਾ ਕਿ ਯੋਗ ਦਿਵਸ ਦੇ ਮੌਕੇ 'ਤੇ ਬੰਗਾਲ ਵਿੱਚ ਹੋਣਾ ਬਹੁਤ ਖਾਸ ਹੈ। ਬੰਗਾਲ ਦੀ ਇਹ ਪਵਿੱਤਰ ਧਰਤੀ ਉਹ ਹੈ ਜਿੱਥੇ ਭਗਵਾਨ ਰਾਮ ਕ੍ਰਿਸ਼ਨ ਪਰਮਹੰਸ ਵਰਗੇ ਨਿਪੁੰਨ ਸੰਤਾਂ ਨੇ ਅਵਤਾਰ ਲਿਆ ਸੀ। ਜਿੱਥੋਂ ਸਵਾਮੀ ਵਿਵੇਕਾਨੰਦ ਨੇ ਪੂਰੀ ਦੁਨੀਆ ਨੂੰ ਯੋਗਾ ਦੀ ਸ਼ੁਰੂਆਤ ਕਰਵਾਈ। ਜਿੱਥੇ ਮਹਾਰਿਸ਼ੀ ਅਰਵਿੰਦ ਵਰਗੇ ਮਹਾਨ ਯੋਗੀ ਦਾ ਜਨਮ ਹੋਇਆ ਸੀ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅੱਜ ਇਸੇ ਧਰਤੀ 'ਤੇ ਸਮੂਹਿਕ ਯੋਗ ਦਾ ਅਨੁਭਵ ਇੱਕ ਵਿਲੱਖਣ ਅਧਿਆਤਮਿਕ ਅਨੁਭਵ ਦੇ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਯੋਗ ਸਿਰਫ਼ ਆਸਣਾਂ ਬਾਰੇ ਨਹੀਂ ਹੈ, ਇਹ ਮਨੁੱਖੀ ਏਕਤਾ ਦੀ ਨੀਂਹ ਹੈ। ਯੋਗ ਨਾ ਸਿਰਫ਼ ਅੱਜ ਸਾਡੀ ਨਿੱਜੀ ਜੀਵਨ ਸ਼ੈਲੀ ਲਈ ਜ਼ਰੂਰੀ ਹੈ, ਸਗੋਂ ਦੁਨੀਆ ਦੇ ਬਿਹਤਰ ਭਵਿੱਖ ਲਈ ਵੀ ਇੱਕ ਜ਼ਰੂਰਤ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਯੋਗ ਸਾਰਿਆਂ ਨੂੰ ਇਕਜੁੱਟ ਕਰਦਾ ਹੈ। ਇਸ ਮੌਕੇ 'ਤੇ, ਮੈਂ ਅੰਤਰਰਾਸ਼ਟਰੀ ਯੋਗ ਦਿਵਸ 2026 'ਤੇ ਪੂਰੀ ਦੁਨੀਆ, ਪੂਰੇ ਮਨੁੱਖੀ ਭਾਈਚਾਰੇ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੰਦਾ ਹਾਂ।" ਉਨ੍ਹਾਂ ਕਿਹਾ, "ਦੁਨੀਆ ਦੇ ਵੱਖ-ਵੱਖ ਹਿੱਸਿਆਂ ਤੋਂ ਸ਼ਾਨਦਾਰ ਤਸਵੀਰਾਂ ਆ ਰਹੀਆਂ ਹਨ। ਭਾਰਤ ਵਿੱਚ, ਹਿਮਾਲਿਆ ਤੋਂ ਲੈ ਕੇ ਹਿੰਦ ਮਹਾਂਸਾਗਰ ਤੱਕ, ਪੂਰਬ ਵਿੱਚ ਉੱਤਰ-ਪੂਰਬੀ ਬੰਗਾਲ ਤੋਂ ਲੈ ਕੇ ਪੱਛਮ ਵਿੱਚ ਸੌਰਾਸ਼ਟਰ ਤੱਕ, ਪੂਰਾ ਦੇਸ਼ ਯੋਗ ਦੀ ਊਰਜਾ ਨਾਲ ਭਰਿਆ ਹੋਇਆ ਜਾਪਦਾ ਹੈ, ਚੇਤਨਾ ਨਾਲ ਭਰਿਆ ਹੋਇਆ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਮਹਾਰਿਸ਼ੀ ਅਰਵਿੰਦ ਨੇ ਇਹ ਵੀ ਕਿਹਾ ਸੀ ਕਿ ਸਾਡਾ ਪੂਰਾ ਜੀਵਨ ਯੋਗ ਹੈ, ਭਾਵੇਂ ਅਸੀਂ ਇਸਦਾ ਅਹਿਸਾਸ ਕਰੀਏ ਜਾਂ ਨਾ ਕਰੀਏ। ਜਦੋਂ ਯੋਗ ਸਾਡੇ ਜੀਵਨ ਦਾ ਹਿੱਸਾ ਬਣ ਜਾਂਦਾ ਹੈ, ਤਾਂ ਇਹ ਮਨੁੱਖੀ ਏਕਤਾ ਦੀ ਨੀਂਹ ਬਣ ਜਾਂਦਾ ਹੈ। ਯੋਗ ਸਿਰਫ਼ ਸਰੀਰਕ ਮਿਹਨਤ ਦਾ ਸਾਧਨ ਨਹੀਂ ਹੈ, ਨਾ ਹੀ ਇਹ ਕਿਸੇ ਖਾਸ ਉਮਰ ਸਮੂਹ ਤੱਕ ਸੀਮਿਤ ਹੈ। ਯੋਗ ਮਨੁੱਖੀ ਜੀਵਨ, ਚੇਤਨਾ, ਊਰਜਾ ਦਾ ਪ੍ਰਕਾਸ਼ ਵੀ ਹੈ।

### ਅੰਮ੍ਰਿਤਸਰ 'ਚ ਬੀਐੱਸਐੱਫ ਤੇ ਪੁਲਿਸ ਵੱਲੋਂ ਖੇਤਾਂ 'ਚੋਂ

## 27 ਕਿਲੋ ਹੈਰੋਇਨ ਬਰਾਮਦ

ਜ਼ਿਕਰ ਪੰਜਾਬ

**ਅੰਮ੍ਰਿਤਸਰ** : ਭਾਰਤ-ਪਾਕਿਸਤਾਨ ਅੰਤਰਰਾਸ਼ਟਰੀ ਸਰਹੱਦ 'ਤੇ ਨਸ਼ਾ ਤਸਕਰੀ ਵਿਰੁੱਧ ਚਲਾਈ ਜਾ ਰਹੀ ਸਖ਼ਤ ਮੁਹਿੰਮ ਤਹਿਤ ਸੀਮਾ ਸੁਰੱਖਿਆ ਬਲ (ਬੀਐੱਸਐੱਫ) ਅਤੇ ਪੰਜਾਬ ਪੁਲਿਸ ਨੇ ਇੱਕ ਵੱਡੀ ਸਾਂਝੀ ਕਾਰਵਾਈ ਕਰਦਿਆਂ ਨਸ਼ਾ ਤਸਕਰਾਂ ਦੇ ਮਨਸੂਬਿਆਂ ਨੂੰ ਨਾਕਾਮ ਕਰ ਦਿੱਤਾ ਹੈ। ਸੁਰੱਖਿਆ ਬਲਾਂ ਨੇ ਅੰਮ੍ਰਿਤਸਰ ਦੇ ਸਰਹੱਦੀ ਘਰਿੰਡਾ ਖੇਤਰ ਦੇ ਅਧੀਨ ਆਉਂਦੀ



ਬਾਰਡਰ ਆਊਟਪੋਸਟ ਪੁਲਮੋਰਾ ਦੇ ਨੇੜਲੇ ਖੇਤਾਂ ਵਿੱਚੋਂ ਭਾਰੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਬਰਾਮਦ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਸਾਂਝੀ ਤਲਾਸ਼ੀ ਮੁਹਿੰਮ ਦੌਰਾਨ ਅਧਿਕਾਰੀਆਂ ਨੂੰ ਖੇਤਾਂ ਵਿੱਚੋਂ ਕੁੱਲ 27 ਕਿਲੋਗ੍ਰਾਮ ਹੈਰੋਇਨ ਦੀ ਵੱਡੀ ਖੇਪ ਮਿਲੀ ਹੈ, ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ ਕਰੋੜਾਂ ਰੁਪਏ ਦੱਸੀ ਜਾ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ, ਭਾਰਤੀ ਸੁਰੱਖਿਆ ਏਜੰਸੀਆਂ ਨੂੰ ਗੁਪਤ ਸੂਤਰਾਂ ਤੋਂ ਇੱਕ ਪੁਖ਼ਤਾ ਖੁਫੀਆ ਸੂਚਨਾ ਪ੍ਰਾਪਤ ਹੋਈ ਸੀ ਕਿ ਪਾਕਿਸਤਾਨੀ ਨਸ਼ਾ ਤਸਕਰਾਂ ਵੱਲੋਂ ਡਰੋਨ ਤਕਨੀਕ ਦੀ ਵਰਤੋਂ ਕਰਕੇ ਭਾਰਤੀ ਖੇਤਰ ਦੇ ਅੰਦਰ ਨਸ਼ੇ ਦੀ ਇੱਕ ਬਹੁਤ ਵੱਡੀ ਖੇਪ ਸੁੱਟੀ ਗਈ ਹੈ। ਇਸ ਸੂਚਨਾ 'ਤੇ ਤੁਰੰਤ ਕਾਰਵਾਈ ਕਰਦਿਆਂ ਬੀ.ਐਸ.ਐਫ. ਦੇ ਜਵਾਨਾਂ ਅਤੇ ਪੰਜਾਬ ਪੁਲਿਸ ਦੀਆਂ ਵਿਸ਼ੇਸ਼ ਟੀਮਾਂ ਨੇ ਬਿਨਾਂ ਸਮਾਂ ਗਵਾਏ ਸਬੰਧਤ ਸਰਹੱਦੀ ਇਲਾਕੇ ਨੂੰ ਚਾਰੋਂ ਤਰਫ਼ੋਂ ਘੇਰ ਲਿਆ ਅਤੇ ਇੱਕ ਵਿਆਪਕ ਸਾਂਝਾ ਸਰਚ ਆਪਰੇਸ਼ਨ ਸ਼ੁਰੂ ਕਰ ਦਿੱਤਾ। ਸਰਹੱਦੀ ਪਿੰਡ ਦੇ ਖੇਤਾਂ ਵਿੱਚ ਚਲਾਈ ਗਈ ਇਸ ਬਾਰੀਕੀ ਨਾਲ ਤਲਾਸ਼ੀ ਦੌਰਾਨ ਸੁਰੱਖਿਆ ਬਲਾਂ ਨੂੰ ਸ਼ੱਕੀ ਹਾਲਤ ਵਿੱਚ ਰੱਖੇ ਹੋਏ ਤਿੰਨ ਵੱਡੇ ਪੈਕਟ ਬਰਾਮਦ ਹੋਏ। ਜਦੋਂ ਸੁਰੱਖਿਆ ਏਜੰਸੀਆਂ ਵੱਲੋਂ ਇਨ੍ਹਾਂ ਪੈਕਟਾਂ ਨੂੰ ਖੋਲ੍ਹ ਕੇ ਜਾਂਚ ਕੀਤੀ ਗਈ, ਤਾਂ ਇਨ੍ਹਾਂ ਦੇ ਅੰਦਰੋਂ ਕੁੱਲ 27 ਕਿਲੋਗ੍ਰਾਮ ਉੱਚ ਗੁਣਵੱਤਾ ਵਾਲੀ ਹੈਰੋਇਨ ਬਰਾਮਦ ਹੋਈ। ਸੁਰੱਖਿਆ ਏਜੰਸੀਆਂ ਦੇ ਸੀਨੀਅਰ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਨਸ਼ਾ ਤਸਕਰੀ ਦੇ ਇੱਕ ਵੱਡੇ ਸਰਹੱਦ ਪਾਰ ਨੈੱਟਵਰਕ ਰਾਹੀਂ ਪੰਜਾਬ ਦੇ ਅੰਦਰੂਨੀ ਹਿੱਸਿਆਂ ਵਿੱਚ ਸਪਲਾਈ ਕਰਨ ਦੇ ਮਕਸਦ ਨਾਲ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ, ਜਿਸ ਨੂੰ ਸਮਾਂ ਰਹਿੰਦਿਆਂ ਨਾਕਾਮ ਕਰ ਦਿੱਤਾ ਗਿਆ ਹੈ। ਇਸ ਵੱਡੀ ਬਰਾਮਦਗੀ ਤੋਂ ਤੁਰੰਤ ਬਾਅਦ ਪੂਰੇ ਸਰਹੱਦੀ ਖੇਤਰ ਵਿੱਚ ਸੁਰੱਖਿਆ ਵਿਵਸਥਾ ਨੂੰ • ਬਾਕੀ ਸਫ਼ਾ 2 'ਤੇ



## ਭਾਰਤੀ ਜਲ ਸੈਨਾ 'ਚ ਤਿੰਨ ਸਵਦੇਸ਼ੀ ਜੰਗੀ ਜਹਾਜ਼ ਸ਼ਾਮਲ

ਜ਼ਿਕਰ ਪੰਜਾਬ

**ਨਵੀਂ ਦਿੱਲੀ** : ਤਿੰਨ ਸਵਦੇਸ਼ੀ ਜੰਗੀ ਜਹਾਜ਼, ਆਈਐਨਐਸ ਦੁਨਾਗਿਰੀ, ਆਈਐਨਐਸ ਸੰਸ਼ੋਧਨ, ਅਤੇ ਐਂਟੀ-ਸਬਮਰੀਨ ਆਈਐਨਐਸ ਅਗਰਾਯਾ, ਐਤਵਾਰ ਨੂੰ ਭਾਰਤੀ ਜਲ ਸੈਨਾ ਵਿੱਚ ਸ਼ਾਮਲ ਹੋਏ। ਇਹ ਦੇਸ਼ ਵਿੱਚ ਹੀ ਡਿਜ਼ਾਈਨ ਅਤੇ ਬਣਾਏ ਗਏ ਸਨ। ਆਈਐਨਐਸ ਸੰਸ਼ੋਧਨ ਇੱਕ ਸਮੇਂ ਵਿੱਚ ਲਗਾਤਾਰ 12,000 ਕਿਲੋਮੀਟਰ ਤੱਕ ਯਾਤਰਾ ਕਰ ਸਕਦਾ ਹੈ। ਆਈਐਨਐਸ ਦੁਨਾਗਿਰੀ ਅੱਠ ਬ੍ਰਹਮੋਸ ਮਿਜ਼ਾਈਲਾਂ ਨਾਲ ਲੈਸ ਹੈ। ਆਈਐਨਐਸ ਅਗਰਾਯਾ ਭਾਰਤੀ ਤੱਟਰੇਖਾ ਦੇ ਨੇੜੇ ਦੁਸ਼ਮਣ ਪਣਡੁੱਬੀਆਂ ਨੂੰ ਤਬਾਹ ਕਰ ਸਕਦਾ ਹੈ। ਇਸ ਸਮਾਗਮ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਇਹ ਨਵੇਂ ਭਾਰਤ ਦੀ ਸਭ ਤੋਂ ਵੱਡੀ ਤਾਕਤ ਹੈ। ਅੱਜ, ਭਾਰਤ ਰੱਖਿਆ ਖੇਤਰ ਵਿੱਚ ਸਿਰਫ਼ ਖਰੀਦਦਾਰ ਨਹੀਂ ਬਣਨਾ ਚਾਹੁੰਦਾ। ਸਾਡੀ ਫੌਜੀ ਸ਼ਕਤੀ ਦੁਨੀਆ ਲਈ ਇੱਕ ਬਾਜ਼ਾਰ ਨਹੀਂ ਬਣ ਸਕਦੀ। ਸਾਡੀ ਤਾਕਤ ਦੀ ਪਛਾਣ ਇੱਕ ਗਲੋਬਲ ਬਾਜ਼ਾਰ ਬਣਨ ਵਿੱਚ ਨਹੀਂ, ਸਗੋਂ ਸਵੈ-ਨਿਰਭਰਤਾ ਵਿੱਚ ਹੈ।

## ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਹੋਈ 'ਨੀਟ' ਪ੍ਰੀਖਿਆ

ਜ਼ਿਕਰ ਪੰਜਾਬ

**ਨਵੀਂ ਦਿੱਲੀ** : ਨੈਸ਼ਨਲ ਅਲਿਜੀਬਲ ਕਮ ਐਂਟਰੈਂਸ ਟੈਸਟ ਦੀ ਮੁੜ ਪ੍ਰੀਖਿਆ ਅੱਜ ਦੇਸ਼ ਭਰ ਵਿਚ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਹੋਈ। ਇਹ ਪ੍ਰੀਖਿਆ ਨੈਸ਼ਨਲ ਟੈਸਟਿੰਗ ਏਜੰਸੀ ਵਲੋਂ ਦੁਪਹਿਰ ਦੋ ਵਜੇ ਤੋਂ ਸ਼ਾਮ ਸਵਾ ਪੰਜ ਵਜੇ ਤਕ ਕਰਵਾਈ ਗਈ ਹੈ, ਜਿਸ ਲਈ ਵਿਦਿਆਰਥੀ ਸਵੇਰ 11 ਵਜੇ ਤੋਂ ਦੁਪਹਿਰ ਡੇਢ ਵਜੇ ਤਕ ਕੇਂਦਰ ਵਿਚ ਦਾਖਲ ਹੋ ਸਕਦੇ ਹਨ। ਦੁਪਹਿਰ ਡੇਢ ਵਜੇ ਤੋਂ ਬਾਅਦ ਗੇਟ ਬੰਦ ਕਰ ਦਿੱਤੇ ਗਏ। ਦੇਸ਼ ਭਰ 'ਚ 22.79 ਲੱਖ ਵਿਦਿਆਰਥੀਆਂ ਨੇ 564 ਸ਼ਹਿਰਾਂ 'ਚ 5400 ਤੋਂ ਵੱਧ ਕੇਂਦਰਾਂ 'ਚ ਪ੍ਰੀਖਿਆ ਦਿੱਤੀ। ਚੰਡੀਗੜ੍ਹ ਵਿਚ ਇਸ ਪ੍ਰੀਖਿਆ ਦੇ ਸੱਤ ਸੈਂਟਰ ਬਣਾਏ ਗਏ ਹਨ ਜਦਕਿ ਪੰਜਾਬ ਦੇ 16 ਜ਼ਿਲ੍ਹਿਆਂ ਵਿਚ ਪੌਣੇ ਦੋ ਸੌ ਦੇ ਕਰੀਬ ਸੈਂਟਰ ਹਨ। ਜਾਣਕਾਰੀ ਅਨੁਸਾਰ ਚੰਡੀਗੜ੍ਹ ਦੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਸੈਕਟਰ-18, 19, 26, 46 ਅਤੇ ਕੇਂਦਰੀ ਵਿਦਿਆਲਿਆ-29, 31, 47 ਵਿਚ ਸੈਂਟਰ ਬਣਾਏ ਗਏ ਹਨ ਜਿਨ੍ਹਾਂ ਵਿਚ ਸਵੇਰ ਤੋਂ ਹੀ ਪੁਲੀਸ ਤਾਇਨਾਤ ਕਰ ਦਿੱਤੀ ਗਈ ਹੈ। ਸੈਂਟਰਾਂ ਦੀ ਜਾਣਕਾਰੀ ਵਿਦਿਆਰਥੀਆਂ ਦੇ ਐਡਮਿਟ ਕਾਰਡ 'ਤੇ ਦਿੱਤੀ ਗਈ ਹੈ। ਇਸ ਪ੍ਰੀਖਿਆ ਵਿਚ ਸਥਾਨਕ ਪੁਲੀਸ ਤੋਂ ਇਲਾਵਾ ਏਜੰਸੀ ਦੇ ਨੁਮਾਇੰਦੇ ਵੀ ਤਾਇਨਾਤ ਕੀਤੇ ਗਏ ਹਨ ਤਾਂ ਕਿ ਕਿਸੇ ਵੀ ਤਰ੍ਹਾਂ ਦੀ ਨਕਲ ਨੂੰ ਰੋਕਿਆ ਜਾ ਸਕੇ। ਇਸ ਵਾਰ ਪ੍ਰੀਖਿਆ ਨੂੰ ਸਫ਼ਲਤਾਪੂਰਵਕ ਕਰਵਾਉਣ ਲਈ ਪ੍ਰਸ਼ਾਸਨਿਕ ਪੱਧਰ 'ਤੇ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ। ਸਾਰੇ ਡਿਪਟੀ • ਬਾਕੀ ਸਫ਼ਾ 2 'ਤੇ



## ਸਿੱਖ ਸ਼ਰਧਾਲੂਆਂ ਦਾ ਜਥਾ ਮਹਾਰਾਜਾ ਰਣਜੀਤ ਸਿੰਘ ਦੇ ਬਰਸੀ ਸਮਾਗਮਾਂ ਲਈ ਪਾਕਿਸਤਾਨ ਰਵਾਨਾ

ਜ਼ਿਕਰ ਪੰਜਾਬ

**ਅੰਮ੍ਰਿਤਸਰ** : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਵਿਖੇ ਹੋ ਰਹੇ ਸਮਾਗਮਾਂ 'ਚ ਸ਼ਮੂਲੀਅਤ ਕਰਨ ਲਈ ਅੱਜ ਸਿੱਖ ਸ਼ਰਧਾਲੂਆਂ ਦਾ ਜਥਾ ਖ਼ਾਲਸਾਈ ਜੈਕਾਰਿਆਂ ਦੀ ਗੂੰਜ 'ਚ ਰਵਾਨਾ ਹੋਇਆ। ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਤੋਂ ਜਥੇ ਦੀ ਰਵਾਨਗੀ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਓਐਸਡੀ ਸਤਬੀਰ ਸਿੰਘ ਤੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਸਮੇਤ ਹੋਰ ਅਧਿਕਾਰੀਆਂ ਨੇ ਜਥੇ ਦੇ ਲੀਡਰ ਸ਼੍ਰੋਮਣੀ ਕਮੇਟੀ ਮੈਂਬਰ ਖੁਸ਼ਵਿੰਦਰ ਸਿੰਘ ਭਾਟੀਆ, ਬੀਬੀ ਹਰਜਿੰਦਰ ਕੌਰ ਤੇ ਜਰਨਲ ਪ੍ਰਬੰਧਕ ਮੀਤ ਸਕੱਤਰ ਅਜ਼ਾਦਦੀਪ ਸਿੰਘ ਸਮੇਤ ਸ਼ਰਧਾਲੂਆਂ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਰਵਾਨਾ ਕੀਤਾ। ਇਸ ਮੌਕੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਹਰ ਸਾਲ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਦੇ ਗੁਰਧਾਮਾਂ ਦੇ ਦਰਸ਼ਨਾਂ ਲਈ ਭੇਜਿਆ ਜਾਂਦਾ ਹੈ। ਇਸ ਵਾਰ ਸ਼੍ਰੋਮਣੀ ਕਮੇਟੀ ਨੇ 302 ਸ਼ਰਧਾਲੂਆਂ ਦੇ ਪਾਸਪੋਰਟ ਪਾਕਿਸਤਾਨ ਦੂਤਾਵਾਸ ਨੂੰ ਵੀਜ਼ੇ ਲਈ ਭੇਜੇ ਸਨ, ਜਿਨ੍ਹਾਂ ਵਿੱਚੋਂ 290 ਸ਼ਰਧਾਲੂਆਂ ਨੂੰ ਵੀਜ਼ੇ ਪ੍ਰਾਪਤ ਹੋਏ ਹਨ। ਉਨ੍ਹਾਂ ਸਰਕਾਰ ਨੂੰ ਇਹ ਵੀ ਅਪੀਲ ਕੀਤੀ ਕਿ ਜਿਨ੍ਹਾਂ ਸ਼ਰਧਾਲੂਆਂ ਦੇ ਵੀਜ਼ੇ ਲੱਗੇ ਹਨ ਉਨ੍ਹਾਂ ਸਬੰਧੀ ਅਪਰੂਵਲ ਆਦਿ ਸਮੇਂ ਸਿਰ ਬਾਰਡਰ 'ਤੇ ਪਹੁੰਚਾਈ ਜਾਵੇ ਤਾਂ ਜੋ ਸ਼ਰਧਾਲੂਆਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਆਵੇ। ਜਥੇ ਦੇ ਆਗੂ ਖੁਸ਼ਵਿੰਦਰ ਸਿੰਘ ਭਾਟੀਆ ਨੇ ਕਿਹਾ ਕਿ ਗੁਰੂ ਬਖ਼ਸ਼ਿਸ਼ ਸਦਕਾ ਉਨ੍ਹਾਂ ਨੂੰ ਜਥੇ ਦੀ ਅਗਵਾਈ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਦੇ ਸਮਾਗਮਾਂ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਜਥੇ 'ਚ ਸ਼ਾਮਲ ਸ਼ਰਧਾਲੂ ਪਹਿਲੇ ਪਾਤਸ਼ਾਹ ਜੀ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਸਮੇਤ ਗੁਰਦੁਆਰਾ ਸੱਚਾ ਸੌਦਾ ਸਾਹਿਬ ਮੰਡੀ ਚੂਹੜਕਾਣਾ ਸ਼ੇਖੂਪੁਰਾ, ਗੁਰਦੁਆਰਾ ਸ੍ਰੀ ਪੰਜਾ ਸਾਹਿਬ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ, ਗੁਰਦੁਆਰਾ ਸ੍ਰੀ ਰੋੜੀ ਸਾਹਿਬ, ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਆਦਿ ਗੁਰ-ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰਨਗੇ। ਉਨ੍ਹਾਂ ਕਿਹਾ ਕਿ 29 ਜੂਨ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਬਰਸੀ ਸਮਾਗਮਾਂ ਵਿਚ ਸ਼ਮੂਲੀਅਤ ਕਰਨ ਉਪਰੰਤ ਜਥੇ ਦੀ ਵਾਪਸੀ 30 ਜੂਨ ਨੂੰ ਹੋਵੇਗੀ।



## ਸਪੀਕਰ ਸੰਧਵਾਂ ਵੱਲੋਂ ਪਿਤਾ ਦਿਵਸ ਮੌਕੇ ਨਿੱਘੀਆਂ ਸ਼ੁਭਕਾਮਨਾਵਾਂ

ਜ਼ਿਕਰ ਪੰਜਾਬ

**ਚੰਡੀਗੜ੍ਹ** : ਪੰਜਾਬ ਵਿਧਾਨ ਸਭਾ ਦੇ ਸਪੀਕਰ, ਸ. ਕੁਲਤਾਰ ਸਿੰਘ ਸੰਧਵਾਂ ਨੇ ਅੱਜ ਪਿਤਾ ਦਿਵਸ ਮੌਕੇ 'ਤੇ ਸਾਰੇ ਪਿਤਾਵਾਂ ਅਤੇ ਪਿਤਾ ਰੂਪੀ ਸ਼ਖ਼ਸੀਅਤਾਂ ਨੂੰ ਦਿਲੋਂ ਸ਼ੁਭਕਾਮਨਾਵਾਂ ਦਿੱਤੀਆਂ। ਸਪੀਕਰ ਸੰਧਵਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਪਿਤਾ ਹਰ ਪਰਿਵਾਰ ਲਈ ਤਾਕਤ, ਸੁਰੱਖਿਆ ਅਤੇ ਕੁਰਬਾਨੀ ਦਾ ਪੁੰਜ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਮਾਂ ਦਾ ਪਿਆਰ ਬੱਚੇ ਦੇ ਮੁੱਢਲੇ ਸਾਲਾਂ ਦਾ ਅਧਾਰ ਹੁੰਦਾ ਹੈ, ਉੱਥੇ ਹੀ ਪਿਤਾ ਜੀਵਨ ਦੀਆਂ ਚੁਣੌਤੀਆਂ ਨੂੰ ਨਜਿੱਠਣ ਲਈ ਲੋੜੀਂਦੀ ਦਿਸ਼ਾ, ਨੈਤਿਕ ਕਦਰਾਂ-ਕੀਮਤਾਂ ਦੇ ਰਾਹ-ਦਸੇਰਾ ਵਜੋਂ ਕੰਮ ਕਰਦਾ ਹੈ। ਸ. ਕੁਲਤਾਰ ਸਿੰਘ • ਬਾਕੀ ਸਫ਼ਾ 2 'ਤੇ

## ਤਿੰਨ ਮੁਲਜ਼ਮ ਪਿਸਤੌਲਾਂ ਸਣੇ ਗ੍ਰਿਫ਼ਤਾਰ

ਜ਼ਿਕਰ ਪੰਜਾਬ

**ਅੰਮ੍ਰਿਤਸਰ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦੌਰਾਨ ਸੰਗਠਿਤ ਅਪਰਾਧ ਅਤੇ ਗੈਂਗਸਟਰ ਨੈੱਟਵਰਕ ਵਿਰੁੱਧ ਵੱਡੀ ਸਫ਼ਲਤਾ ਤਹਿਤ ਸਟੇਟ • ਬਾਕੀ ਸਫ਼ਾ 2 'ਤੇ

## ਪੰਜਾਬੀਆਂ ਦੇ ਹੱਥ ਨਵਾਂ ਪੰਜਾਬ ਸਿਰਜਣ ਦਾ ਮੌਕਾ : ਨਿਤਿਨ ਨਬੀਨ

ਜ਼ਿਕਰ ਪੰਜਾਬ

**ਲੁਧਿਆਣਾ** : ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਦੇ ਤਿੰਨ ਦਿਨਾਂ ਪੰਜਾਬ ਦੌਰੇ ਦੇ ਦੂਜੇ ਦਿਨ ਲੁਧਿਆਣਾ ਦੇ ਜਲੰਧਰ ਬਾਈਪਾਸ ਚੌਕ ਪਹੁੰਚਣ 'ਤੇ ਸੀਨੀਅਰ ਆਗੂਆਂ ਤੇ ਵਰਕਰਾਂ ਵੱਲੋਂ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਦੀ ਅਗਵਾਈ ਹੇਠ ਨਿਤਿਨ ਨਬੀਨ ਦਾ ਗਰਮਜੋਸ਼ੀ ਨਾਲ ਨਿੱਘਾ ਸਵਾਗਤ ਕੀਤਾ ਗਿਆ। ਇਸ ਤੋਂ ਬਾਅਦ ਇਕ ਵਿਸ਼ਾਲ ਕਾਫਲੇ ਦੇ ਰੂਪ 'ਚ ਭਾਜਪਾ ਆਗੂ ਤੇ ਵਰਕਰ ਨਿਤਿਨ ਨਬੀਨ ਦੇ ਨਾਲ ਅਗਲੇ ਪੜਾਅ ਲਈ ਰਵਾਨਾ ਹੋਏ। ਨਿਤਿਨ ਨਬੀਨ ਨੇ ਕਿਹਾ • ਬਾਕੀ ਸਫ਼ਾ 2 'ਤੇ

## ਲਹਿਰਾ ਮੁਹੱਬਤ ਗੁਰੂ ਹਰਗੋਬਿੰਦ ਥਰਮਲ ਪਲਾਂਟ ਦਾ ਚੌਥਾ ਯੂਨਿਟ ਵੀ ਬੰਦ

ਜ਼ਿਕਰ ਪੰਜਾਬ

**ਬਠਿੰਡਾ** : ਬਠਿੰਡਾ ਜ਼ਿਲ੍ਹੇ ਦੇ ਲਹਿਰਾ ਮੁਹੱਬਤ ਪਿੰਡ ਵਿਖੇ 920-ਮੈਗਾਵਾਟ ਦੇ ਗੁਰੂ ਹਰਗੋਬਿੰਦ ਥਰਮਲ ਪਲਾਂਟ ਦੇ ਸਾਰੇ ਚਾਰ ਯੂਨਿਟ ਬੰਦ ਕਰ ਦਿੱਤੇ ਗਏ ਹਨ, ਜਿਸ ਨਾਲ ਪੰਜਾਬ ਵਿੱਚ ਝੋਨੇ ਦੀ ਬਿਜਾਈ ਦੇ ਸੀਜ਼ਨ ਅਤੇ ਗਰਮੀਆਂ ਦੀ ਤੇਜ਼ ਗਰਮੀ ਦੌਰਾਨ ਬਿਜਲੀ ਉਤਪਾਦਨ 'ਤੇ ਚਿੰਤਾਵਾਂ ਵਧ ਗਈਆਂ ਹਨ। ਜਦੋਂ ਕਿ ਪਲਾਂਟ ਦੇ ਤਿੰਨ ਯੂਨਿਟ ਪਹਿਲਾਂ ਹੀ ਬੰਦ ਸਨ, ਚੌਥੇ ਯੂਨਿਟ ਨੂੰ ਵੀ ਐਤਵਾਰ ਨੂੰ ਫਲਾਈ ਐਸ਼ ਦੇ ਭਾਰੀ ਭੰਡਾਰ ਕਾਰਨ ਬੰਦ ਕਰ ਦਿੱਤਾ ਗਿਆ ਸੀ। ਜ਼ਿਕਰਯੋਗ ਹੈ ਕਿ ਥਰਮਲ ਪਲਾਂਟ ਦੇ ਲਗਭਗ 1,800 ਠੇਕੇ 'ਤੇ ਕੰਮ ਕਰਨ ਵਾਲੇ ਕਰਮਚਾਰੀ ਇਸ ਸਮੇਂ ਹੜਤਾਲ 'ਤੇ ਹਨ। ਸਾਰੀਆਂ ਯੂਨਿਟਾਂ ਦੇ ਬੰਦ ਹੋਣ ਤੋਂ ਬਾਅਦ, ਪਲਾਂਟ ਪ੍ਰਬੰਧਨ ਨੇ ਫਲਾਈ ਐਸ਼ ਨੂੰ ਸਾਫ਼ ਕਰਨ ਅਤੇ ਕੰਮਕਾਜ ਬਹਾਲ ਕਰਨ ਲਈ ਵਾਧੂ ਕਰਮਚਾਰੀਆਂ ਦੀ ਮੰਗ ਕੀਤੀ ਹੈ। ਸੂਤਰਾਂ ਨੇ ਦੱਸਿਆ ਕਿ ਪਲਾਂਟ ਵਿੱਚ ਲਗਭਗ 500 ਨਿਯਮਤ ਕਰਮਚਾਰੀ ਹਨ, ਜਿਨ੍ਹਾਂ ਵਿੱਚੋਂ ਲਗਭਗ ਅੱਧੇ ਕਲੈਰੀਕਲ ਕੰਮ ਵਿੱਚ ਲੱਗੇ ਹੋਏ ਹਨ। ਜੀਐਚਟੀਪੀ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇੱਕ ਯੂਨਿਟ 17 ਜੂਨ ਨੂੰ ਬੰਦ ਕਰ ਦਿੱਤਾ ਗਿਆ ਸੀ, ਉਸ ਤੋਂ ਬਾਅਦ 19 ਜੂਨ ਨੂੰ ਦੋ ਹੋਰ ਯੂਨਿਟ ਬੰਦ ਕਰ ਦਿੱਤੇ ਗਏ ਸਨ, ਅਤੇ ਚੌਥਾ ਯੂਨਿਟ ਐਤਵਾਰ ਨੂੰ ਬੰਦ ਕਰ ਦਿੱਤਾ ਗਿਆ। ਜੀਐਚਟੀਪੀ ਦੇ ਮੁੱਖ ਇੰਜੀਨੀਅਰ ਤੇਜ ਬਾਂਸਲ ਨੇ ਕਿਹਾ, "ਸਾਨੂੰ ਉਮੀਦ ਹੈ ਕਿ 210 ਮੈਗਾਵਾਟ ਦਾ ਇੱਕ ਯੂਨਿਟ • ਬਾਕੀ ਸਫ਼ਾ 2 'ਤੇ



## 24 ਜੂਨ ਨੂੰ ਮੋਹਾਲੀ ਵਿਖੇ ਕਰਵਾਈ ਜਾਵੇਗੀ ਐਨ. ਆਰ. ਆਈ. ਮਿਲਣੀ 2026: ਡਾ. ਰਵਜੋਤ ਸਿੰਘ

ਜ਼ਿਕਰ ਪੰਜਾਬ

**ਚੰਡੀਗੜ੍ਹ** : ਪੰਜਾਬ ਦੇ ਐਨ. ਆਰ. ਆਈ. ਮਾਮਲਿਆਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ 24 ਜੂਨ, 2026 ਨੂੰ ਐਮਿਟੀ ਯੂਨੀਵਰਸਿਟੀ, ਮੋਹਾਲੀ ਵਿਖੇ "ਐਨ. ਆਰ. ਆਈ. ਮਿਲਣੀ 2026" ਦਾ ਆਯੋਜਨ ਕੀਤਾ ਜਾ ਰਿਹਾ ਹੈ। ਕੈਬਨਿਟ ਮੰਤਰੀ ਨੇ ਹੋਰ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਇਹ ਸਮਾਗਮ ਪੰਜਾਬ ਸਰਕਾਰ ਵੱਲੋਂ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਨਾਲ ਆਪਣੇ ਸਬੰਧ ਹੋਰ ਮਜ਼ਬੂਤ ਕਰਨ ਅਤੇ ਗੈਰ-ਨਿਵਾਸੀ ਭਾਰਤੀਆਂ (ਐਨ. ਆਰ. ਆਈਜ਼) ਨੂੰ ਦਰਪੇਸ਼ ਸਮੱਸਿਆਵਾਂ ਦੇ ਸਮੇਂ ਸਿਰ ਹੱਲ ਲਈ ਕੀਤੇ ਜਾ ਰਹੇ ਲਗਾਤਾਰ ਯਤਨਾਂ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ "ਐਨ. ਆਰ. ਆਈ. ਮਿਲਣੀ 2026" ਐਨ. ਆਰ. ਆਈਜ਼ ਅਤੇ ਪੰਜਾਬ ਸਰਕਾਰ ਦਰਮਿਆਨ ਸਿੱਧੇ ਸੰਵਾਦ ਲਈ ਇੱਕ ਮਹੱਤਵਪੂਰਨ ਮੰਚ • ਬਾਕੀ ਸਫ਼ਾ 2 'ਤੇ



## ਰਾਮ ਮੰਦਰ ਚੜ੍ਹਾਵਾ ਚੋਰੀ ਮਾਮਲਾ: ਐੱਸ.ਆਈ.ਟੀ. ਵੱਲੋਂ ਜਾਂਚ ਮੁਕੰਮਲ

### ਐੱਫ.ਆਈ.ਆਰ. ਦਰਜ ਕਰਵਾਉਣ ਦੀ ਤਿਆਰੀ

ਜ਼ਿਕਰ ਪੰਜਾਬ

**ਅਯੁੱਧਿਆ** : ਰਾਮ ਨਗਰੀ ਦੇ ਸ਼੍ਰੀ ਰਾਮ ਜਨਮ ਭੂਮੀ ਕੰਪਲੈਕਸ ਵਿੱਚ ਸ਼੍ਰੀ ਰਾਮ ਲੱਲਾ ਸਮੇਤ ਹੋਰ ਮੰਦਰਾਂ ਦਾ ਚੜ੍ਹਾਵਾ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਗਠਿਤ ਕੀਤੀ ਗਈ ਸੂਬਾ ਸਰਕਾਰ ਦੀ ਐੱਸ.ਆਈ.ਟੀ. ਨੇ ਆਪਣੀ ਮੁੱਢਲੀ ਜਾਂਚ ਪੂਰੀ ਕਰ ਲਈ ਹੈ ਅਤੇ ਐਤਵਾਰ ਨੂੰ ਮੁੱਢਲੀ ਜਾਂਚ ਰਿਪੋਰਟ ਮੁੱਖ ਮੰਤਰੀ ਦਫ਼ਤਰ ਨੂੰ ਸੌਂਪ ਦੇਵੇਗੀ। ਮੁੱਢਲੀ ਜਾਂਚ ਰਿਪੋਰਟ ਤੋਂ ਬਾਅਦ ਐੱਸ.ਆਈ.ਟੀ. ਹੁਣ ਇਸ ਮਾਮਲੇ ਵਿੱਚ ਮੁਕੱਦਮਾ ਦਰਜ ਕਰਵਾਉਣ ਦੀ ਤਿਆਰੀ ਵਿੱਚ ਹੈ। ਮੰਨਿਆ ਜਾ ਰਿਹਾ ਹੈ ਕਿ ਹੁਣ ਤੱਕ ਦੀ ਜਾਂਚ ਰਿਪੋਰਟ ਦੇ ਅਧਾਰ 'ਤੇ ਐੱਸ.ਆਈ.ਟੀ. ਇਸ ਮਾਮਲੇ 'ਚ ਐੱਫ.ਆਈ.ਆਰ. ਦਰਜ ਕਰਵਾ ਸਕਦੀ ਹੈ। ਇਸ ਤੋਂ ਬਾਅਦ ਟੀਮ ਇਸ ਵਿੱਚ ਸ਼ਾਮਲ ਮੁਲਾਜ਼ਮਾਂ ਖ਼ਿਲਾਫ਼ ਕਾਨੂੰਨੀ ਸ਼ਿਕੰਜਾ ਕੱਸੇਗੀ ਅਤੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਕਹਿਣ ਮੁਤਾਬਕ 15 ਦਿਨਾਂ ਵਿੱਚ ਆਪਣੀ ਅੰਤਿਮ ਰਿਪੋਰਟ ਸੌਂਪਣ ਦੌਰਾਨ ਇਸ ਕੇਸ ਵਿੱਚ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰ ਦੇਵੇਗੀ। ਐੱਸ.ਆਈ.ਟੀ. ਹੁਣ ਤੱਕ ਦੀ ਜਾਂਚ ਵਿੱਚ ਅਯੁੱਧਿਆ ਦੇ ਰਾਮ ਮੰਦਰ ਵਿੱਚ ਪੈਸਿਆਂ ਅਤੇ ਗਹਿਣਿਆਂ ਦੀ • ਬਾਕੀ ਸਫ਼ਾ 2 'ਤੇ



## ਪੰਜਾਬ 'ਚ ਹਨ੍ਹੇਰੀ ਤੂਫਾਨ ਨਾਲ ਤੇਜ਼ ਬਾਰਸ਼ ਦਾ ਅਲਰਟ

ਜ਼ਿਕਰ ਪੰਜਾਬ

**ਲੁਧਿਆਣਾ** : ਪੰਜਾਬ 'ਚ ਅਗਲੇ ਦਿਨਾਂ ਨੂੰ ਲੈ ਕੇ ਮੌਸਮ ਦੀ ਤਾਜ਼ਾ ਅਪਡੇਟ ਸਾਹਮਣੇ ਆਈ ਹੈ। ਮੌਸਮ ਵਿਭਾਗ ਨੇ 25 ਜੂਨ ਤੱਕ ਵੱਡੀ ਭਵਿੱਖਬਾਣੀ ਕੀਤੀ ਹੈ। ਆਉਣ ਵਾਲੇ ਦਿਨਾਂ 'ਚ ਫਿਰ ਤੋਂ ਪੰਜਾਬ ਦੇ ਮੌਸਮ 'ਚ ਬਦਲਾਅ ਵੇਖਣ ਨੂੰ ਮਿਲੇਗਾ। ਪੰਜਾਬ ਅਤੇ ਚੰਡੀਗੜ੍ਹ 'ਤੇ ਸਰਗਰਮ ਪੱਛਮੀ ਗੜਬੜੀ ਅੱਜ ਤੋਂ ਹੋਰ ਤੇਜ਼ ਹੋਵੇਗੀ। ਮੌਸਮ ਵਿਭਾਗ ਚੰਡੀਗੜ੍ਹ ਨੇ 4 ਦਿਨਾਂ ਲਈ ਕਈ ਜ਼ਿਲ੍ਹਿਆਂ ਵਿਚ ਯੈਲੋ ਅਲਰਟ ਜਾਰੀ ਕੀਤਾ ਹੈ। ਹਨ੍ਹੇਰੀ-ਤੂਫ਼ਾਨ ਦੇ ਨਾਲ-ਨਾਲ ਬਿਜਲੀ ਵੀ ਚਮਕੇਗੀ ਅਤੇ ਭਾਰੀ ਬਾਰਿਸ਼ ਦੀ ਸੰਭਾਵਨਾ ਵੀ ਜਤਾਈ ਗਈ ਹੈ। ਵਿਭਾਗ ਵੱਲੋਂ ਕੀਤੀ ਗਈ ਭਵਿੱਖਬਾਣੀ ਮੁਤਾਬਕ 21 ਜੂਨ ਲਈ ਮੌਸਮ ਵਿਭਾਗ ਨੇ ਹੁਸ਼ਿਆਰਪੁਰ, ਜਲੰਧਰ, ਤਰਨਤਾਰਨ, ਫਿਰੋਜ਼ਪੁਰ, ਫਰੀਦਕੋਟ, ਫਾਜ਼ਿਲਕਾ, ਬਠਿੰਡਾ, ਮਾਨਸਾ, ਮੋਗਾ, ਬਰਨਾਲਾ, ਮੁਕਤਸਰ ਸਾਹਿਬ ਵਿਚ ਭਾਰੀ ਬਾਰਿਸ਼ ਅਤੇ ਹਨ੍ਹੇਰੀ-ਤੂਫ਼ਾਨ ਲਈ ਯੈਲੋ ਅਲਰਟ ਜਾਰੀ ਕੀਤਾ ਹੈ। ਇਥੇ 40-50 ਕਿਲੋਮੀਟਰ ਦੀ ਤੇਜ਼ ਰਫ਼ਤਾਰ ਨਾਲ ਹਵਾਵਾਂ ਚੱਲਣਗੀਆਂ। ਉਥੇ ਹੀ 23 ਜੂਨ ਨੂੰ ਫਿਰੋਜ਼ਪੁਰ, ਮੋਗਾ, ਫਰੀਦਕੋਟ, ਮੁਕਤਸਰ, ਬਠਿੰਡਾ, ਮਾਨਸਾ, ਬਰਨਾਲਾ, ਫਾਜ਼ਿਲਕਾ ਵਿਚ ਮੌਸਮ ਵਿਭਾਗ ਨੇ ਮੀਂਹ ਦਾ ਯੈਲੋ ਅਲਰਟ ਜਾਰੀ ਕੀਤਾ ਹੈ। 24 ਜੂਨ ਨੂੰ ਮੌਸਮ ਦਾ ਰੁਖ਼ ਬਦਲ ਕੇ ਉੱਤਰੀ ਅਤੇ ਪੂਰਬੀ ਪੰਜਾਬ ਵੱਲ ਹੋ ਜਾਵੇਗਾ। ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂਸ਼ਹਿਰ, ਰੂਪਨਗਰ, ਐੱਸ. ਏ. ਐੱਸ. ਨਗਰ (ਮੋਹਾਲੀ), ਫ਼ਤਿਹਗੜ੍ਹ ਸਾਹਿਬ ਅਤੇ ਪਟਿਆਲਾ 'ਚ ਮੀਂਹ ਅਤੇ ਤੇਜ਼ ਹਵਾਵਾਂ • ਬਾਕੀ ਸਫ਼ਾ 2 'ਤੇ

## ਕੇਂਦਰ ਸਰਕਾਰ ਵੱਲੋਂ 16 ਫਿਕਸਡ ਡੋਜ਼ ਕੰਬੀਨੇਸ਼ਨ ਦਵਾਈਆਂ 'ਤੇ ਪਾਬੰਦੀ

ਜ਼ਿਕਰ ਪੰਜਾਬ

**ਨਵੀਂ ਦਿੱਲੀ** : ਕੇਂਦਰ ਸਰਕਾਰ ਨੇ ਦੇਸ਼ ਭਰ ਵਿੱਚ 16 ਫਿਕਸਡ ਡੋਜ਼ ਕੰਬੀਨੇਸ਼ਨ (ਐਫਡੀਸੀ) ਦਵਾਈਆਂ ਦੇ ਨਿਰਮਾਣ, ਵੰਡ, ਵਿਕਰੀ ਅਤੇ ਸਪਲਾਈ 'ਤੇ ਤੁਰੰਤ ਪਾਬੰਦੀ ਲਗਾ ਦਿੱਤੀ ਹੈ। ਕੇਂਦਰੀ ਸਿਹਤ ਮੰਤਰਾਲੇ ਨੇ ਕਿਹਾ ਕਿ ਇਹ ਦਵਾਈਆਂ ਫਾਇਦਿਆਂ ਨਾਲੋਂ ਜ਼ਿਆਦਾ ਜੋਖਮ ਪੈਦਾ ਕਰਦੀਆਂ ਹਨ ਅਤੇ ਕੋਈ ਇਲਾਜ ਸੰਬੰਧੀ ਲਾਭ ਨਹੀਂ ਦਿਖਾਉਂਦੀਆਂ ਹਨ। ਮੰਤਰਾਲੇ ਨੇ ਕਿਹਾ ਕਿ ਇਹ ਕਦਮ ਜਨਤਕ ਸੁਰੱਖਿਆ ਨੂੰ ਵਧਾਉਣ ਅਤੇ ਦਵਾਈਆਂ ਦੀ ਸਹੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਚੁੱਕਿਆ ਗਿਆ ਸੀ, ਇਹ ਯਕੀਨੀ ਬਣਾਉਣ ਲਈ ਕਿ ਬਾਜ਼ਾਰ ਵਿੱਚ ਸਿਰਫ਼ ਵਿਗਿਆਨਕ ਤੌਰ 'ਤੇ ਸਹੀ ਅਤੇ ਪ੍ਰਭਾਵਸ਼ਾਲੀ ਦਵਾਈਆਂ ਹੀ ਉਪਲਬਧ ਹੋਣ। ਨਿਊਜ਼ ਏਜੰਸੀ ਪੀਟੀਆਈ ਦੇ ਅਨੁਸਾਰ, ਸਿਹਤ ਮੰਤਰਾਲੇ ਨੇ ਕਿਹਾ ਕਿ ਇਹ ਫੈਸਲਾ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਤੇ ਐਫਡੀਸੀ ਦਵਾਈਆਂ ਦੀ ਸਮੀਖਿਆ ਦੇ ਆਧਾਰ 'ਤੇ ਲਿਆ ਗਿਆ ਸੀ। ਡਰੱਗਜ਼ ਟੈਕਨੀਕਲ ਐਡਵਾਈਜ਼ਰੀ ਬੋਰਡ ਨੇ ਇਸ ਉਦੇਸ਼ ਲਈ ਇੱਕ ਮਾਹਰ ਕਮੇਟੀ ਦਾ ਗਠਨ ਕੀਤਾ। ਕਮੇਟੀ ਨੇ ਕਈ ਦਵਾਈਆਂ ਦੇ ਸੰਜੋਗਾਂ ਦੀ ਜਾਂਚ ਕੀਤੀ ਅਤੇ ਕੁਝ ਨੂੰ ਗੈਰ-ਵਿਗਿਆਨਕ, ਇਲਾਜ ਸੰਬੰਧੀ ਤੌਰ 'ਤੇ ਬੇਲੋੜਾ ਅਤੇ ਮਰੀਜ਼ਾਂ ਲਈ ਸੰਭਾਵੀ ਤੌਰ 'ਤੇ ਨੁਕਸਾਨਦੇਹ ਪਾਇਆ। ਐਫਡੀਸੀ ਉਹ ਦਵਾਈਆਂ ਹਨ ਜੋ ਦੋ ਜਾਂ ਵੱਧ ਕਿਰਿਆਸ਼ੀਲ ਫਾਰਮਾਸਿਊਟੀਕਲ ਸਮੱਗਰੀ ਨੂੰ ਨਿਸ਼ਚਿਤ ਅਨੁਪਾਤ ਵਿੱਚ ਜੋੜਦੀਆਂ ਹਨ। ਮੰਤਰਾਲੇ ਨੇ ਇਹ ਪਾਬੰਦੀ ਡਰੱਗਜ਼ ਐਂਡ ਕਾਸਮੈਟਿਕਸ ਐਕਟ, 1940 ਦੀ ਧਾਰਾ 26ਏ ਦੇ ਤਹਿਤ ਜਾਰੀ ਨੋਟੀਫਿਕੇਸ਼ਨਾਂ ਰਾਹੀਂ ਲਗਾਈ ਹੈ। ਸਿਹਤ ਮੰਤਰਾਲੇ ਨੇ ਕਿਹਾ ਕਿ ਵਿਗਿਆਨਕ ਸਮੀਖਿਆ ਤੋਂ ਬਾਅਦ ਕਈ ਤਰਕਹੀਣ ਐਫਡੀਸੀ ਦਵਾਈਆਂ 'ਤੇ ਪਹਿਲਾਂ ਹੀ ਪਾਬੰਦੀ ਲਗਾਈ ਜਾ ਚੁੱਕੀ ਹੈ। ਸਾਰੇ ਰਾਜ ਡਰੱਗ ਕੰਟਰੋਲਰਾਂ, ਰੈਗੂਲੇਟਰੀ ਸੰਸਥਾਵਾਂ ਅਤੇ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਇਨ੍ਹਾਂ ਆਦੇਸ਼ਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਡਰੱਗ ਨਿਰਮਾਤਾਵਾਂ, ਆਯਾਤਕਾਂ, ਵਿਤਰਕਾਂ ਅਤੇ ਹੋਰ ਹਿੱਸੇਦਾਰਾਂ ਨੂੰ ਕਾਨੂੰਨ ਦੁਆਰਾ ਲੋੜੀਂਦੇ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਗਏ ਹਨ।



## ਈਡੀ ਵੱਲੋਂ 1,000 ਕਰੋੜ ਤੋਂ ਵੱਧ ਦੀ ਸੰਪਤੀ ਜ਼ਬਤ

ਜ਼ਿਕਰ ਪੰਜਾਬ

**ਨਵੀਂ ਦਿੱਲੀ** : ਈ.ਡੀ. ਨੇ ਐਤਵਾਰ ਨੂੰ ਕਿਹਾ ਕਿ ਗੋਆ ਵਿੱਚ ਲੋਹੇ ਦੀ ਕਥਿਤ ਗ਼ੈਰ-ਕਾਨੂੰਨੀ ਮਾਈਨਿੰਗ ਦੇ ਮਾਮਲੇ ਵਿੱਚ 1,023 ਕਰੋੜ ਤੋਂ ਵੱਧ ਦੀ ਸੰਪਤੀ ਜ਼ਬਤ ਕੀਤੀ ਹੈ, ਜਿਸ ਵਿੱਚ ਸਿੰਗਾਪੁਰ ਸਥਿਤ ਸੰਪਤੀਆਂ ਵੀ ਸ਼ਾਮਲ ਹਨ। ਈ.ਡੀ. ਨੇ ਇੱਕ ਬਿਆਨ ਵਿੱਚ ਕਿਹਾ ਕਿ ਸਾਲਗਾਓਕਰ ਗਰੁੱਪ ਐਂਡ ਐਸੋਸੀਏਟਸ ਵੱਲੋਂ ਵੱਡੇ ਪੱਧਰ 'ਤੇ ਗ਼ੈਰ-ਕਾਨੂੰਨੀ ਲੋਹਾ ਮਾਈਨਿੰਗ ਕੀਤੇ ਜਾਣ ਦੇ ਮਾਮਲੇ ਵਿੱਚ ਮਨੀ ਲਾਂਡਰਿੰਗ ਐਕਟ ਤਹਿਤ 19 ਜੂਨ ਨੂੰ ਇੱਕ ਅਸਥਾਈ ਹੁਕਮ ਜਾਰੀ ਕੀਤਾ ਗਿਆ ਸੀ। ਈ.ਡੀ ਅਨੁਸਾਰ ਜ਼ਬਤ ਕੀਤੀਆਂ ਗਈਆਂ ਸੰਪਤੀਆਂ ਵਿੱਚ ਭਾਰਤ ਵਿੱਚ ਸਥਿਤ 99 ਅਚੱਲ ਸੰਪਤੀਆਂ (ਕੀਮਤ 459.10 ਕਰੋੜ ਰੁਪਏ), ਸਿੰਗਾਪੁਰ ਵਿੱਚ 31 ਅਚੱਲ ਸੰਪਤੀਆਂ (ਕੀਮਤ 471.32 ਕਰੋੜ ਰੁਪਏ) ਅਤੇ ਭਾਰਤੀ ਕੰਪਨੀਆਂ ਵਿੱਚ ਇਕੁਇਟੀ ਸ਼ੇਅਰ (ਕੀਮਤ 93.42 ਕਰੋੜ ਰੁਪਏ) ਸ਼ਾਮਲ ਹਨ। ਇਹ ਸੰਪਤੀਆਂ ਸਵਰਗੀ ਅਨਿਲ ਸਾਲਗਾਓਕਰ ਦੀ ਸੰਪਤੀ ਦੇ ਨਾਮ 'ਤੇ ਸਾਲਗਾਓਕਰ ਮਾਈਨਿੰਗ ਇੰਡਸਟਰੀਜ਼, ਸ਼ਾਂਤੀਲਾਲ ਖੁਸ਼ਾਲਦਾਸ ਐਂਡ ਬ੍ਰਦਰਜ਼, ਐਸ ਕਾਂਤੀਲਾਲ ਐਂਡ ਕੰਪਨੀ, ਸਲੀਥੋ ਓਰਸ, ਵਰਟੈਕਸ ਨਿਊਟਨ ਪ੍ਰੋਜੈਕਟਸ ਅਤੇ ਸੁਬਰਨਰੇਖਾ ਪੋਰਟ ਦੇ ਨਾਮ 'ਤੇ ਹਨ। ਈਡੀ ਦੇ ਅਨੁਸਾਰ ਇਹਨਾਂ ਸੰਪਤੀਆਂ ਦੀ ਕੁੱਲ ਕੀਮਤ 1,023.85 ਕਰੋੜ ਰੁਪਏ ਹੈ। ਇਹ ਮਨੀ ਲਾਂਡਰਿੰਗ ਜਾਂਚ ਗੋਆ ਪੁਲਿਸ ਦੀ ਸੀ.ਆਈ.ਡੀ. ਦੀ ਐਫ.ਆਈ.ਆਰ. ਨਾਲ ਜੁੜੀ ਹੋਈ ਹੈ। ਈ.ਡੀ. ਨੇ ਕਿਹਾ ਕਿ ਸੁਪਰੀਮ ਕੋਰਟ ਨੇ ਆਪਣੇ • ਬਾਕੀ ਸਫ਼ਾ 2 'ਤੇ

# ਭਾਜਪਾ ਆਗੂ ਦੀ ਪੰਜਾਬੀਆਂ ਦੇ ਜਜ਼ਬਾਤਾਂ ਤੇ ਕੀਤੀ ਟਿੱਪਣੀ ਨਿੰਦਣਯੋਗ : ਵਿਕਰਮ ਸਿੰਘ ਬਾਜਵਾ



**ਸਾਹਨੇਵਾਲ/ਰਵੀ ਭਾਟੀਆ**

ਭਾਜਪਾ ਆਗੂ ਦੀ ਪੰਜਾਬੀਆਂ ਤੇ ਕੀਤੀ ਟਿੱਪਣੀ ਬੇਹੱਦ ਨਿੰਦਣ ਯੋਗ ਹੈ ਇਸ ਲਈ ਭਾਜਪਾ ਨੂੰ ਤੁਰੰਤ ਆਪਣੇ ਚੰਡੀਗੜ੍ਹ ਇਕਾਈ ਦੇ ਪ੍ਰਧਾਨ ਦੇ ਇਸ ਬਿਆਨ ਤੇ ਸਮੁੱਚੇ ਪੰਜਾਬ ਤੋਂ ਮਾਫੀ ਮੰਗਣੀ ਚਾਹੀਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਸਾਹਨੇਵਾਲ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਵਿਕਰਮ ਸਿੰਘ ਬਾਜਵਾ ਨੇ ਪੱਤਰਕਾਰਾਂ ਨਾਲ ਕੀਤਾ। ਉਹਨਾਂ ਕਿਹਾ ਕਿ ਪੰਜਾਬੀ ਆਪਣੇ ਜਜ਼ਬਾਤਾਂ ਤੋਂ ਹਮੇਸ਼ਾ ਕੰਮ ਲੈਂਦੇ ਹਨ। ਉਸੇ ਦਾ ਨਤੀਜਾ ਹੈ ਕਿ ਜਦੋਂ ਵੀ ਦੇਸ਼ ਦੇ ਅੰਦਰ ਕੋਈ ਭੀੜ ਪੈਂਦੀ ਹੈ ਤਾਂ ਪੰਜਾਬੀ ਸਭ ਤੋਂ ਮੂਹਰੇ ਹੋ ਕੇ ਲੜਾਈ ਲੜਦੇ ਹਨ ਅਤੇ ਜੇਕਰ ਪੂਰੀ ਦੁਨੀਆ ਅੰਦਰ ਕਿਸੇ ਸੂਬੇ ਅੰਦਰ ਆਫਤ ਆਉਂਦੀ ਹੈ ਤਾਂ ਵੀ ਪੰਜਾਬੀ ਹਮੇਸ਼ਾ ਸਭ ਤੋਂ ਮੋਹਰੀ ਹੋ ਕੇ ਉਹਨਾਂ ਦੀ ਮਦਦ ਕਰਦੇ ਹਨ। ਉਹਨਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਹੁਣ ਤੱਕ ਹਮੇਸ਼ਾ ਪੰਜਾਬੀ ਦੇਸ਼ ਦੀ ਏਕਤਾ ਅਖੰਡਤਾ ਅਤੇ ਆਪਸੀ ਭਾਈਚਾਰਕ ਸਾਂਝ ਲਈ ਮੋਹਰੀ ਭੂਮਿਕਾ ਨਿਭਾਉਂਦੇ ਰਹੇ ਹਨ ਕਿਉਂਕਿ ਪੰਜਾਬੀ ਹਮੇਸ਼ਾ ਆਪਣੇ ਦਿਲ ਤੋਂ ਕੰਮ ਲੈਂਦੇ ਹਨ ਅਤੇ ਭਾਜਪਾ ਦੀਆਂ ਇਹੀ ਪੰਜਾਬ ਵਿਰੋਧੀ ਨੀਤੀਆਂ ਕਰਕੇ ਹੀ ਪੰਜਾਬੀ ਭਾਜਪਾ ਨੂੰ ਕਿਸੇ ਕੀਮਤ ਤੇ ਪਸੰਦ ਨਹੀਂ ਕਰਦੇ ਇਸ ਮੌਕੇ ਉਹਨਾਂ ਦੇ ਨਾਲ ਕੌਂਸਲਰ ਕਰਨ ਅਨੇਜਾ ਵੀ ਹਾਜ਼ਰ ਸਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਮਨਾਇਆ ਅੰਤਰਰਾਸ਼ਟਰੀ ਯੋਗ ਦਿਵਸ

**ਜਲੰਧਰ/ਬਲਵਿੰਦਰ ਕੁਮਾਰ**

ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਅੱਜ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਵਿਸ਼ਾਲ ਸਮਾਗਮ ਕਰਵਾਇਆ ਗਿਆ, ਜਿਸ ਦਾ ਉਦੇਸ਼ ਕਾਨੂੰਨੀ ਅਤੇ ਨਿਆਂਇਕ ਜਗਤ ਨਾਲ ਜੁੜੀਆਂ ਸ਼ਖਸੀਅਤਾਂ ਵਿੱਚ ਸਰੀਰਕ ਤੇ ਮਾਨਸਿਕ ਤੰਦਰੁਸਤੀ ਅਤੇ ਸਮੁੱਚੀ ਸਿਹਤ ਨੂੰ ਉਤਸ਼ਾਹਿਤ ਕਰਨਾ ਸੀ। ਇਹ ਸਮਾਗਮ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪ੍ਰਿਯਾ ਸੂਦ ਅਤੇ ਸੀ.ਜੇ.ਐਮ.-ਕਮ-ਸਕੱਤਰ ਰਾਹੁਲ ਕੁਮਾਰ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਪ੍ਰਮੁੱਖ ਨਿਆਂਇਕ ਹਸਤੀਆਂ ਨੇ ਸਮਾਗਮ ਵਿੱਚ ਹਿੱਸਾ ਲਿਆ, ਜਿਨ੍ਹਾਂ ਵਿੱਚ ਪਰਮਿੰਦਰ ਸਿੰਘ ਰਾਏ, ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਜਲੰਧਰ, ਪਰਸਮੀਤੀ ਰਿਸ਼ੀ, ਵਿਸ਼ੇਸ਼ ਰੇਲਵੇ ਮੈਜਿਸਟ?ਰੇਟ ਜਲੰਧਰ, ਅਰਜੁਨ ਸਿੰਘ ਸੰਧੂ, ਸਮੀਕਸ਼ਾ ਜੈਨ, ਜਸਪ੍ਰੀਤ ਸਿੰਘ (ਸਾਰੇ ਜੇ. ਐਮ. ਆਈ. ਸੀ./ਸੀ. ਜੇ. ਜੇ. ਡੀ., ਜਲੰਧਰ), ਨਵੀਤ ਕੁਮਾਰ ਢੱਲ, ਡਿਪਟੀ ਚੀਫ ਲੀਗਲ ਐਡ ਡਿਫੈਂਸ ਕੌਂਸਲ ਜਲੰਧਰ, ਜਗਨ ਨਾਥ, ਸੀਨੀਅਰ ਸਹਾਇਕ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼ਾਮਲ ਹਨ। ਇਸ ਦੇ ਨਾਲ ਹੀ ਨਿਆਂਇਕ ਸਟਾਫ਼ ਦੇ ਸਮਰਪਿਤ ਮੈਂਬਰਾਂ ਅਤੇ ਬਾਰ ਐਸੋਸੀਏਸ਼ਨ ਜਲੰਧਰ ਦੇ ਕਾਨੂੰਨੀ ਮਾਹਿਰਾਂ ਨੇ ਵੀ ਇਸ ਸਿਹਤ ਸੰਭਾਲ ਮੁਹਿੰਮ ਨੂੰ ਸਫਲ ਬਣਾਉਣ ਲਈ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਸਮਾਗਮ ਦੌਰਾਨ, ਮਹਿਲਾ ਪਤੰਜਲੀ ਯੋਗ ਸਮਿਤੀ (ਹਰਿਦੁਆਰ) ਜਲੰਧਰ ਦੀਆਂ ਮੈਂਬਰ ਅਤੇ ਪੇਸ਼ੇਵਰ ਯੋਗ ਇੰਸਟ੍ਰਕਟਰਜ਼ ਰੇਖਾ, ਰੇਣੂ ਕਪੂਰ ਅਤੇ ਸਰੋਜ ਸੇਠੀ ਨੇ ਹਾਜ਼ਰੀਨ ਦੀ ਅਗਵਾਈ ਕੀਤੀ।



ਉਨ੍ਹਾਂ ਨੇ ਤਣਾਅ ਨੂੰ ਘੱਟ ਕਰਨ ਅਤੇ ਇਕਾਗਰਤਾ ਵਧਾਉਣ ਲਈ ਤਿਆਰ ਕੀਤੇ ਗਏ ਵੱਖ-ਵੱਖ ਯੋਗ ਆਸਣਾਂ, ਪ੍ਰਾਣਾਯਾਮ (ਸਾਹ ਲੈਣ ਦੀਆਂ ਕ੍ਰਿਆਵਾਂ) ਅਤੇ ਮੈਡੀਟੇਸ਼ਨ (ਧਿਆਨ) ਤਕਨੀਕਾਂ ਦਾ ਪ੍ਰਦਰਸ਼ਨ ਕੀਤਾ। ਇੰਸਟ?ਰਕਟਰਾਂ ਨੇ ਭਾਗੀਦਾਰਾਂ ਨੂੰ ਸਹੀ ਸਥਿਤੀ (ਅਲਾਈਨਮੈਂਟ) ਬਾਰੇ ਦੱਸਿਆ ਅਤੇ ਹਰੇਕ ਅਭਿਆਸ ਦੇ ਲੰਬੇ ਸਮੇਂ ਦੇ ਸਿਹਤ ਲਾਭਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਜ਼ਿਲ੍ਹਾ ਅਤੇ ਸੈਸ਼ਨ ਜੱਜ ਪ੍ਰਿਯਾ ਸੂਦ ਨੇ ਇਸ ਮੌਕੇ ਕਿਹਾ ਕਿ ਯੋਗ ਸੰਤੁਲਿਤ ਮਨ ਅਤੇ ਸਰੀਰ ਨੂੰ ਪ੍ਰਾਪਤ ਕਰਨ ਲਈ ਇੱਕ ਮਹੱਤਵਪੂਰਣ ਸਾਧਨ ਹੈ। ਕਾਨੂੰਨੀ ਖੇਤਰ ਦੇ ਉੱਚ-ਦਬਾਅ ਵਾਲੇ ਮਾਹੌਲ ਨੂੰ ਦੇਖਦੇ ਹੋਏ ਸਰਵਉੱਤਮ ਮਾਨਸਿਕ ਸਿਹਤ ਅਤੇ ਪੇਸ਼ੇਵਰ ਕਾਰਜਕੁਸ਼ਲਤਾ ਨੂੰ ਬਣਾਈ ਰੱਖਣ ਲਈ ਯੋਗ ਨੂੰ ਰੋਜ਼ਾਨਾ ਦੀ ਦਿਨਚਰਿਆ ਵਿੱਚ ਸ਼ਾਮਲ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਮੁਫ਼ਤ ਕਾਨੂੰਨੀ ਸਹਾਇਤਾ, ਮੀਡੀਏਸ਼ਨ ਦੀ ਉਪਲਬਧਤਾ ਅਤੇ ਲੋਕ ਅਦਾਲਤਾਂ ਦੀ ਮਹੱਤਤਾ ਬਾਰੇ ਵੀ ਵਿਸਥਾਰ ਨਾਲ ਚਾਨਣਾ ਪਾਇਆ। ਉਨ੍ਹਾਂ ਨੇ ਅੱਗੇ ਦੱਸਿਆ ਕਿ ਮੁਫ਼ਤ ਕਾਨੂੰਨੀ ਸੇਵਾਵਾਂ ਦਾ ਲਾਭ ਲੈਣ ਲਈ ਲੋਕ ਡੀ.ਐਲ.ਐਸ.ਏ. , ਜਲੰਧਰ ਤੱਕ ਪਹੁੰਚ ਕਰ ਸਕਦੇ ਹਨ ਜਾਂ ਟੋਲ-ਫ?ਰੀ ਨੰਬਰ 15100 'ਤੇ ਸੰਪਰਕ ਕਰ ਸਕਦੇ ਹਨ। ਵਿਸ਼ੇਸ਼ ਰੇਲਵੇ ਮੈਜਿਸਟ੍ਰੇਟ ਪਰਸਮੀਤੀ ਰਿਸ਼ੀ ਨੇ ਇਸ ਸਮਾਗਮ ਨੂੰ ਸ਼ਾਨਦਾਰ ਢੰਗ ਨਾਲ ਸਫਲ ਬਣਾਉਣ ਲਈ ਇੰਸਟ੍ਰਕਟਰਾਂ, ਨਿਆਂਇਕ ਅਧਿਕਾਰੀਆਂ, ਸਟਾਫ਼ ਅਤੇ ਬਾਰ ਮੈਂਬਰਾਂ ਦਾ ਧੰਨਵਾਦ ਪ੍ਰਗਟਾਇਆ। ਉਨ੍ਹਾਂ ਦੁਹਰਾਇਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਕਾਨੂੰਨੀ ਜਾਗਰੂਕਤਾ ਫੈਲਾਉਣ ਅਤੇ ਨਿਆਂਇਕ ਪ੍ਰਣਾਲੀ ਦੇ ਅੰਦਰ ਸਿਹਤ ਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ, ਦੋਵਾਂ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਹ ਸੈਸ਼ਨ ਸਾਰੇ ਹਾਜ਼ਰੀਨ ਵਲੋਂ ਇੱਕ ਸਿਹਤਮੰਦ ਅਤੇ ਤਣਾਅ-ਮੁਕਤ ਭਵਿੱਖ ਲਈ ਯੋਗ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਇੱਕ ਅਨਿੱਖੜਵਾਂ ਅੰਗ ਬਣਾਉਣ ਦੇ ਸਮੂਹਿਕ ਸੰਕਲਪ ਨਾਲ ਸਮਾਪਤ ਹੋਇਆ।

# ਸ੍ਰੀ ਮੁਕਤਸਰ ਸਾਹਿਬ ਵਿਖੇ ਕਾਰ 'ਚੋਂ ਹੈਰੋਇਨ ਸਮੇਤ 2 ਕਾਬੂ

**ਸ੍ਰੀ ਮੁਕਤਸਰ ਸਾਹਿਬ** : ਨਸ਼ਾ ਸਮੱਗਲਰਾਂ ਖ਼ਿਲਾਫ ਵਿੱਢੀ ਮੁਹਿੰਮ ਤਹਿਤ ਸ੍ਰੀ ਮੁਕਤਸਰ ਸਾਹਿਬ ਪੁਲਸ ਨੂੰ ਮਲੋਟ- ਸ੍ਰੀ ਮੁਕਤਸਰ ਸਾਹਿਬ ਰੋਡ 'ਤੇ ਚੈਕਿੰਗ ਦੌਰਾਨ ਇਕ ਚਿੱਟੇ ਰੰਗ ਦੀ ਵਰਨਾ ਕਾਰ 'ਚੋਂ ਨਸ਼ੀਲਾ ਪਦਾਰਥ (ਹੈਰੋਇਨ) ਬਰਾਮਦ ਕਰ ਕੇ 2 ਨੌਜਵਾਨਾਂ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਮਿਲੀ ਜਾਣਕਾਰੀ ਮੁਤਾਬਕ ਥਾਣੇਦਾਰ ਬਲਵਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਅਤੇ ਗਸ਼ਤ ਦੇ ਸਬੰਧ ਵਿਚ ਮਲੋਟ-ਸ੍ਰੀ ਮੁਕਤਸਰ ਸਾਹਿਬ ਰੋਡ 'ਤੇ ਸਥਿਤ ਸੇਮਨਾਲਾ, ਬਿਜਲੀ ਘਰ ਦੇ ਸਾਹਮਣੇ ਮੌਜੂਦ ਸੀ। ਇਸੇ ਦੌਰਾਨ ਪਿੰਡ ਰੁਪਾਣਾ ਵੱਲੋਂ ਆ ਰਹੀ ਇੱਕ ਚਿੱਟੇ ਰੰਗ ਦੀ ਵਰਨਾ ਕਾਰ ਨੂੰ ਜਦੋਂ ਪੁਲਿਸ ਨੇ ਰੁਕਣ ਦਾ ਇਸ਼ਾਰਾ ਕੀਤਾ, ਤਾਂ ਡਰਾਈਵਰ ਨੇ ਘਬਰਾ ਕੇ ਗੱਡੀ ਨੂੰ ਪਿੱਛੇ ਮੋੜਨ ਜਾਂ ਰੋਕਣ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਕਰਮਚਾਰੀਆਂ ਨੇ ਤੁਰੰਤ ਮੁਸਤੈਦੀ ਦਿਖਾਉਂਦੇ ਹੋਏ ਕਾਰ ਨੂੰ ਘੇਰ ਕੇ ਰੋਕ ਲਿਆ ਪੁਲਿਸ ਵੱਲੋਂ ਗੱਡੀ ਦੀ ਬਾਰੀਕੀ ਨਾਲ ਤਲਾਸ਼ੀ ਲਈ ਗਈ, ਤਾਂ ਕਾਰ ਦੇ ਗੇਅਰ ਲੀਵਰ ਕੋਲੋਂ ਇਕ ਚਿੱਟੇ ਰੰਗ ਦੇ ਮੋਮੀ ਕਾਗਜ਼ (ਲਿਫ਼ਾਫ਼ੇ) ਵਿਚ ਲਪੇਟਿਆ ਹੋਇਆ ਨਸ਼ੀਲਾ ਪਦਾਰਥ ਬਰਾਮਦ ਹੋਇਆ। ਪਿਲਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਦੋਵਾਂ ਮੁਲਜ਼ਮਾਂ ਦੀ ਪਛਾਣ ਪ੍ਰਿੰਸ ਉਰਫ਼ ਪਾਰਸ ਪੁੱਤਰ ਸਚਿਨ ਕੁਮਾਰ (ਵਾਸੀ ਬੈਟਾਬਾਦ, ਵਾਰਡ ਨੰਬਰ 12, ਗਿੱਦੜਬਾਹਾ) - ਜੋ ਕਾਰ ਦੀ ਡਰਾਈਵਰ ਸੀਟ 'ਤੇ ਬੈਠਾ ਸੀ ਅਤੇ ਰਜਤ ਕੁਮਾਰ ਪੁੱਤਰ ਰਾਜੇਸ਼ ਕੁਮਾਰ (ਵਾਸੀ ਗੋਨੇਆਣਾ ਰੋਡ, ਗਲੀ ਨੰਬਰ 06)-ਜੋ ਕੰਡਕਟਰ ਸੀਟ 'ਤੇ ਸਵਾਰ ਸੀ , ਵਜੋਂ ਹੋਈ ਹੈ।

# 20,000 ਰੁਪਏ ਰਿਸ਼ਵਤ ਲੈਂਦੀ ਸਬ-ਇੰਸਪੈਕਟਰ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਗ੍ਰਿਫਤਾਰ

**ਜਲੰਧਰ/ਬਲਵਿੰਦਰ ਕੁਮਾਰ**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਪੁਲਿਸ ਸਟੇਸ਼ਨ ਫਿਲੌਰ ਜ਼ਿਲ੍ਹਾ ਜਲੰਧਰ ਵਿਖੇ ਤਾਇਨਾਤ ਸਬ-ਇੰਸਪੈਕਟਰ ਅਮਨਦੀਪ ਕੌਰ ਨੂੰ 20000 ਰੁਪਏ ਦੀ ਰਿਸ਼ਵਤ ਲੈਂਦੇ ਰੰਗੇ ਹੱਥੀਂ ਕਾਬੂ ਕੀਤਾ ਹੈ। ਅੱਜ ਇੱਥੇ ਇਹ ਜਾਣਕਾਰੀ ਸਾਂਝਂ ਕਰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਦੋਸ਼ੀ ਨੂੰ ਮੁਹੱਲਾ ਚੌਧਰੀਆਂ, ਫਿਲੌਰ ਥਾਣਾ ਜ਼ਿਲ੍ਹਾ ਜਲੰਧਰ ਦੇ ਇੱਕ ਨਿਵਾਸੀ ਦੁਆਰਾ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਹੈ ਕਿ ਉਸਦੇ ਪੁੱਤਰ ਨੂੰ ਨਸ਼ੀਲੇ ਪਦਾਰਥਾਂ ਦੇ ਇੱਕ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਦੋਸ਼ੀ ਐਸ.ਆਈ. ਨੇ ਜ਼ਮਾਨਤ ਦਿਵਾਉਣ ਵਿੱਚ ਮਦਦ ਕਰਨ ਲਈ ਘੱਟ ਮਾਤਰਾ ਵਿੱਚ ਨਸ਼ੀਲੇ ਪਦਾਰਥਾਂ ਨਾਲ ਕੇਸ ਦਰਜ ਕਰਨ ਅਤੇ ਉਸਦਾ ਮੋਬਾਈਲ ਫੋਨ ਵਾਪਸ ਕਰਨ ਲਈ 20,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ। ਮਜਬੂਰੀ ਵਿੱਚ, ਉਸਨੇ 1000 ਰੁਪਏ ਬਤੌਰ ਰਿਸ਼ਵਤ ਪਹਿਲਾਂ



ਹੀ ਅਦਾ ਕਰ ਦਿੱਤੇ ਸਨ। ਸ਼ਿਕਾਇਤਕਰਤਾ ਨੇ ਰਿਸ਼ਵਤ ਦੀ ਮੰਗ ਸੰਬੰਧੀ ਪੂਰੀ ਗੱਲਬਾਤ ਵੀ ਰਿਕਾਰਡ ਕਰ ਲਈ ਸੀ। ਗੈਰ-ਕਾਨੂੰਨੀ ਰਿਸ਼ਵਤ ਦੇਣ ਲਈ ਤਿਆਰ ਨਾ ਹੋਣ ਕਾਰਨ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਰੇਂਜ ਜਲੰਧਰ ਨਾਲ ਸੰਪਰਕ ਕੀਤਾ। ਉਸਦੀ ਸ਼ਿਕਾਇਤ 'ਤੇ ਕਾਰਵਾਈ ਕਰਦੇ ਹੋਏ, ਵਿਜੀਲੈਂਸ ਬਿਊਰੋ ਦੀ ਟੀਮ ਨੇ ਦੋਸ਼ੀ ਐਸ.ਆਈ. ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 20,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ। ਉਸਦੇ ਕਬਜ਼ੇ ਵਿੱਚੋਂ ਦਾਗ਼ੀ ਕਰੰਸੀ ਨੋਟ ਬਰਾਮਦ ਕੀਤੇ ਗਏ। ਇਸ ਸਬੰਧ ਵਿੱਚ, ਦੋਸ਼ੀ ਵਿਰੁੱਧ ਵਿਜੀਲੈਂਸ ਬਿਊਰੋ ਪੁਲਿਸ ਸਟੇਸ਼ਨ ਜਲੰਧਰ ਵਿਖੇ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਫੈਕਟਰੀ 'ਚ ਅਮੋਨੀਆ ਗੈਸ ਲੀਕ ਹੋਣ ਨਾਲ 7 ਦੀ ਮੌਤ

**ਤਿਰੁਵੱਲੁਰ** : ਤਾਮਿਲਨਾਡੂ ਦੇ ਪੇਰੀਆਪਾਲਾਯਮ ਨੇੜੇ ਮੰਜਨਗਾਰਨਈ ਵਿੱਚ ਇੱਕ ਨਿੱਜੀ ਸੀਫੂਡ (ਸਮੁੰਦਰੀ ਭੋਜਨ ਤਿਆਰ ਕਰਨ ਵਾਲੀ) ਫੈਕਟਰੀ ਵਿੱਚ ਅਮੋਨੀਆ ਗੈਸ ਲੀਕ ਹੋਣ ਕਾਰਨ ਵੱਡਾ ਹਾਦਸਾ ਵਾਪਰਿਆ ਹੈ। ਇਸ ਗੈਸ ਦੀ ਲਪੇਟ ਵਿੱਚ ਆਉਣ ਕਾਰਨ ਐਤਵਾਰ ਨੂੰ ਇਲਾਜ ਦੌਰਾਨ ਸੱਤ ਔਰਤਾਂ ਦੀ ਮੌਤ ਹੋ ਗਈ। ਤਿਰੁਵੱਲੂਰ ਦੇ ਜ਼ਿਲ੍ਹਾ ਕਲੈਕਟਰ (ਡੀ ਸੀ) ਐੱਸ ਕਵਿਤਾ ਨੇ ਦੱਸਿਆ ਕਿ ਪ੍ਰਭਾਵਿਤ ਹੋਏ ਕੁੱਲ 67 ਮਜ਼ਦੂਰਾਂ ਨੂੰ ਤੁਰੰਤ ਸਥਾਨਕ ਮੈਡੀਕਲ ਕੇਂਦਰਾਂ ਵਿੱਚ ਪਹੁੰਚਾਇਆ ਗਿਆ। ਉਨ੍ਹਾਂ ਦੇ ਮੁਤਾਬਕ, 46 ਮਜ਼ਦੂਰਾਂ ਦਾ ਇਲਾਜ ਵੇਲਸ ਹਸਪਤਾਲ ਵਿੱਚ ਅਤੇ 21 ਦਾ ਵੈਂਕਟੇਸ਼ਵਰ ਹਸਪਤਾਲ ਵਿੱਚ ਚੱਲ ਰਿਹਾ ਹੈ। ਸਭ ਤੋਂ ਗੰਭੀਰ ਰੂਪ ਵਿੱਚ ਬਿਮਾਰ 9 ਮਰੀਜ਼ਾਂ ਨੂੰ ਐਂਬੂਲੈਂਸਾਂ ਰਾਹੀਂ ਚੇਨਈ ਦੇ ਸਰਕਾਰੀ ਸਟੈਨਲੀ ਮੈਡੀਕਲ ਕਾਲਜ ਹਸਪਤਾਲ ਵਿੱਚ ਭੇਜਿਆ ਗਿਆ ਹੈ। ਇੱਕ ਨਿੱਜੀ ਹਸਪਤਾਲ ਦੇ ਸੀਨੀਅਰ ਡਾਕਟਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਗੈਸ ਚੜ੍ਹਨ ਕਾਰਨ ਬਿਮਾਰ ਹੋਏ ਮਜ਼ਦੂਰਾਂ ਵਿੱਚੋਂ ਬਹੁਤੀਆਂ 24 ਤੋਂ 25 ਸਾਲ ਦੀ ਉਮਰ ਦੀਆਂ ਔਰਤਾਂ ਹਨ ।ਡਾਕਟਰ ਨੇ ਦੱਸਿਆ, "ਮਰੀਜ਼ ਜਿਉਂਦੇ ਹਨ ਅਤੇ ਅਸੀਂ ਉਨ੍ਹਾਂ ਦੀ ਨਬਜ਼ ਤੇ ਬਲੱਡ ਪ੍ਰੈਸ਼ਰ ਦੀ ਲਗਾਤਾਰ ਜਾਂਚ ਕਰ ਰਹੇ ਹਾਂ, ਹਾਲਾਂਕਿ ਇਸ ਵੇਲੇ ਉਨ੍ਹਾਂ ਦਾ ਬਲੱਡ ਪ੍ਰੈਸ਼ਰ ਕਾਫ਼ੀ ਘੱਟ ਹੈ । ਕਿਉਂਕਿ ਉਹ ਉਮਰ ਵਿੱਚ ਨੌਜਵਾਨ ਹਨ, ਇਸ ਲਈ ਸਾਨੂੰ ਪੂਰੀ ਉਮੀਦ ਹੈ ਕਿ ਉਹ ਠੀਕ ਹੋ ਜਾਣਗੇ । ਇਸ ਦੇ ਨਾਲ ਹੀ, ਅਸੀਂ 4 ਤੋਂ 5 ਜ਼ਿਆਦਾ ਗੰਭੀਰ ਮਰੀਜ਼ਾਂ ਨੂੰ ਵਧੀਆ ਇਲਾਜ ਲਈ ਸਰਕਾਰੀ ਹਸਪਤਾਲ ਵਿੱਚ ਸ਼ਿਫਟ ਕਰਨ ਦਾ ਬੰਦੋਬਸਤ ਵੀ ਕਰ ਰਹੇ ਹਾਂ।" ਦੂਜੇ ਪਾਸੇ, ਡੀ ਸੀ ਕਵਿਤਾ ਨੇ ਬਚਾਅ ਕਾਰਜਾਂ ਦਾ ਜਾਇਜ਼ਾ ਲੈਣ ਲਈ ਫੈਕਟਰੀ ਦਾ ਦੌਰਾ ਕੀਤਾ ਅਤੇ ਹਸਪਤਾਲਾਂ ਵਿੱਚ ਜਾ ਕੇ ਮਰੀਜ਼ਾਂ ਦਾ ਹਾਲ-ਚਾਲ ਪੁੱਛਿਆ।

# ਬਾਣੀ ਵਿਚਾਰ ਚੇਤਨਾ ਮੰਚ ਪੰਜਾਬ ਨੇ ਕਰਵਾਇਆ ਗੁਰੂ ਰਵਿਦਾਸ ਜੀ ਬਾਰੇ ਚੌਥਾ ਸੈਮੀਨਾਰ

**ਸ੍ਰੀ ਫ਼ਤਿਹਗੜ੍ਹ ਸਾਹਿਬ** : ਬਾਣੀ ਵਿਚਾਰ ਚੇਤਨਾ ਮੰਚ ਪੰਜਾਬ ਰਜਿ. ਵੱਲੋਂ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਕੌਮੀ ਤੇ ਕੌਮਾਂਤਰੀ ਪੱਧਰ ਤੇ ਕਰਾਏ ਜਾ ਰਹੇ ਸੈਮੀਨਾਰਾਂ ਦੀ ਲੜੀ ਵਿਚ ਅੱਜ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦਾ ਸੈਮੀਨਾਰ ਪਿੰਡ ਪੰਜੋਲੀ ਵਿਖੇ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਯਾਦਗਾਰੀ ਭਵਨ ਵਿਚ ਹੋਇਆ। ਸੈਮੀਨਾਰ ਵਿਚ ਕੁੰਜੀਵਤ ਭਾਸ਼ਣ ਦਿੰਦਿਆਂ ਮਹਾਰਾਜਾ ਭੁਪਿੰਦਰਾ ਸਪੋਰਟਸ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ ਨੇ ਕਿਹਾ ਕਿ ਜਦੋਂ ਗੁਰੂ ਰਵਿਦਾਸ, ਸ਼?ਰੋਮਣੀ ਸੰਤ ਕਬੀਰ ਆਦਿ ਭਗਤੀ ਲਹਿਰ ਚਲਾਉਣ ਦੇ ਮੋਢੀਆਂ ਨੇ ਅਵਾਜ਼ ਬੁਲੰਦ ਕੀਤੀ ਉਸ ਸਮਾਂ ਬੜਾ ਭਿਆਨਕ ਸੀ। ਉਸ ਵੇਲੇ ਸ਼ੂਦਰ, ਅਤਿ ਸ਼ੂਦਰ, ਅਛੂਤ, ਅਤਿ ਅਛੂਤ ਦੇ ਨਾਵਾਂ ਨਾਲ ਮਨੁੱਖ ਨੂੰ ਸਮਾਜ ਤੋਂ ਵੱਖਰਾ ਪ੍ਰਾਣੀ ਬਣਾਇਆ ਜਾ ਰਿਹਾ ਸੀ, ਗੁਰੂ ਰਵਿਦਾਸ ਜੀ ਦੀ ਉਸ ਵੇਲੇ ਇਸ ਦੇ ਵਿਰੋਧ ਵਿਚ ਉੱਚੀ ਅਵਾਜ਼ ਨੇ ਬ੍ਰਾਹਮਣ ਨੂੰ ਸਿੱਧਾ ਚੈਲੰਜ ਕੀਤਾ, ਜਿਸ ਨੂੰ ਸਿਖਰ ਤੇ ਗੁਰੂ ਗੋਬਿੰਦ ਸਿੰਘ ਨੇ ਪਹੁੰਚਾ ਦਿੱਤਾ। ਮੁੱਖ ਪੇਪਰ ਪੜ੍ਹਦਿਆਂ ਉੱਘੇ ਲੇਖਕ ਤੇ ਚਿੰਤਕ ਨਵਤੇਜ ਗੜ੍ਹਦੀਵਾਲਾ ਨੇ ਕਿਹਾ ਕਿ



ਗੁਰੂ ਰਵਿਦਾਸ ਨੇ ਮਨੁੱਖ ਨੂੰ ਸਾਰੇ ਅਡੰਬਰਾਂ, ਵਹਿਮਾਂ ਭਰਮਾ ਤੋਂ ਦੂਰ ਕਰਦਿਆਂ ਮਨੁੱਖ ਨੂੰ ਸਿੱਧਾ 'ਸਤਨਾਮ' ਨਾਲ ਜੋੜਿਆ, ਜਿਸ ਦਾ ਸ਼ਬਦ ਗੁਰੂ ਸੰਕਲਪ ਸਾਰੇ ਕਰਮ ਕਾਂਡਾਂ ਨੂੰ ਤਹਿਸ ਨਹਿਸ ਕਰ ਗਿਆ। ਉਨ੍ਹਾਂ ਦੀ ਬਾਣੀ ਦੀ ਚੇਤਨਾ ਦੀ ਅੱਜ ਦੁਖਾਂਤ ਵਿਚੋਂ ਗੁਜ਼ਰ ਰਹੇ ਸਮਾਜ ਨੂੰ ਬਹੁਤ ਲੋੜ ਹੈ। ਐਸਜੀਪੀਸੀ ਦੇ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਗੁਰੂ ਰਵਿਦਾਸ ਸਮੇਤ ਸਾਰੇ ਗੁਰੂਆਂ ਦੇ ਜੀਵਨ ਬਾਰੇ ਸਾਨੂੰ ਜਾਣਨ ਦੀ ਲੋੜ ਹੈ। ਪ੍ਰਧਾਨਗੀ ਭਾਸ਼ਣ ਦਿੰਦਿਆਂ ਫਤਿਹਜੰਗ ਸਿੰਘ ਚੰਡੀਗੜ੍ਹ ਨੇ ਕਿਹਾ ਜਾਤ ਪਾਤ ਦਾ ਕਹਿਰ ਅੱਜ ਵੀ ਸਾਡੇ ਤੇ ਕਰੂਰਤਾ ਨਾਲ ਜ਼ੁਲਮ ਕਰ ਰਿਹਾ ਹੈ, ਜਿਸ ਦੀਆਂ ਮਿਸਾਲਾਂ ਭਾਰਤ ਵਿਚ ਕਈ ਥਾਵਾਂ ਤੇ ਮਿਲ ਜਾਂਦੀਆਂ ਹਨ, ਜਿਸ ਪੱਥਰ ਯੁੱਗ ਵਿਚੋਂ ਸਾਨੂੰ ਗੁਰੂ ਰਵਿਦਾਸ ਤੇ ਹੋਰ ਗੁਰੂ ਸਾਹਿਬਾਨਾਂ ਨੇ ਕੱਢਿਆ ਸੀ ਅਸੀਂ ਅੱਜ ਫੇਰ ਉਸੇ ਪਾਸੇ ਵੱਧ ਰਹੇ ਹਾਂ। ਮੰਚ ਦੇ ਸੂਬਾ ਪ੍ਰਧਾਨ ਗੁਰਨਾਮ ਸਿੰਘ ਅਕੀਦਾ ਦੀ ਅਗਵਾਈ ਵਿਚ ਹੋਏ ਇਸ ਸੈਮੀਨਾਰ ਦਾ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦੇ ਸੈਮੀਨਾਰ ਕੋਆਰਡੀਨੇਟਰ ਨਿਰਭੈ ਸਿੰਘ ਰੁੜਕੀ ਨੇ ਸਾਰਾ ਪ੍ਰਬੰਧ ਸੰਭਾਲਿਆ। ਧੰਨਵਾਦ ਡਾ. ਗੁਰਮੀਤ ਕਲੱਰਮਾਜਰੀ ਨੇ ਕੀਤਾ, ਜਦ ਕਿ ਸਤਵਿੰਦਰ ਸਿੰਘ ਟੌਹੜਾ ਮੈਂਬਰ ਐਸਜੀਪੀਸੀ, ਪ੍ਰੋ. ਬਲਦੇਵ ਸਿੰਘ ਬੱਲੀ, ਗੁਰਨਾਮ ਸਿੰਘ ਤਹਿਸੀਲਦਾਰ, ਤਰਸੇਮ ਦੀਵਾਨਾ, ਇੰਜ. ਸਤਨਾਮ ਸਿੰਘ ਮੱਟੂ, ਬਾਬਾ ਦਰਸ਼ਨ ਸਿੰਘ ਟੌਹੜਾ, ਬਾਬਾ ਹਰਜਿੰਦਰ ਸਿੰਘ ਭੱਲਮਾਜਰਾ ਨੇ ਵੀ ਸੰਬੋਧਨ ਕੀਤਾ।

●----- ਸਫ਼ਾ 1 ਦਾ ਬਾਕੀ -----●

## 27 ਕਿਲੋ ਹੈਰੋਇਨ ਬਰਾਮਦ

ਪਹਿਲਾਂ ਨਾਲੋਂ ਵੀ ਵਧੇਰੇ ਸਖ਼ਤ ਅਤੇ ਚੌਕਸ ਕਰ ਦਿੱਤਾ ਗਿਆ ਹੈ। ਪੁਲਿਸ ਅਤੇ ਬੀ.ਐਸ.ਐਫ. ਵੱਲੋਂ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਇਸ ਅੰਤਰਰਾਸ਼ਟਰੀ ਤਸਕਰੀ ਰੈਕੇਟ ਨਾਲ ਜੁੜੇ ਭਾਰਤੀ ਨਸ਼ਾ ਤਸਕਰਾਂ ਅਤੇ ਸਥਾਨਕ ਲਿੰਕਸ ਦੀ ਪਛਾਣ ਕਰਨ ਲਈ ਸਥਾਨਕ ਪੱਧਰ 'ਤੇ ਵੀ ਪੁੱਛਗਿੱਛ ਅਤੇ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ ਤਾਂ ਜੋ ਉਨ੍ਹਾਂ ਨੂੰ ਜਲਦ ਤੋਂ ਜਲਦ ਕਾਬੂ ਕੀਤਾ ਜਾ ਸਕੇ। ਬੀ.ਐਸ.ਐਫ. ਅਤੇ ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ ਨੇ ਸਾਂਝੇ ਤੌਰ 'ਤੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਦੇਸ਼ ਵਿਰੋਧੀ ਅਨਸਰਾਂ ਅਤੇ ਸਰਹੱਦ ਪਾਰੋਂ ਹੋਣ ਵਾਲੀ ਹਰ ਇੱਕ ਨਸ਼ਾ ਤਸਕਰੀ ਦੀ ਕੋਸ਼ਿਸ਼ ਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਪੂਰੀ ਤਾਕਤ ਨਾਲ ਨਾਕਾਮ ਬਣਾਇਆ ਜਾਵੇਗਾ ਅਤੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਮੁਹਿੰਮ ਲਗਾਤਾਰ ਜਾਰੀ ਰਹੇਗੀ।

ਆਧੁਨਿਕ ਪਿਸਤੌਲਾਂ (ਵਿਦੇਸ਼ੀ) ਅਤੇ ਗੋਲਾ-ਸਿੱਕੇ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਬਟਾਲਾ ਦੇ ਵੱਡਾ ਥੇਥਰਕੇ ਦੇ ਵਸਨੀਕ ਅਨਮੋਲ ਸਿੰਘ ਉਰਫ਼ ਮੋਹਲਾ, ਬਟਾਲਾ ਦੇ ਸ਼ਾਹਪੁਰ ਜਾਜਨ ਦੇ ਵਸਨੀਕ ਜਗਰੂਪ ਸਿੰਘ ਉਰਫ਼ ਰੂਪਾ ਅਤੇ ਅੰਮ੍ਰਿਤਸਰ ਦੇ ਗੇਟ ਹਕੀਮਾਂ ਵਿਖੇ ਕਾਵਰੀਆਂ ਵਾਲੀ ਪੁਲੀ ਦੇ ਵਸਨੀਕ ਮੋਹਿਤ ਕੁਮਾਰ ਉਰਫ਼ ਜੋਬਨ ਵਜੋਂ ਹੋਈ ਹੈ। ਇਹ ਸਫ਼ਲਤਾ ਇੱਕ ਹੋਰ ਮੁਲਜ਼ਮ ਨੂੰ ਪਹਿਲਾਂ 26 ਆਧੁਨਿਕ ਹਥਿਆਰਾਂ, ਜਿਨ੍ਹਾਂ ਵਿੱਚ ਏਕੇ-47 ਰਾਈਫਲ ਅਤੇ 25 ਪਿਸਤੌਲਾਂ ਸ਼ਾਮਲ ਸਨ, ਸਮੇਤ ਗ੍ਰਿਫ਼ਤਾਰ ਕੀਤੇ ਜਾਣ ਤੋਂ ਕੁਝ ਸਮੇਂ ਬਾਅਦ ਹੀ ਸਾਹਮਣੇ ਆਈ ਹੈ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਅਨੁਸਾਰ ਗ੍ਰਿਫ਼ਤਾਰ ਮੁਲਜ਼ਮ ਵਿਦੇਸ਼-ਅਧਾਰਤ ਗੈਂਗਸਟਰਾਂ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ, ਜੋ ਪੰਜਾਬ ਵਿੱਚ ਗੈਂਗਵਾਰ, ਜਬਰੀ ਵਸੂਲੀ ਅਤੇ ਹੋਰ ਗ਼ੈਰਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਹਨ।

## ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਹੋਈ 'ਨੀਟ' ਪ੍ਰੀਖਿਆ

ਕਮਿਸ਼ਨਰਾਂ ਨੂੰ ਪ੍ਰੀਖਿਆ ਲਈ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ, ਜਿਨ੍ਹਾਂ ਦੀ ਸਿੱਧੀ ਦੇਖਰੇਖ ਹੇਠ ਇਹ ਪ੍ਰੀਖਿਆ ਹੋ ਰਹੀ ਹੈ। ਸੁਰੱਖਿਆ ਬਣਾਉਣ ਲਈ ਸੈਂਟਰਾਂ ਉੱਤੇ ਸਥਾਨਕ ਪੁਲੀਸ ਦੇ ਨਾਲ-ਨਾਲ ਕੇਂਦਰੀ ਰਿਜ਼ਰਵ ਪੁਲੀਸ ਬਲ ਦੇ ਜਵਾਨਾਂ ਨੂੰ ਤਾਇਨਾਤ ਕੀਤਾ ਗਿਆ ਹੈ। ਸਭ ਤੋਂ ਅਹਿਮ ਗੱਲ ਇਹ ਹੈ ਕਿ ਪ੍ਰੀਖਿਆ ਸਮੱਗਰੀ (ਪ੍ਰਸ਼ਨ ਪੱਤਰ ਅਤੇ ਓ.ਐਮ.ਆਰ. ਸ਼ੀਟਾਂ) ਨੂੰ ਕਸਟੋਡੀਅਨ ਬੈਂਕਾਂ ਤੋਂ ਪ੍ਰੀਖਿਆ ਕੇਂਦਰਾਂ ਤੱਕ ਲਿਜਾਣ ਲਈ ਵਿਸ਼ੇਸ਼ ਸੁਰੱਖਿਅਤ ਵਾਹਨਾਂ ਦਾ ਪ੍ਰਬੰਧ ਕੀਤਾ ਗਿਆ ਹੈ। ਇਨ੍ਹਾਂ ਵਾਹਨਾਂ ਦੀ ਸੁਰੱਖਿਆ ਲਈ ਪੁਲੀਸ ਅਤੇ ਸੀ.ਆਰ.ਪੀ.ਐਫ ਦੇ ਹਥਿਆਰਬੰਦ ਜਵਾਨ ਨਾਲ ਰਹਿਣਗੇ ਅਤੇ ਹਰ ਇੱਕ ਵਾਹਨ ਨੂੰ ਪੂਰੀ ਸੁਰੱਖਿਆ ਦੇ ਨਾਲ ਐਸਕਾਰਟ ਕਰਕੇ ਸੈਂਟਰਾਂ ਤੱਕ ਪਹੁੰਚਾਇਆ ਜਾ ਰਿਹਾ ਹੈ ਤਾਂ ਜੋ ਕੋਈ ਵੀ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ। ਹੈਦਰਾਬਾਦ ਵਿੱਚ ਇੱਕ ਪ੍ਰੀਖਿਆਰਥੀ ਵਲੋਂ ਕਥਿਤ ਤੌਰ 'ਤੇ ਖੁਦਕੁਸ਼ੀ ਕਰ ਲੈਣ ਦੀ ਸੂਚਨਾ ਮਿਲੀ ਹੈ । ਪੁਲਿਸ ਨੇ ਐਤਵਾਰ ਨੂੰ ਇਸ ਦੀ ਜਾਣਕਾਰੀ ਦਿੱਤੀ। ਘਟਨਾ ਦੀ ਸੂਚਨਾ ਮਿਲਣ 'ਤੇ ਪਹੁੰਚੀ ਪੁਲਿਸ ਵਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਮੁੱਢਲੀ ਜਾਂਚ ਦੇ ਆਧਾਰ 'ਤੇ ਇੱਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ 19 ਸਾਲਾ ਲੜਕੀ ਆਪਣੀਆਂ ਭੈਣਾਂ ਨਾਲ ਮੀਆਂਪੁਰ ਦੇ ਇੱਕ ਅਪਾਰਟਮੈਂਟ ਵਿੱਚ ਰਹਿ ਰਹੀ ਸੀ। ਇਸ ਦੌਰਾਨ ਸ਼ਨੀਵਾਰ ਨੂੰ ਕਥਿਤ ਤੌਰ 'ਤੇ ਉਸ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਉਨ੍ਹਾਂ ਕਿਹਾ ਕਿ ਪੁਲਿਸ ਨੂੰ ਮ੍ਰਿਤਕਾ ਵੱਲੋਂ ਕਥਿਤ ਤੌਰ 'ਤੇ ਲਿਖਿਆ ਇੱਕ ਨੋਟ ਮਿਲਿਆ ਹੈ, ਜਿਸ ਵਿੱਚ ਉਸਨੇ ਕਿਹਾ ਸੀ ਕਿ "ਉਸਦੀ ਮੌਤ ਲਈ ਕੋਈ ਜ਼ਿੰਮੇਵਾਰ ਨਹੀਂ ਹੈ।" ਪੁਲਿਸ ਨੂੰ ਸ਼ੱਕ ਹੈ ਕਿ ਉਸ ਨੇ ਇਹ ਸਖ਼ਤ ਕਦਮ ਐਤਵਾਰ ਨੂੰ ਹੋਣ ਵਾਲੀ ਰਾਸ਼ਟਰੀ ਯੋਗਤਾ ਕਮ ਪ੍ਰਵੇਸ਼ ਪ੍ਰੀਖਿਆ ਦੀ ਮੁੜ ਪ੍ਰੀਖਿਆ ਦੇ "ਦਬਾਅ" ਨੂੰ ਸਹਿਣ ਵਿੱਚ ਅਸਮਰੱਥ ਹੋਣ ਕਾਰਨ ਚੁੱਕਿਆ ਹੈ।

## ਸਪੀਕਰ ਸੰਧਵਾਂ ਵੱਲੋਂ ਪਿਤਾ ਦਿਵਸ ਮੌਕੇ...

ਸੰਧਵਾਂ ਨੇ ਕਿਹਾ,"ਪਿਤਾ ਸਾਡੀ ਜਵਾਨੀ ਵਿੱਚ ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਹਮਦਰਦੀ ਦੀ ਭਾਵਨਾ ਦਾ ਸੰਚਾਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ," । ਉਨ੍ਹਾਂ ਕਿਹਾ, "ਸਾਡੇ ਅਮੀਰ ਪੰਜਾਬੀ ਸੱਭਿਆਚਾਰ ਅਤੇ ਸ਼ਾਨਾਮੱਤੀ ਵਿਰਾਸਤ ਵਿੱਚ ਬਜ਼ੁਰਗਾਂ ਅਤੇ ਪਿਤਾਵਾਂ ਦਾ ਬਹੁਤ ਸਤਿਕਾਰ ਕੀਤਾ ਜਾਂਦਾ ਹੈ। ਉਹ ਸਾਡੀ ਸੰਯੁਕਤ ਪਰਿਵਾਰ ਪ੍ਰਣਾਲੀ ਦੇ ਸੂਤਰਧਾਰ ਵਜੋਂ ਕੰਮ ਕਰਦੇ ਹਨ, ਰਹੁ-ਰੀਤਾਂ, ਇਮਾਨਦਾਰੀ ਅਤੇ ਸਮਾਜਿਕ ਜ਼ਿੰਮੇਵਾਰੀ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਂਦੇ ਹਨ।" ਸਪੀਕਰ ਨੇ ਬੱਚਿਆਂ ਨੂੰ ਆਪਣੇ ਮਾਪਿਆਂ ਨੂੰ ਪਿਆਰ ਕਰਨ, ਸਤਿਕਾਰ ਦੇਣ ਅਤੇ ਸੁਹਿਰਦਤਾ ਨਾਲ ਉਨ੍ਹਾਂ ਦੀ ਦੇਖਭਾਲ ਕਰਨ ਦੀ ਅਪੀਲ ਕੀਤੀ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਪਿਤਾ ਦਿਵਸ ਦਾ ਅਸਲ ਜਸ਼ਨ ਚੜ੍ਹਦੀ ਉਮਰ ਦੇ ਸਾਲਾਂ ਵਿੱਚ ਬਜ਼ੁਰਗਾਂ ਦੀ ਦੇਖਭਾਲ ਕਰਨ ਵਿੱਚ ਹੈ। ਉਨ੍ਹਾਂ ਪੰਜਾਬ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਾ ਸਿਰਫ਼ ਸਮਾਜਿਕ ਬੁਰਾਈਆਂ ਤੋਂ ਦੂਰ ਰਹਿ ਕੇ, ਇਮਾਨਦਾਰੀ ਨਾਲ ਕੰਮ ਕਰਨ ਲਈ ਸਮਰਪਣ ਨਾਲ ਆਪਣੇ ਪਿਤਾਵਾਂ ਦੀਆਂ ਕੁਰਬਾਨੀਆਂ ਦਾ ਸਨਮਾਨ ਕਰਨ ਸਗੋਂ ਸੂਬੇ ਦੀ ਤਰੱਕੀ ਵਿੱਚ ਵੀ ਯੋਗਦਾਨ ਪਾਉਣ।

## ਤਿੰਨ ਮੁਲਜ਼ਮ ਪਿਸਤੌਲਾਂ ਸਣੇ ਗ੍ਰਿਫ਼ਤਾਰ

ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ) ਅੰਮ੍ਰਿਤਸਰ ਅਤੇ ਕਾਊਂਟਰ ਇੰਟੈਲੀਜੈਂਸ (ਸੀਆਈ) ਜਲੰਧਰ ਨੇ ਕੇਂਦਰੀ ਏਜੰਸੀ ਦੇ ਤਾਲਮੇਲ ਜ਼ਰੀਏ ਵਿਦੇਸ਼-ਅਧਾਰਤ ਹੈਂਡਲਰਾਂ ਨਾਲ ਸਬੰਧਤ ਗੈਂਗਸਟਰ ਮਾਡਿਊਲ ਦਾ ਪਰਦਾਫਾਸ਼ ਕਰਕੇ ਇਸਦੇ ਤਿੰਨ ਕਾਰਕੁਨਾਂ ਨੂੰ ਤਿੰਨ

## ਪੰਜਾਬੀਆਂ ਦੇ ਹੱਥ ਨਵਾਂ ਪੰਜਾਬ ਸਿਰਜਣ ਦਾ...

ਕਿ ਭਾਰਤੀ ਜਨਤਾ ਪਾਰਟੀ ਦੇਸ਼ ਦੇ ਹਰ ਵਰਗ ਦੀ ਭਲਾਈ ਅਤੇ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ-ਹਿਤੈਸ਼ੀ ਯੋਜਨਾਵਾਂ ਦਾ ਲਾਭ ਸਮਾਜ ਦੇ ਆਖਰੀ ਵਿਅਕਤੀ ਤਕ ਪਹੁੰਚਾਉਣ ਲਈ ਪਾਰਟੀ ਦਾ ਹਰ ਵਰਕਰ ਪੂਰੀ ਤਨਦੇਹੀ ਨਾਲ ਕੰਮ ਕਰ ਰਿਹਾ ਹੈ । ਉਨ੍ਹਾਂ ਪੰਜਾਬ 'ਚ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਅਤੇ ਆਉਣ ਵਾਲੇ ਸਮੇਂ 'ਚ ਭਾਜਪਾ ਨੂੰ ਲੋਕਾਂ ਦਾ ਪਹਿਲਾ ਵਿਸ਼ਵਾਸ ਬਣਾਉਣ ਲਈ ਵਰਕਰਾਂ ਨੂੰ ਇਕਜੁੱਟ ਹੋ ਕੇ ਕੰਮ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਹੁਣ ਨਵੇਂ ਪੰਜਾਬ ਦੀ ਸਿਰਜਣਾ ਕਰਨ ਦਾ ਮੌਕਾ ਪੰਜਾਬੀਆਂ ਹੱਥ ਹੈ। ਇਸ ਮੌਕੇ ਉਨ੍ਹਾਂ ਨਾਲ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ, ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਤੇ ਰਾਜ ਸਭਾ ਮੈਂਬਰ ਤਰੁਣ ਚੁੱਘ ਵੀ ਸਨ।

## ਲਹਿਰਾ ਮੁਹੱਬਤ ਗੁਰੂ ਹਰਗੋਬਿੰਦ ਥਰਮਲ...

ਸ਼ਾਮ ਤੱਕ ਚਾਲੂ ਹੋ ਜਾਵੇਗਾ। ਇਹ ਮੁੱਦਾ ਠੇਕੇ 'ਤੇ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਹੜਤਾਲ ਕਾਰਨ ਪੈਦਾ ਹੋਇਆ ਹੈ। ਉਨ੍ਹਾਂ ਅੱਗੇ ਕਿਹਾ ਕਿ ਕਾਮੇ ਠੇਕੇਦਾਰਾਂ ਰਾਹੀਂ ਨੌਕਰੀ 'ਤੇ ਰੱਖਣ ਦੀ ਬਜਾਏ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐਸਪੀਸੀਐਲ) ਨਾਲ ਸਿੱਧੇ ਸੰਪਰਕ ਦੀ ਮੰਗ ਕਰ ਰਹੇ ਸਨ। "ਉਨ੍ਹਾਂ ਦਾ ਅੰਦੋਲਨ 9 ਜੂਨ ਨੂੰ ਸ਼ੁਰੂ ਹੋਇਆ ਸੀ, ਜਦੋਂ ਕਿ ਸਾਰੇ ਠੇਕੇ 'ਤੇ ਕੰਮ ਕਰਨ ਵਾਲੇ ਕਾਮੇ 16 ਜੂਨ ਤੋਂ ਹੜਤਾਲ 'ਤੇ ਚਲੇ ਗਏ ਸਨ । ਅਧਿਕਾਰੀ ਨੇ ਅੱਗੇ ਕਿਹਾ ਕਿ 250 ਮੈਗਾਵਾਟ ਦੀ ਬਿਜਲੀ ਅੱਜ ਬੰਦ ਕਰ ਦਿੱਤੀ ਗਈ ਸੀ ਕਿਉਂਕਿ ਕੰਮ ਬੰਦ ਕੀਤੇ ਬਿਨਾਂ ਫਲਾਈ ਐਸ਼ ਨੂੰ ਸਾਫ਼ ਕਰਨਾ ਸੰਭਵ ਨਹੀਂ ਸੀ। ਟੀਮਾਂ ਪਲਾਂਟ ਨੂੰ ਬਹਾਲ ਕਰਨ ਲਈ ਕੰਮ ਕਰ ਰਹੀਆਂ ਹਨ, ਅਤੇ ਸਾਨੂੰ ਉਮੀਦ ਹੈ ਕਿ ਸ਼ਾਮ ਤੱਕ ਇੱਕ ਹੋਰ ਯੂਨਿਟ ਕੰਮ ਕਰਨਾ ਸ਼ੁਰੂ ਕਰ ਦੇਵੇਗਾ।

## 24 ਜੂਨ ਨੂੰ ਮੋਹਾਲੀ ਵਿਖੇ ਕਰਵਾਈ ਜਾਵੇਗੀ...

ਸਾਬਤ ਹੋਵੇਗੀ, ਜਿੱਥੇ ਭਾਗੀਦਾਰ ਆਪਣੀਆਂ ਸਮੱਸਿਆਵਾਂ ਅਤੇ ਸੁਝਾਅ ਸਾਂਝੇ ਕਰ ਸਕਣਗੇ ਅਤੇ ਆਪਣੇ ਜ਼ਿਲ੍ਹਿਆਂ ਅਤੇ ਸੂਬੇ ਨਾਲ ਸਬੰਧਤ ਮਾਮਲਿਆਂ ਦੇ ਹੱਲ ਲਈ ਸਰਕਾਰ ਨਾਲ ਸਿੱਧੀ ਗੱਲਬਾਤ ਕਰ ਸਕਣਗੇ। ਇਸ ਪਹਿਲਕਦਮੀ ਦੀ ਮਹੱਤਤਾ ਉਜਾਗਰ ਕਰਦਿਆਂ ਡਾ. ਰਵਜੋਤ ਸਿੰਘ ਨੇ ਕਿਹਾ ਕਿ ਇਸ ਸਮਾਗਮ ਦੇ ਮੁੱਖ ਉਦੇਸ਼ ਐਨ.ਆਰ.ਆਈ. ਭਾਈਚਾਰੇ ਨਾਲ ਸਾਰਥਕ ਸੰਪਰਕ ਨੂੰ ਉਤਸ਼ਾਹਿਤ ਕਰਨਾ, ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਪ੍ਰਭਾਵਸ਼ਾਲੀ ਅਤੇ ਪਾਰਦਰਸ਼ੀ ਢੰਗ ਨਾਲ ਨਿਪਟਾਰਾ ਕਰਨਾ ਅਤੇ ਸ਼ਿਕਾਇਤ ਨਿਵਾਰਣ ਲਈ ਮੌਜੂਦਾ ਸੰਸਥਾਗਤ ਪ੍ਰਣਾਲੀਆਂ ਨੂੰ ਹੋਰ ਮਜ਼ਬੂਤ ਕਰਨਾ ਹਨ। ਉਨ੍ਹਾਂ ਕਿਹਾ ਕਿ ਐਨ.ਆਰ.ਆਈ. ਮਾਮਲੇ ਵਿਭਾਗ ਇਸ ਉਪਰਾਲੇ ਰਾਹੀਂ ਆਪਣੀ ਪਹੁੰਚ ਨੂੰ ਹੋਰ ਵਿਸਤਾਰ ਦੇਣ ਅਤੇ ਪੰਜਾਬ ਅਤੇ ਵਿਸ਼ਵ ਭਰ ਵਿੱਚ ਵੱਸਦੇ ਪੰਜਾਬੀਆਂ ਦਰਮਿਆਨ ਮਜ਼ਬੂਤ ਰਿਸ਼ਤੇ ਨੂੰ ਹੋਰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਐੱਸ.ਏ.ਐੱਸ. ਨਗਰ (ਮੋਹਾਲੀ), ਰੂਪਨਗਰ, ਫ਼ਤਹਿਗੜ੍ਹ ਸਾਹਿਬ ਅਤੇ ਪਟਿਆਲਾ ਜ਼ਿਲ੍ਹਿਆਂ ਨਾਲ ਸਬੰਧਤ ਐਨ.ਆਰ.ਆਈਜ਼ ਨੂੰ ਇਸ ਪ੍ਰੋਗਰਾਮ ਵਿੱਚ ਸ਼ਮੂਲੀਅਤ ਲਈ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਇਨ੍ਹਾਂ ਜ਼ਿਲ੍ਹਿਆਂ ਦੇ ਸਾਰੇ ਯੋਗ ਐਨ.ਆਰ.ਆਈਜ਼ ਨੂੰ ਅਪੀਲ ਕੀਤੀ ਕਿ ਉਹ ਇਸ ਮੌਕੇ ਦਾ ਲਾਭ ਉਠਾਉਣ, ਸੀਨੀਅਰ ਸਰਕਾਰੀ ਅਧਿਕਾਰੀਆਂ ਨਾਲ ਸਿੱਧਾ ਸੰਵਾਦ ਕਰਨ ਅਤੇ ਆਪਣੀਆਂ ਸਮੱਸਿਆਵਾਂ ਸਬੰਧਤ ਅਥਾਰਟੀਆਂ ਦੇ ਧਿਆਨ ਵਿੱਚ ਲਿਆਉਣ। ਉਨ੍ਹਾਂ ਨੇ ਸੁਚਾਰੂ ਪ੍ਰਬੰਧਾਂ ਅਤੇ ਅਗਾਊਂ ਯੋਜਨਾਬੰਦੀ ਨੂੰ ਯਕੀਨੀ ਬਣਾਉਣ ਲਈ ਇੱਛੁਕ ਭਾਗੀਦਾਰਾਂ ਨੂੰ ਆਨਲਾਈਨ ਰਜਿਸਟ?ਰੇਸ਼ਨ ਫਾਰਮ ਰਾਹੀਂ ਆਪਣੀ ਰ ਜਿ ਸ ਟ ਰ ੇ ਸ਼ ਨ https://forms.gle/PZjpvKuEABiPRUFDI ਲਿੰਕ ਰਾਹੀਂ ਕਰਵਾਉਣ ਦੀ ਅਪੀਲ ਵੀ ਕੀਤੀ। ਰਜਿਸਟ੍ਰੇਸ਼ਨ ਦੌਰਾਨ ਭਾਗੀਦਾਰਾਂ ਨੂੰ ਆਪਣਾ ਪੂਰਾ ਨਾਮ, ਪਤਾ, ਸੰਪਰਕ ਨੰਬਰ, ਈ-ਮੇਲ ਆਈ.ਡੀ. ਅਤੇ ਆਪਣੇ ਜ਼ਿਲ੍ਹੇ ਨਾਲ ਸਬੰਧਤ ਕਿਸੇ ਵੀ ਪਹਿਲਾਂ ਦਰਜ ਸ਼ਿਕਾਇਤ ਜਾਂ ਸਮੱਸਿਆ ਦਾ ਵੇਰਵਾ ਸਹੀ ਢੰਗ ਨਾਲ ਮੁਹੱਈਆ ਕਰਵਾਉਣ ਲਈ ਕਿਹਾ ਗਿਆ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਜਾਣਕਾਰੀ ਸਮਾਗਮ ਦੌਰਾਨ ਉਠਾਏ ਜਾਣ ਵਾਲੇ ਮਾਮਲਿਆਂ ਦੇ ਪ੍ਰਭਾਵਸ਼ਾਲੀ ਅਤੇ ਸਮੇਂ ਸਿਰ ਨਿਪਟਾਰੇ ਵਿੱਚ ਵਿਭਾਗ ਦੀ ਸਹਾਇਤਾ ਕਰੇਗੀ। ਡਾ. ਰਵਜੋਤ ਸਿੰਘ ਨੇ ਦੁਹਰਾਇਆ ਕਿ ਪੰਜਾਬ ਸਰਕਾਰ ਐਨ.ਆਰ.ਆਈ. ਭਾਈਚਾਰੇ ਦੇ ਹਿੱਤਾਂ ਦੀ ਰੱਖਿਆ ਕਰਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਜਵਾਬਦੇਹ, ਪਾਰਦਰਸ਼ੀ ਅਤੇ ਲੋਕ-ਕੇਂਦਰਿਤ ਪ੍ਰਸ਼ਾਸਨ ਰਾਹੀਂ ਹੱਲ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਐਨ.ਆਰ.ਆਈ. ਮਿਲਣੀ 2026 ਸੰਵਾਦ, ਸਹਿਯੋਗ ਅਤੇ ਸਮੱਸਿਆਵਾਂ ਦੇ ਹੱਲ ਲਈ ਇੱਕ ਪ੍ਰਭਾਵਸ਼ਾਲੀ ਮੰਚ ਵਜੋਂ ਉਭਰੇਗੀ ਅਤੇ ਨਾਲ ਹੀ ਪੰਜਾਬ ਅਤੇ ਵਿਸ਼ਵ ਭਰ ਵਿੱਚ ਵੱਸਦੇ ਪੰਜਾਬੀਆਂ ਦਰਮਿਆਨ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕਰੇਗੀ। ਕੈਬਨਿਟ ਮੰਤਰੀ ਨੇ ਸਬੰਧਤ ਜ਼ਿਲ੍ਹਿਆਂ ਦੇ ਸਾਰੇ ਯੋਗ ਐਨ.ਆਰ.ਆਈਜ਼ ਨੂੰ ਅਪੀਲ ਕੀਤੀ ਕਿ ਉਹ ਇਸ ਸਮਾਗਮ ਵਿੱਚ ਸਰਗਰਮ ਭਾਗੀਦਾਰੀ ਕਰਨ ਅਤੇ ਵਿਸ਼ਵ ਭਰ ਦੇ ਪੰਜਾਬੀ ਭਾਈਚਾਰੇ ਲਈ ਐਨ.ਆਰ.ਆਈ. ਮਿਲਣੀ 2026 ਨੂੰ ਇੱਕ ਅਰਥਪੂਰਨ ਅਤੇ ਸਫਲ ਸਮਾਗਮ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ।

## ਰਾਮ ਮੰਦਰ ਚੜ੍ਹਾਵਾ ਚੋਰੀ ਮਾਮਲਾ: ਐੱਸ.ਆਈ.ਟੀ....

ਗਿਣਤੀ ਨਾਲ ਜੁੜੇ ਮੁਲਾਜ਼ਮਾਂ, ਟ੍ਰਸਟ ਦੇ ਅਹੁਦੇਦਾਰਾਂ ਅਤੇ ਬੈਂਕ ਅਧਿਕਾਰੀਆਂ ਤੋਂ ਪੁੱਛਗਿੱਛ ਕਰ ਚੁੱਕੀ ਹੈ। ਐੱਸ.ਆਈ.ਟੀ. ਨੂੰ ਇਸ ਦੌਰਾਨ ਕਈ ਬਿੰਦੂਆਂ 'ਤੇ ਖਾਮੀਆਂ ਮਿਲੀਆਂ ਹਨ। ਮਾਮਲਾ ਚਰਚਾ ਵਿੱਚ ਆਉਣ ਤੋਂ ਬਾਅਦ 13 ਜੂਨ ਨੂੰ ਸਰਕਾਰ ਨੇ ਲਖਨਊ ਦੇ ਮੰਡਲ ਕਮਿਸ਼ਨਰ ਡਾ. ਵਿਜੇ ਵਿਸ਼ਵਾਸ ਪੰਤ ਦੀ ਅਗਵਾਈ ਵਿੱਚ ਤਿੰਨ ਮੈਂਬਰੀ ਟੀਮ ਦਾ ਗਠਨ ਕੀਤਾ ਸੀ। 15 ਜੂਨ ਤੋਂ ਟੀਮ ਨੇ ਜਾਂਚ ਸ਼ੁਰੂ ਕੀਤੀ ਸੀ ਅਤੇ ਸੱਤ ਦਿਨਾਂ ਵਿੱਚ ਮੁੱਢਲੀ ਰਿਪੋਰਟ ਦੇਣ ਦੇ ਸਿਲਸਿਲੇ ਵਿੱਚ ਹੁਣ ਇਹ ਟੀਮ ਲਖਨਊ ਵਿੱਚ ਹੈ। ਐੱਸ.ਆਈ.ਟੀ. ਨੇ 9 ਪੈਨ ਡਰਾਈਵਾਂ ਵਿੱਚ ਜ਼ਰੂਰੀ ਦਸਤਾਵੇਜ਼ ਅਤੇ ਸਬੂਤ ਇਕੱਠੇ ਕੀਤੇ ਹਨ। ਇਨ੍ਹਾਂ ਨੂੰ ਸੁਰੱਖਿਅਤ ਕਰ ਲਿਆ ਗਿਆ ਹੈ। ਐੱਸ.ਆਈ.ਟੀ. ਨੇ ਜਾਂਚ ਦੌਰਾਨ ਸ਼ੱਕ ਦੇ ਘੇਰੇ ਵਿੱਚ ਆਏ ਲੋਕਾਂ ਨੂੰ ਸਾਫ਼ ਕਿਹਾ ਹੈ ਕਿ ਬਿਨਾਂ ਪੁੱਛੇ ਅਯੁੱਧਿਆ ਤੋਂ ਬਾਹਰ ਨਾ ਜਾਣ। ਇਸ ਦੇ ਨਾਲ ਹੀ ਟ੍ਰਸਟ ਦੇ ਅਹੁਦੇਦਾਰਾਂ ਦੇ ਵੀ ਜ਼ਿਲ੍ਹੇ ਤੋਂ ਬਾਹਰ ਜਾਣ 'ਤੇ ਰੋਕ ਲਗਾ ਦਿੱਤੀ ਹੈ। ਛੇ ਦਿਨਾਂ ਦੀ ਜਾਂਚ ਤੋਂ ਬਾਅਦ ਐਸਆਈਟੀ ਨੇ ਮੁੱਢਲੀ ਰਿਪੋਰਟ ਤਿਆਰ ਕਰ ਲਈ ਹੈ। ਗੋਲਕਾਂ (ਦਾਨਪਾਤਰਾਂ) ਦੀ ਰਕਮ ਦੀ ਵਰਤੋਂ, ਫਾਲਤੂ ਖਰਚਿਆਂ ਅਤੇ ਜ਼ਮੀਨ ਦੀ ਖਰੀਦ ਨਾਲ ਜੁੜੇ ਮਾਮਲਿਆਂ ਦੀ ਜਾਂਚ ਕੀਤੀ ਗਈ ਹੈ। 2021 ਤੱਕ ਦੇ ਪੁਰਾਣੇ ਰਿਕਾਰਡ ਫਰੋਲੇ ਗਏ ਹਨ ਅਤੇ ਬੈਂਕ ਅਧਿਕਾਰੀਆਂ ਤੋਂ ਵੀ ਪੁੱਛਗਿੱਛ ਹੋਈ ਹੈ।

## ਪੰਜਾਬ 'ਚ ਹਨ੍ਹੇਰੀ ਤੂਫਾਨ ਨਾਲ ਤੇਜ਼ ਬਾਰਸ਼...

ਚੱਲਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਖ਼ਰਾਬ ਮੌਸਮ ਦੌਰਾਨ ਸੁਚੇਤ ਰਹਿਣ। ਮੌਸਮ ਵਿਭਾਗ ਮੁਤਾਬਕ 25 ਜੂਨ ਤੱਕ ਮੌਸਮ ਸਾਫ਼ ਹੋ ਜਾਵੇਗਾ ਅਤੇ ਪੂਰੇ ਪੰਜਾਬ 'ਚ ਕੋਈ ਵਿਸ਼ੇਸ਼ ਚਿਤਾਵਨੀ ਜਾਰੀ ਨਹੀਂ ਕੀਤੀ ਹੈ। ਮੌਸਮ ਪੂਰੀ ਤਰ੍ਹਾਂ ਖ਼ੁਸ਼ਕ ਰਹਿਣ ਦੀ ਸੰਭਾਵਨਾ ਜਤਾਈ ਗਈ ਹੈ ਅਤੇ ਤਾਪਮਾਨ ਵਿਚ ਵੀ ਵਾਧਾ ਹੋ ਸਕਦਾ ਹੈ।

## ਈਡੀ ਵੱਲੋਂ 1,000 ਕਰੋੜ ਤੋਂ ਵੱਧ ਦੀ ਸੰਪਤੀ ਜ਼ਬਤ

2014 ਅਤੇ 2018 ਦੇ ਫ਼ੈਸਲਿਆਂ ਵਿੱਚ ਇਹ ਮੰਨਿਆ ਹੈ ਕਿ 22.11.2007 ਤੋਂ ਬਾਅਦ ਗੋਆ ਵਿੱਚ ਕੀਤੀ ਗਈ ਸਾਰੀ ਮਾਈਨਿੰਗ ਗ਼ੈਰ-ਕਾਨੂੰਨੀ ਸੀ।

ਏਜੰਸੀ ਨੇ ਦੋਸ਼ ਲਾਇਆ ਕਿ ਉਸਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਏ.ਵੀ.ਐਸ. ਗਰੁੱਪ ਨੇ 2007-12 ਦੌਰਾਨ ਦਸ ਮਾਈਨਿੰਗ ਪੱਟਿਆਂ ਦਾ ਸੰਚਾਲਨ ਕੀਤਾ ਅਤੇ ਲੋਹੇ ਦੀ ਗ਼ੈਰ-ਕਾਨੂੰਨੀ ਮਾਈਨਿੰਗ, ਵਿਕਰੀ ਅਤੇ ਨਿਰਯਾਤ ਰਾਹੀਂ 2,492.95 ਕਰੋੜ ਰੁਪਏ ਦੀ ਅਪਰਾਧਿਕ ਕਮਾਈ ਹਾਸਲ ਕੀਤੀ।

# ਲੋਕ ਮਿਲਣੀਆਂ ਰਾਹੀਂ ਜ਼ਮੀਨੀ ਪੱਧਰ 'ਤੇ ਮਸਲਿਆਂ ਦਾ ਹੱਲ ਯਕੀਨੀ ਬਣਾਇਆ ਜਾ ਰਿਹੈ : ਮੋਹਿੰਦਰ ਭਗਤ

### ਕਿਹਾ, ਪੰਜਾਬ ਸਰਕਾਰ ਸੂਬੇ ਦੇ ਹਰ ਵਰਗ ਦੀ ਭਲਾਈ ਤੇ ਬਿਹਤਰੀ ਲਈ ਲਗਾਤਾਰ ਯਤਨਸ਼ੀਲ

**ਜਲੰਧਰ/ਬਲਵਿੰਦਰ ਕੁਮਾਰ**

ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਐਤਵਾਰ ਸ਼ਾਮ ਸ਼ਹਿਰ ਦੇ ਵਾਰਡ ਨੰ. 60 ਦੇ ਕਟਹਿਰਾ ਮੁਹੱਲਾ ਵਿਖੇ ਲੋਕ ਮਿਲਣੀ ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਦੇ ਢੁੱਕਵੇਂ ਹੱਲ ਦਾ ਭਰੋਸਾ ਦਿਵਾਇਆ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀਆਂ ਲੋਕ ਮਿਲਣੀਆਂ ਪਹਿਲਕਦਮੀਆਂ ਨਾਗਰਿਕ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਅਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਯੋਗ ਹੱਲ ਯਕੀਨੀ ਬਣਾਉਣ ਲਈ ਪ੍ਰਭਾਵਸ਼ਾਲੀ ਸਾਧਨ ਸਾਬਤ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰੋਗਰਾਮਾਂ ਰਾਹੀਂ ਜ਼ਮੀਨੀ ਪੱਧਰ 'ਤੇ ਮਸਲਿਆਂ ਦਾ ਹੱਲ ਯਕੀਨੀ ਬਣਾਇਆ ਜਾ ਰਿਹਾ ਹੈ। ਇਸ ਮੌਕੇ ਮੇਅਰ ਵਿਨੀਤ ਧੀਰ ਵੀ ਮੌਜੂਦ ਸਨ। ਸ੍ਰੀ ਭਗਤ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਵਰਗ ਦੀ ਭਲਾਈ ਅਤੇ ਉਨ੍ਹਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਲਈ ਲਗਾਤਾਰ ਯਤਨਸ਼ੀਲ ਹੈ, ਜਿਸ ਤਹਿਤ ਸਿੱਖਿਆ, ਸਿਹਤ, ਰੋਜ਼ਗਾਰ, ਬੁਨਿਆਦੀ ਢਾਂਚਾ, ਸਮਾਜਿਕ ਸੁਰੱਖਿਆ



ਸਮੇਤ ਵੱਖ-ਵੱਖ ਖੇਤਰਾਂ ਵਿੱਚ ਅਨੇਕਾਂ ਲੋਕ-ਪੱਖੀ ਪਹਿਲਕਦਮੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੇ ਆਮ ਆਦਮੀ ਕਲੀਨਿਕ ਸਥਾਪਤ ਕਰਕੇ ਜਿਥੇ ਸੂਬੇ ਦੇ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਹਨ ਉਥੇ 10 ਲੱਖ ਰੁਪਏ ਤੱਕ ਦੇ ਨਕਦੀ ਰਹਿਤ ਇਲਾਜ ਦੀ ਸੁਵਿਧਾ ਪ੍ਰਦਾਨ ਕਰਨ ਲਈ ਮੁੱਖ ਮੰਤਰੀ ਸਿਹਤ ਯੋਜਨਾ ਲਾਗੂ ਕੀਤੀ ਹੈ, ਜਿਸ ਸਦਕਾ ਲੋਕਾਂ ਦੀ ਇਲਾਜ ਨੂੰ ਲੈ ਕੇ ਚਿੰਤਾ ਖ਼ਤਮ ਹੋਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ 600 ਯੂਨਿਟ ਮੁਫ਼ਤ ਬਿਜਲੀ ਰਾਹੀਂ ਸੂਬੇ ਦੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਹੈ। ਸ੍ਰੀ ਭਗਤ ਨੇ ਕਿਹਾ ਕਿ ਸੂਬਾ ਸਰਕਾਰ ਨੇ ਮਹਿਲਾਵਾਂ ਦੀ ਭਲਾਈ ਤੇ ਆਰਥਿਕ ਸਸ਼ਕਤੀਕਰਨ ਨੂੰ ਯਕੀਨੀ ਬਣਾਉਣ ਲਈ ਮਾਵਾਂ-ਧੀਆਂ ਸਤਿਕਾਰ ਯੋਜਨਾ ਲਾਗੂ ਕੀਤੀ ਹੈ, ਜਿਸ ਤਹਿਤ ਜਨਰਲ ਵਰਗ ਦੀਆਂ ਯੋਗ ਮਹਿਲਾਵਾਂ ਨੂੰ 1000 ਰੁਪਏ ਅਤੇ ਐਸ.ਸੀ. ਵਰਗ ਦੀਆਂ ਮਹਿਲਾਵਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਮਿਲਣਗੇ। ਉਨ੍ਹਾਂ ਲੋਕਾਂ ਨੂੰ ਸਰਕਾਰ ਦੀਆਂ ਇਨ੍ਹਾਂ ਪ੍ਰਮੁੱਖ ਯੋਜਨਾਵਾਂ ਦਾ ਪੂਰਾ ਲਾਭ ਲੈਣ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਤੇ ਸੂਬੇ ਦੇ ਵਿਕਾਸ ਲਈ ਲਗਾਤਾਰ ਕੰਮ ਕਰ ਰਹੀ ਹੈ ਅਤੇ ਆਉਣ ਵਾਲੇ ਸਮੇਂ 'ਚ ਵੀ ਵਿਕਾਸ ਕਾਰਜਾਂ ਦੀ ਇਹ ਲੜੀ ਜਾਰੀ ਰਹੇਗੀ। ਇਸ ਮੌਕੇ ਕੌਂਸਲਰ ਗੁਰਜੀਤ ਸਿੰਘ ਘੁੰਮਣ ਅਤੇ ਵੱਡੀ ਗਿਣਤੀ ਇਲਾਕਾ ਵਾਸੀ ਮੌਜੂਦ ਸਨ।

ਸੰਪਾਦਕੀ

# ਬਚਾਅ ਵਿੱਚ ਹੀ ਬਚਾਅ

ਝੂਲਾ ਟੁੱਟਣ ਦੇ ਹਾਦਸਿਆਂ ਪੰਜਾਬ ਵਿੱਚ ਮੇਲਿਆਂ ਦੌਰਾਨ ਝੂਲੇ ਟੁੱਟਣ ਦੇ ਹਾਦਸੇ ਅਕਸਰ ਸੁਰੱਖਿਆ 'ਚ ਕਮੀ ਤੇ ਨਿਗਰਾਨੀ ਦੀ ਘਾਟ ਕਾਰਨ ਹੁੰਦੇ ਰਹੇ ਹਨ। ਸ਼ਨੀਵਾਰ ਨੂੰ ਫ਼?ਲੌਰ ਵਿਖੇ ਡੇਰਾ ਬਾਬਾ ਬ੍ਰਹਮਦਾਸ ਮੇਲੇ ਵਿੱਚ ਲੱਗੇ ਵੱਡੇ ਝੂਲੇ ਦੇ ਨਟ-ਬੋਲਟ ਅਚਾਨਕ ਟੁੱਟ ਗਏ ਤੇ ਝੂਲਾ ਵਿਚਕਾਰੋਂ ਹੀ ਟੁੱਟ ਕੇ ਹੇਠਾਂ ਡਿੱਗ ਪਿਆ। ਉਸ ਵੇਲੇ ਝੂਲੇ 'ਚ ਕਰੀਬ 30 ਲੋਕ ਬੈਠੇ ਸਨ। 4 ਲੋਕ ਗੰਭੀਰ ਰੂਪ 'ਚ ਜ਼ਖ਼ਮੀ ਹੋਏ। ਝੂਲੇ ਦੇ ਹੇਠਾਂ ਖੜ੍ਹੇ ਲੋਕ ਵੀ ਲਪੇਟ 'ਚ ਆ ਗਏ। ਹਾਦਸੇ ਤੋਂ ਬਾਅਦ ਝੂਲਾ ਮਾਲਕ ਮੌਕੇ ਤੋਂ ਫ਼ਰਾਰ ਹੋ ਗਿਆ। ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ ਤੇ ਵਰਕਰਾਂ ਕੋਲੋਂ ਪੁੱਛਗਿੱਛ ਚੱਲ ਰਹੀ ਹੈ। ਝੂਲਾ ਟੁੱਟਣ ਦੇ ਆਮ ਕਾਰਨ ਜੋ ਸਾਹਮਣੇ ਆਉਂਦੇ ਹਨ, ਉਹਨਾਂ ਵਿੱਚ ਨਟ-ਬੋਲਟ ਢਿੱਲੇ ਹੋਣਾ, ਜਿਵੇਂ ਫ਼?ਲੌਰ ਵਾਲੇ ਹਾਦਸੇ 'ਚ ਹੋਇਆ, ਸਮੇਂ ਸਿਰ ਮੇਨਟੇਨੈਂਸ ਨਾ ਹੋਣਾ, ਮੇਲਿਆਂ 'ਚ ਅਸਥਾਈ ਤੌਰ 'ਤੇ ਲੱਗਣ ਵਾਲੇ ਝੂਲਿਆਂ ਦੀ ਸਹੀ ਚੈਕਿੰਗ ਨਾ ਹੋਣਾ, ਸਮਰੱਥਾ ਤੋਂ ਵੱਧ ਲੋਕਾਂ ਨੂੰ ਬਿਠਾਉਣਾ, ਮਾਲਕਾਂ ਦਾ ਫ਼ਰਾਰ ਹੋਣਾ ਹਾਦਸੇ ਤੋਂ ਬਾਅਦ ਜ਼ਿੰਮੇਵਾਰੀ ਤੋਂ ਭੱਜ ਜਾਣਾ ਕਈ ਸਵਾਲ ਖੜ੍ਹੇ ਕਰਦਾ ਹੈ। ਪੰਜਾਬ ਦੇ ਮੇਲਿਆਂ 'ਚ ਝੂਲੇ ਟੁੱਟਣ ਦੀਆਂ ਖ਼ਬਰਾਂ ਪਹਿਲਾਂ ਵੀ ਆਉਂਦੀਆਂ ਰਹੀਆਂ ਹਨ। ਮੋਹਾਲੀ, ਲੁਧਿਆਣਾ, ਅੰਮ੍ਰਿਤਸਰ ਦੇ ਮੇਲਿਆਂ 'ਚ ਵੀ ਛੋਟੇ-ਵੱਡੇ ਹਾਦਸੇ ਹੋਏ ਹਨ। ਅਕਸਰ ਪ੍ਰਸ਼ਾਸਨ ਵੱਲੋਂ ਮੇਲੇ ਤੋਂ ਬਾਅਦ ਹੀ ਸਖ਼ਤੀ ਕੀਤੀ ਜਾਂਦੀ ਹੈ। ਮੇਲੇ 'ਤੇ ਜਾਣ ਵੇਲੇ ਰਸਤੇ 'ਚ ਵੀ ਹਾਦਸੇ ਹੋ ਜਾਂਦੇ ਹਨ, ਜਿਵੇਂ ਬਟਾਲਾ 'ਚ ਮੇਲੇ 'ਤੇ ਜਾ ਰਹੇ ਨੌਜਵਾਨਾਂ ਦਾ ਟਰੈਕਟਰ ਪਲਟਣ ਨਾਲ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ। ਲੋਕਾਂ ਨੂੰ ਮੇਲਿਆਂ ਵਿਚ ਪ੍ਰਸ਼ਾਸਨ ਦੀ ਮਨਜ਼ੂਰੀ ਵਾਲੇ ਤੇ ਬੀਮਾ-ਸ਼ੁਦਾ ਝੂਲਿਆਂ 'ਤੇ ਹੀ ਬੈਠਣਾ ਚਾਹੀਦਾ ਹੈ। ਝੂਲੇ ਦੀਆਂ ਬੈਲਟਾਂ/ਸੇਫਟੀ ਬਾਰ ਚੈੱਕ ਕਰਨੀਆਂ ਚਾਹੀਦੀਆਂ ਹਨ। ਬਹੁਤ ਪੁਰਾਣੇ ਜਾਂ ਜੰਗਾਲ ਲੱਗੇ ਨਟ-ਬੋਲਟ ਵਾਲੇ ਝੂਲਿਆਂ ਤੋਂ ਬਚਣਾ ਚਾਹੀਦਾ ਹੈ। ਝੂਲਿਆਂ ਦਾ ਆਨੰਦ ਲੈਣ ਸਮੇਂ ਸਤਰਕਤਾ ਤੇ ਸੁਰੱਖਿਆ ਦਾ ਧਿਆਨ ਰੱਖਣਾ ਜ਼ਰੂਰੀ ਹੈ।



**- ਅਸ਼ਵਨੀ ਜੇਤਲੀ**

# ਮੋਦੀ ਦੇ 12 ਸਾਲਾਂ ਦੇ ਕਾਰਜਕਾਲ ਨੇ ਪੂਰੀ ਦੁਨੀਆ ਨੂੰ ਭਾਰਤ ਨੂੰ ਇੱਕ ਵੱਖਰੇ ਨਜ਼ਰੀਏ ਨਾਲ ਦੇਖਣ ਲਈ ਪ੍ਰੇਰਿਤ ਕੀਤਾ

ਜ਼ਿਕਰ ਪੰਜਾਬ

ਉਨ੍ਹਾਂ ਨੇ ਆਪਣੇ ਆਪ ਨੂੰ ਇੱਕ ਬਹੁਤ ਹੀ ਉੱਤਮ ਸੰਕਟ-ਪ੍ਰਬੰਧਕ ਵਜੋਂ ਸਾਬਤ ਕੀਤਾ ਹੈ। ਸਿਰਫ ਉਨ੍ਹਾਂ ਦੇ ਦ੍ਰਿੜ ਸੰਕਲਪ, ਹਿੰਮਤ ਅਤੇ ਸੂਝ-ਬੂਝ ਨਾਲ ਕੀਤੀ ਗਈ ਕਾਰਵਾਈ ਦੇ ਬਲ 'ਤੇ ਹੀ 140 ਕਰੋੜ ਭਾਰਤੀਆਂ ਨੂੰ ਮਹਾਮਾਰੀ ਵਰਗੀ ਸਦੀ ਦੀ ਸਭ ਤੋਂ ਭਿਆਨਕ ਆਫ਼ਤ ਵਿੱਚੋਂ ਸੁਰੱਖਿਅਤ ਕੱਢਣਾ ਅਤੇ ਉਸ ਆਫ਼ਤ ਨੂੰ ਮੌਕੇ ਵਿੱਚ ਬਦਲਣਾ ਸੰਭਵ ਹੋਇਆ। ਉਹ ਹੁਣ ਭਾਰਤ ਦੀ ਅਗਵਾਈ ਅਜਿਹੇ ਸਮੇਂ ਕਰ ਰਹੇ ਹਨ, ਜਦੋਂ ਵਿਸ਼ਵ-ਵਿਆਪੀ ਭੂ-ਰਾਜਨੀਤਿਕ ਅਤੇ ਭੂ-ਆਰਥਿਕ ਵਿਵਸਥਾ ਖ਼ਤਰਨਾਕ ਉਥਲ-ਪੁਥਲ ਦੇ ਦੌਰ ਵਿੱਚੋਂ ਲੰਘ ਰਹੀ ਹੈ। ਪਿਛਲੇ ਹਫ਼ਤੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਭਾਰਤ ਦੇ ਇਤਿਹਾਸ ਵਿੱਚ ਸਭ ਤੋਂ ਲੰਮੇ ਸਮੇਂ ਤੱਕ ਲਗਾਤਾਰ ਅਹੁਦੇ 'ਤੇ ਰਹਿਣ ਵਾਲੇ ਚੁਣੇ ਹੋਏ ਪ੍ਰਧਾਨ ਮੰਤਰੀ ਬਣ ਗਏ। ਇਹ ਉਪਲਬਧੀ ਉਨ੍ਹਾਂ ਦੀ ਵੀ ਹੈ ਅਤੇ ਭਾਰਤ ਦੀ ਵੀ। ਉਨ੍ਹਾਂ ਤੋਂ ਪਹਿਲਾਂ ਕਿਸੇ ਨੇ ਵੀ ਇਸ ਲੋਕਤੰਤਰ ਵਿੱਚ ਲਗਾਤਾਰ ਇੰਨੇ ਲੰਮੇ ਸਮੇਂ ਤੱਕ ਸ਼ਾਸਨ ਨਹੀਂ ਕੀਤਾ ਅਤੇ ਨਾ ਹੀ ਇੰਨੀ ਮੁਕਾਬਲੇਬਾਜ਼ ਰਾਜਨੀਤੀ ਦੇ ਵਿਚਕਾਰ ਕਿਸੇ ਨੇ ਲਗਾਤਾਰ ਤਿੰਨ ਵਾਰ ਚੋਣਾਂ ਵਿੱਚ ਜਿੱਤ ਹਾਸਲ ਕੀਤੀ ਹੈ। ਹਾਲਾਂਕਿ, ਰਿਕਾਰਡ ਨਾਲੋਂ ਵਧੇਰੇ ਮਹੱਤਵਪੂਰਨ ਇਹ ਹੈ ਕਿ ਉਨ੍ਹਾਂ ਨੇ ਕੀ ਕਾਰਜ ਕੀਤਾ ਹੈ: ਆਪਣੇ ਕਾਰਜਕਾਲ ਦੇ "ਹਰੇਕ ਮਿੰਟ"ਦੇ ਪੂਰੇ "ਸੱਠ ਸਕਿੰਟਾਂ"ਦਾ ਭਾਰਤ ਲਈ ਪੂਰੀ ਊਰਜਾ ਨਾਲ ਉਪਯੋਗ ਕਰਦੇ ਹੋਏ ਉਸ ਨੂੰ ਸਾਰਥਕ ਬਣਾਇਆ।"ਉਨ੍ਹਾਂ ਦੇ ਇਨ੍ਹਾਂ 12 ਸਾਲਾਂ ਦਾ ਹਰੇਕ ਸਾਲ 365 ਦਿਨਾਂ ਦੀਆਂ ਉਪਲਬਧੀਆਂ ਨਾਲ ਚਿੰਨ੍ਹ?ਤ ਰਿਹਾ ਅਤੇ ਇਸੇ ਦੌਰਾਨ ਉਸ ਨਵੇਂ, ਗਤੀਸ਼ੀਲ ਭਾਰਤ ਦਾ ਨਿਰਮਾਣ ਹੋਇਆ, ਜਿਸ ਨੂੰ ਅੱਜ ਦੁਨੀਆ ਇੱਕ ਵੱਖਰੇ ਨਜ਼ਰੀਏ ਨਾਲ ਦੇਖ ਅਤੇ ਸਮਝ ਰਹੀ ਹੈ। ਮੈਂ ਆਪਣੀ ਕੰਮਕਾਜੀ ਜ਼ਿੰਦਗੀ ਫੀਲਡ ਵਿੱਚ, ਰਾਜਧਾਨੀਆਂ ਵਿੱਚ, ਬੋਰਡ ਅਤੇ ਕਾਨਫਰੰਸ ਕਮਰਿਆਂ ਵਿੱਚ ਅਤੇ ਸੰਯੁਕਤ ਰਾਸ਼ਟਰ ਵਿੱਚ ਬਿਤਾਈ ਹੈ—ਜਿੱਥੇ ਦੇਸ਼ਾਂ ਬਾਰੇ ਦੁਨੀਆ ਆਪਣੀ ਸਲਾਹ ਕਾਇਮ ਕਰਦੀ ਹੈ। ਬੀਤੇ ਇੱਕ ਦਹਾਕੇ ਵਿੱਚ ਜੋ ਤਬਦੀਲੀ ਆਈ ਹੈ, ਉਹ ਮੇਰੇ ਵੱਲੋਂ ਦੇਖੇ ਗਏ ਬਦਲਾਵਾਂ ਵਿੱਚੋਂ ਸਭ ਤੋਂ ਵੱਧ ਪ੍ਰਭਾਵਸ਼ਾਲੀ ਹੈ: ਭਾਰਤ ਪ੍ਰਤੀ ਪਹਿਲਾਂ ਜੋ ਲਾਪਰਵਾਹੀ ਵਾਲਾ ਦ੍ਰਿਸ਼ਟੀਕੋਣ ਹੋਇਆ ਕਰਦਾ ਸੀ, ਉਸ ਦੀ ਜਗ?ਹਾ ਹੁਣ ਮੁਕਾਬਲੇਬਾਜ਼ੀ ਵਾਲੀ ਰੁਚੀ ਅਤੇ ਸਿੱਖਣ ਦੀ ਇੱਛਾ ਨੇ ਲੈ ਲਈ ਹੈ; ਦੁਨੀਆ ਭਾਰਤ ਦੇ ਉਸ ਪਰਿਵਰਤਨ ਨੂੰ ਹੈਰਾਨੀ ਨਾਲ ਦੇਖ ਰਹੀ ਹੈ, ਜਿਸ ਵਿੱਚ ਉਹ ਇੱਕ 'ਸਿਧਾਂਤਾਂ ਦੇ ਅਧਾਰ 'ਤੇ ਇਤਰਾਜ਼ ਦਰਜ ਕਰਨ ਵਾਲੇ' ਅਤੇ 'ਵਿਵਸਥਾ ਨੂੰ ਸਵੀਕਾਰ ਕਰਨ ਵਾਲੇ' ਦੇਸ਼ ਦੀ ਜਗ?ਹਾ ਹੁਣ 'ਵਿਵਸਥਾ ਨੂੰ ਨਵਾਂ ਰੂਪ ਦੇਣ ਵਾਲੇ' ਦੇਸ਼ ਵਜੋਂ ਉੱਭਰਿਆ ਹੈ। ਅੱਜ ਭਾਰਤ ਬਹੁ-ਪੱਖੀ ਕੂਟਨੀਤਕ ਭਾਈਵਾਲੀ ਅਤੇ ਰਣਨੀਤਕ ਦ੍ਰਿੜ੍ਹਤਾ ਨਾਲ ਅੱਗੇ ਵਧ ਰਿਹਾ ਹੈ। ਉਹ ਨਾ ਸਿਰਫ ਆਪਣੇ ਪ੍ਰਭਾਵ ਦਾ ਉਪਯੋਗ ਆਪਣੇ ਵਿਚਾਰਾਂ ਦੇ ਸਮਰਥਨ ਵਿੱਚ ਕਰ ਰਿਹਾ ਹੈ, ਸਗੋਂ ਆਪਣੇ ਵਿਚਾਰਾਂ ਦੇ ਸਮਰਥਨ ਨੂੰ ਵੀ ਸ਼ਕਤੀ ਵਿੱਚ ਬਦਲ ਰਿਹਾ ਹੈ। ਦੁਨੀਆ ਇਸ ਸ਼ਖ਼ਸੀਅਤ ਦਾ ਸਹੀ ਮੁਲਾਂਕਣ ਕਰਦੀ ਹੈ: ਉਨ੍ਹਾਂ ਨੂੰ ਸੱਤਾ ਵਿਰਾਸਤ ਵਿੱਚ ਨਹੀਂ ਮਿਲੀ; ਉਨ੍ਹਾਂ ਨੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਸਰਬਉੱਚ ਅਹੁਦੇ ਤੱਕ ਦਾ ਸਫ਼ਰ ਬਿਨਾਂ ਕਿਸੇ ਪਰਿਵਾਰਕ ਨਾਮ ਦੇ ਸਹਾਰੇ, ਰੇਲਵੇ ਪਲੈਟਫ਼ਾਰਮ 'ਤੇ ਬੀਤੇ ਬਚਪਨ ਨਾਲ ਤੈਅ ਕੀਤਾ; ਉਨ੍ਹਾਂ ਨੇ ਭਾਰਤ ਦੇ ਕੋਨੇ-ਕੋਨੇ ਦੀ ਯਾਤਰਾ ਕੀਤੀ, ਲੋਕਾਂ ਨੂੰ ਸਮਝਿਆ, ਉਨ੍ਹਾਂ ਦੇ ਨਾਲ ਬੈਠ ਕੇ ਭੋਜਨ ਕੀਤਾ, ਉਨ੍ਹਾਂ ਦੇ ਸੁਖ-ਦੁੱਖ ਵਿੱਚ ਭਾਗੀਦਾਰ ਬਣੇ ਅਤੇ ਜ਼ਮੀਨੀ ਪੱਧਰ ਤੋਂ ਆਪਣਾ ਰਾਜਨੀਤਿਕ ਜੀਵਨ ਬਣਾਇਆ। ਵੰਸ਼ਵਾਦੀ ਸੱਤਾ ਅਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਉੱਤਰਾਧਿਕਾਰ ਤੋਂ ਅੱਕ ਚੁੱਕੀ ਦੁਨੀਆ ਵਿੱਚ, ਅਜਿਹੇ ਨੇਤਾ ਦਾ ਅਕਸ ਵਧੇਰੇ ਭਰੋਸੇਮੰਦ ਹੁੰਦਾ ਹੈ, ਜਿਸ ਨੇ ਆਪਣੀ ਪਛਾਣ ਖ਼ੁਦ ਬਣਾਈ ਹੋਵੇ। ਉਹ ਭਾਰਤ ਦੇ ਪਹਿਲੇ ਅਜਿਹੇ ਪ੍ਰਧਾਨ ਮੰਤਰੀ ਹਨ, ਜਿਨ੍ਹਾਂ ਨੇ ਦੇਸ਼ ਦੀ ਸੱਭਿਅਤਾ ਵਾਲੀ ਪਛਾਣ ਨੂੰ ਆਪਣੀ ਪਛਾਣ ਵਜੋਂ ਧਾਰਨ ਕੀਤਾ ਹੈ, ਨਾ ਕਿ ਉਸ ਦੇ ਪ੍ਰਤੀ ਮੁਆਫ਼ੀ ਦਾ ਭਾਵ ਰੱਖਿਆ ਹੈ ਜਾਂ ਵਿਦੇਸ਼ੀ ਪਹਿਰਾਵੇ ਅਤੇ ਦ੍ਰਿਸ਼ਟੀਕੋਣ ਨੂੰ ਅਪਣਾ ਕੇ ਆਪਣੇ ਆਪ ਨੂੰ ਕਿਸੇ ਹੋਰ ਰੂਪ ਵਿੱਚ ਪੇਸ਼ ਕੀਤਾ ਹੈ।



ਗਲੋਬਲ ਪਬਲਿਕ ਓਪੀਨੀਅਨ ਦਾ ਮੁਲਾਂਕਣ ਕਰਨ ਵਾਲੇ ਸਰਵੇਖਣ ਇਸ ਗੱਲ ਨਾਲ ਸਹਿਮਤ ਹਨ: ਸਾਲਾਂ ਤੋਂ ਸ਼੍ਰੀ ਮੋਦੀ ਲੋਕਤੰਤਰੀ ਨੇਤਾਵਾਂ ਦੀ ਮੌਰਨਿੰਗ ਕੰਸਲਟ ਰੈਂਕਿੰਗ ਵਿੱਚ ਚੋਟੀ ਦੇ ਸਥਾਨ 'ਤੇ ਬਣੇ ਹੋਏ ਹਨ, ਉਨ੍ਹਾਂ ਦੀ ਪ੍ਰਵਾਨਗੀ ਦੋ-ਤਿਹਾਈ ਤੋਂ ਵੱਧ ਰਹੀ ਹੈ, ਜੋ ਪੱਛਮੀ ਨੇਤਾਵਾਂ ਨਾਲੋਂ ਕਾਫ਼ੀ ਅੱਗੇ ਹੈ। ਪਿਉ ਦੇ ਸਰਵੇਖਣਾਂ ਅਨੁਸਾਰ, ਦਸਾਂ ਵਿੱਚੋਂ ਅੱਠ ਭਾਰਤੀ ਉਨ੍ਹਾਂ ਪ੍ਰਤੀ ਅਨੁਕੂਲ ਦ੍ਰਿਸ਼ਟੀਕੋਣ ਰੱਖਦੇ ਹਨ, ਅਤੇ ਉਹ ਆਪਣੇ ਦੇਸ਼ ਦੀ ਦਿਸ਼ਾ ਤੋਂ ਜ਼ਿਆਦਾਤਰ ਪਰਿਪੱਕ ਲੋਕਤੰਤਰਾਂ ਦੀ ਤੁਲਨਾ ਵਿੱਚ ਵਧੇਰੇ ਸੰਤੁਸ਼ਟ ਹਨ।

ਸਰਕਾਰਾਂ ਇਸ ਗੱਲ ਨਾਲ ਸਹਿਮਤ ਹਨ: ਉਨ੍ਹਾਂ ਨੇ 19 ਵਿਦੇਸ਼ੀ ਸੰਸਦਾਂ ਨੂੰ ਸੰਬੋਧਨ ਕੀਤਾ ਹੈ ਅਤੇ ਲਗਭਗ 30 ਦੇਸ਼ਾਂ ਦੇ ਸਰਕਾਰੀ ਸਨਮਾਨ ਪ੍ਰਾਪਤ ਕੀਤੇ ਹਨ, ਜਿਨ੍ਹਾਂ ਵਿੱਚੋਂ ਕਈ ਉਨ੍ਹਾਂ ਦੇਸ਼ਾਂ ਦੇ ਸਰਵਉੱਚ ਨਾਗਰਿਕ ਸਨਮਾਨ ਹਨ। ਉਨ੍ਹਾਂ ਦੇ ਟੀਚਾਬੱਧ ਅਤੇ ਬਹੁ-ਖੇਤਰੀ ਪ੍ਰੋਗਰਾਮਾਂ ਨੇ ਮਹਿਲਾਵਾਂ ਅਤੇ ਲੜਕੀਆਂ ਦੇ ਜੀਵਨ ਵਿੱਚ — ਘਰ ਤੋਂ ਕਾਲਜ ਤੱਕ, ਛੋਟੇ ਕਿਓਸਕ ਤੋਂ ਕਾਰਪੋਰੇਟ ਜਗਤ ਤੱਕ, ਸਥਾਨਕ ਸ਼ਾਸਨ ਤੋਂ ਸੰਸਦ ਤੱਕ ਢਾਂਚਾਗਤ ਬਦਲਾਅ ਲਿਆਂਦੇ ਹਨ। ਉਨ੍ਹਾਂ ਨੇ ਮਹਿਲਾਵਾਂ ਦੀ ਅਗਵਾਈ ਵਾਲੇ ਵਿਕਾਸ ਨੂੰ ਨੈਤਿਕ ਅਤੇ ਸਮਾਜਿਕ ਨਿਆਂ ਦੀ ਜ਼ਰੂਰਤ ਵਜੋਂ ਅੱਗੇ ਵਧਾਇਆ ਹੈ, ਜੋ ਦੇਸ਼ ਦੀ ਅੱਧੀ ਆਬਾਦੀ ਦੀ ਸਮਰੱਥਾ ਨੂੰ ਸਰਗਰਮ ਕਰਨ ਲਈ ਲਾਜ਼ਮੀ ਹੈ। ਕੋਈ ਵੀ ਰਾਸ਼ਟਰ ਸਸ਼ਕਤ ਮਹਿਲਾਵਾਂ ਤੋਂ ਬਿਨਾਂ ਅੱਗੇ ਨਹੀਂ ਵਧ ਸਕਦਾ; ਭਾਰਤ ਹੁਣ ਇਸ ਸੱਚ ਨੂੰ ਇੱਕ ਮਹਾਂਦੀਪੀ ਪੱਧਰ ਦੇ ਵਿਆਪਕ ਰੂਪ ਵਿੱਚ ਲਾਗੂ ਕਰ ਰਿਹਾ ਹੈ। ਉਨ੍ਹਾਂ ਨੇ ਭਾਰਤੀਆਂ ਦੇ ਅੰਦਰ 'ਭਾਰਤੀ ਹੋਣ' ਦਾ ਮਾਣ ਮੁੜ ਸਥਾਪਿਤ ਕੀਤਾ ਹੈ—ਦੇਸ਼ ਦੇ ਅੰਦਰ ਵੀ ਅਤੇ ਦੁਨੀਆ ਭਰ ਵਿੱਚ ਫੈਲੇ 3.5 ਕਰੋੜ ਪ੍ਰਵਾਸੀ ਭਾਰਤੀਆਂ ਵਿੱਚ ਵੀ - ਜੋ ਵਿਸ਼ਵ ਦਾ ਸਭ ਤੋਂ ਵੱਡਾ ਪ੍ਰਵਾਸੀ ਭਾਈਚਾਰਾ ਹੈ। ਰਾਸ਼ਟਰ ਇੱਕਜੁੱਟ ਹੋ ਕੇ ਅੱਗੇ ਵਧਿਆ ਹੈ: ਮਹਾਮਾਰੀ ਦੇ ਦੌਰਾਨ ਸਾਂਝੇ ਸੰਕਲਪ ਵਿੱਚ, 'ਆਪ੍ਰੇਸ਼ਨ ਸਿੰਧੂਰ' ਤੋਂ ਬਾਅਦ ਹਥਿਆਰਬੰਦ ਬਲਾਂ ਦੇ ਸਮਰਥਨ ਵਿੱਚ, ਅਤੇ ਮਹਾਕੁੰਭ ਵਿੱਚ, ਜਿੱਥੇ 60 ਕਰੋੜ ਤੋਂ ਵੱਧ ਸ਼ਰਧਾਲੂ ਮਨੁੱਖੀ ਇਤਿਹਾਸ ਦੇ ਸਭ ਤੋਂ ਵੱਡੇ ਸਮਾਗਮ ਦਾ ਹਿੱਸਾ ਬਣੇ। ਇਹ ਸਾਰੇ ਪ੍ਰਤੀਕ ਸਮਾਜ ਨੂੰ ਇੱਕ ਸੂਤਰ ਵਿੱਚ ਬੰਨ੍ਹਣ ਵਾਲੀਆਂ ਗੱਲਾਂ ਨੂੰ ਦਰਸਾਉਂਦੇ ਹਨ: ਰਾਸ਼ਟਰਪਤੀ ਭਵਨ ਵਿੱਚ ਕਬਾਇਲੀ ਮਹਿਲਾ; ਖੇਤਰ-ਦਰ-ਖੇਤਰ ਉਨ੍ਹਾਂ ਦੀ ਪੱਗ, ਟੋਪੀ ਜਾਂ ਕਬਾਇਲੀ ਲੋਕਾਂ ਦੇ ਰਵਾਇਤੀ ਸਿਰ ਦੇ ਪਹਿਰਾਵੇ ਨੂੰ ਸਨਮਾਨ ਅਤੇ ਪਿਆਰ ਦੇ ਨਾਲ ਧਾਰਨ ਕਰਨਾ; 'ਮਨ ਕੀ ਬਾਤ' ਅਤੇ ਪਦਮ ਪੁਰਸਕਾਰਾਂ ਦੇ ਮਾਧਿਅਮ ਨਾਲ ਪਿੰਡਾਂ ਦੇ ਲੋਕਾਂ ਨੂੰ ਨਾਇਕ ਬਣਾਉਣਾ; ਆਜ਼ਾਦੀ ਕਾ ਅੰਮ੍ਰਿਤ ਮਹੋਤਸਵ ਦੇ ਤਹਿਤ 20 ਕਰੋੜ ਘਰਾਂ ਵਿੱਚ ਤਿਰੰਗਾ ਲਹਿਰਾਉਣਾ; 'ਵੰਦੇ ਮਾਤਰਮ' ਦੇ 150 ਸਾਲਾਂ ਦਾ ਉਤਸਵ; ਸਵੱਛ ਭਾਰਤ ਅਭਿਆਨ ਦੇ ਤਹਿਤ 11 ਕਰੋੜ ਪਖਾਨਿਆਂ ਦਾ ਨਿਰਮਾਣ, ਜੋ ਇੱਕ ਜਨ-ਅੰਦੋਲਨ ਬਣਿਆ; ਅਤੇ ਇੱਕ ਭਾਰਤ, ਜਿਸ ਵਿੱਚ ਵਿਭਿੰਨਤਾ ਨੂੰ ਇੱਕ ਸੂਤਰ ਵਿੱਚ ਪਰੋਂਦੇ ਹੋਏ ਹਰ ਖੇਤਰ ਦਾ ਸਨਮਾਨ ਕੀਤਾ ਗਿਆ ਹੈ। ਮੋਦੀ ਪਹਿਲੇ ਪ੍ਰਧਾਨ ਮੰਤਰੀ ਹਨ, ਜਿਨ੍ਹਾਂ ਨੇ ਭਾਰਤ ਦੀ ਇੱਕ ਮੋਹਰੀ ਸ਼ਕਤੀ ਬਣਨ ਦੀ ਮਹੱਤਵਾਕਾਂਕਸ਼ਾ ਨੂੰ ਸਪਸ਼ਟ ਰੂਪ ਵਿੱਚ ਪ੍ਰਗਟਾਇਆ ਅਤੇ ਉਸ ਨੂੰ ਸਪਸ਼ਟ ਰੂਪ ਵਿੱਚ ਵੀ ਉਤਾਰਿਆ ਹੈ: ਫ਼ੌਜੀ ਅਤੇ ਆਰਥਿਕ ਸ਼ਕਤੀ, ਪਰਮਾਣੂ ਅਤੇ ਪੁਲਾੜ ਸਮਰੱਥਾਵਾਂ, ਵਿਸ਼ਵਵਿਆਪੀ ਵਿਵਸਥਾਵਾਂ ਵਿੱਚ ਫੈਸਲਾਕੁੰਨ ਭੂਮਿਕਾ ਅਤੇ ਅੰਤਰਰਾਸ਼ਟਰੀ ਵਿਵਸਥਾਵਾਂ ਵਿੱਚ ਨਿਯਮਾਂ, ਮਾਪਦੰਡਾਂ ਅਤੇ ਨੀਤੀਆਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ, ਉਦੇਸ਼ਪੂਰਨ ਢੰਗ ਨਾਲ ਬਣਾਇਆ ਅਤੇ ਸਫ਼ਲਤਾਪੂਰਵਕ ਵਿਕਸਿਤ ਕੀਤਾ ਗਿਆ ਕੂਟਨੀਤਕ, ਖੋਜ ਅਤੇ ਵਿਕਾਸ ਅਤੇ ਤਕਨੀਕੀ ਸਰੋਤਾਂ ਦਾ ਮਜ਼ਬੂਤ ਅਧਾਰ, ਨਾਲ ਹੀ ਭਾਰਤ ਦੀ ਸਾਫਟ ਪਾਵਰ ਨੂੰ ਪਹਿਲਾਂ ਨਾਲੋਂ ਕਿਤੇ ਵੱਧ ਪ੍ਰਭਾਵਸ਼ਾਲੀ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਹਾਲਾਂਕਿ ਵਿਸ਼ਵ ਪੱਧਰ 'ਤੇ ਉਹ ਸੰਵਾਦ ਰਾਹੀਂ ਸ਼ਾਂਤੀ ਅਤੇ ਸੁਰੱਖਿਆ ਦੇ ਪੱਖਧਰ ਹਨ, ਪਰ ਅੱਤਵਾਦ ਦੇ ਮੁੱਦੇ 'ਤੇ — ਉਰੀ ਤੋਂ ਲੈ ਕੇ 'ਆਪ੍ਰੇਸ਼ਨ ਸਿੰਦੂਰ' ਤੱਕ — ਉਨ੍ਹਾਂ ਦੀ 'ਜ਼ੀਰੋ ਟਾਲਰੈਂਸ' (ਬਿਲਕੁਲ ਬਰਦਾਸ਼ਤ ਨਾ ਕਰਨ ਦੀ ਨੀਤੀ) ਹੈ। ਸਭ ਤੋਂ ਵੱਧ, ਉਨ੍ਹਾਂ ਨੇ ਆਪਣੇ ਆਪ ਨੂੰ ਇੱਕ ਬਹੁਤ ਹੀ ਉੱਤਮ ਸੰਕਟ-ਪ੍ਰਬੰਧਕ ਵਜੋਂ ਸਾਬਤ ਕੀਤਾ ਹੈ। ਸਿਰਫ ਉਨ੍ਹਾਂ ਦੇ ਦ੍ਰਿੜ ਸੰਕਲਪ, ਹਿੰਮਤ ਅਤੇ ਸੂਝ-ਬੂਝ ਨਾਲ ਕੀਤੀ ਗਈ ਕਾਰਵਾਈ ਦੇ ਬਲ 'ਤੇ ਹੀ 140 ਕਰੋੜ ਭਾਰਤੀਆਂ ਨੂੰ ਮਹਾਮਾਰੀ ਵਰਗੀ ਸਦੀ ਦੀ ਸਭ ਤੋਂ ਭਿਆਨਕ ਆਫ਼ਤ ਵਿੱਚੋਂ ਸੁਰੱਖਿਅਤ ਕੱਢਣਾ ਅਤੇ ਉਸ ਆਫ਼ਤ ਨੂੰ ਮੌਕੇ ਵਿੱਚ ਬਦਲਣਾ ਸੰਭਵ ਹੋਇਆ; ਮੈਂ ਇਹ ਸੋਚ ਕੇ ਕੰਬ ਉੱਠਦੀ ਹਾਂ ਕਿ ਜੇਕਰ ਉਹ ਅਗਵਾਈ ਦੀ ਭੂਮਿਕਾ ਵਿੱਚ ਨਾ ਹੁੰਦੇ, ਤਾਂ ਕੀ ਸਥਿਤੀ ਹੁੰਦੀ। ਉਹ ਹੁਣ ਭਾਰਤ ਦੀ ਅਗਵਾਈ ਅਜਿਹੇ ਸਮੇਂ ਕਰ ਰਹੇ ਹਨ, ਜਦੋਂ ਵਿਸ਼ਵਵਿਆਪੀ ਭੂ-ਰਾਜਨੀਤਿਕ ਅਤੇ ਭੂ-ਆਰਥਿਕ ਵਿਵਸਥਾ ਖ਼ਤਰਨਾਕ ਉਥਲ-ਪੁਥਲ ਦੇ ਦੌਰ ਵਿੱਚੋਂ ਲੰਘ ਰਹੀ ਹੈ, ਦੋ ਵੱਡੀਆਂ ਜੰਗਾਂ ਚੱਲ ਰਹੀਆਂ ਹਨ ਅਤੇ ਪ੍ਰਮੁੱਖ ਸ਼ਕਤੀਆਂ ਆਤਮ-ਕੇਂਦ੍ਰਿਤ ਰੁਖ ਅਪਣਾ ਰਹੀਆਂ ਹਨ। ਇਸ ਦੇ ਬਾਵਜੂਦ ਉਹ ਭਾਰਤ ਨੂੰ ਸ਼ਾਂਤ ਅਤੇ ਸਥਿਰ ਬਣਾਈ ਰੱਖ ਰਹੇ ਹਨ, ਇਸ ਦੀ ਊਰਜਾ ਸੁਰੱਖਿਆ ਦੀ ਰੱਖਿਆ ਕਰ ਰਹੇ ਹਨ, ਅਤੇ ਇਸ ਨੂੰ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਪ੍ਰਮੁੱਖ ਅਰਥਵਿਵਸਥਾ ਵਜੋਂ ਅੱਗੇ ਵਧਾ ਰਹੇ ਹਨ। ਆਧੁਨਿਕਤਾ ਅਤੇ ਵਿਰਾਸਤ ਨੂੰ ਇੱਕੋ ਉੱਤਰਾਧਿਕਾਰ ਵਜੋਂ ਦੇਖਿਆ ਜਾ ਰਿਹਾ ਹੈ, ਨਾ ਕਿ ਆਪਸੀ ਮੁਕਾਬਲੇਬਾਜ਼ੀ ਵਾਲੇ ਦਾਅਵਿਆਂ ਵਜੋਂ। ਸੱਭਿਅਤਾ ਨਾਲ ਜੁੜੇ ਸਥਾਨਾਂ ਦਾ ਪੁਨਰ-ਉਥਾਨ, ਪ੍ਰਾਚੀਨ ਵਿਰਾਸਤ ਦੀ ਮੁੜ-ਪ੍ਰਾਪਤੀ ਅਤੇ 'ਭਾਰਤ' ਨਾਮ ਦੀ ਮੁੜ-ਸਥਾਪਨਾ: ਇਹ ਸਭ ਸਿਰਫ ਭੂਤਕਾਲ ਦੀ ਯਾਦ ਮਾਤਰ ਨਹੀਂ ਹਨ। ਇਹ ਦਾਅਵਾ ਕਰਦੇ ਹਨ ਕਿ 5,000 ਸਾਲਾਂ ਤੋਂ ਵੱਧ ਪੁਰਾਣੀ ਸੱਭਿਅਤਾ ਨੂੰ ਆਪਣਾ ਆਤਮ-ਸਨਮਾਨ ਅਤੇ ਮਹਾਨਤਾ ਕਿਸੇ ਹੋਰ ਤੋਂ ਉਧਾਰ ਲੈਣ ਦੀ ਜ਼ਰੂਰਤ ਨਹੀਂ ਹੈ। ਜਿਸ ਦੁਨੀਆ ਨੂੰ ਮੈਂ ਆਪਣੇ ਕਰੀਅਰ ਦੌਰਾਨ ਦੇਖਿਆ, ਉਹ ਭਾਰਤ ਨੂੰ ਉਸ ਦੀਆਂ ਆਪਣੀਆਂ ਅਧੂਰੀਆਂ ਸੰਭਾਵਨਾਵਾਂ ਦੇ ਅਧਾਰ 'ਤੇ ਪਰਖਦੀ ਸੀ। ਪਰ ਇਸ ਦਹਾਕੇ ਵਿੱਚ ਭਾਰਤ ਨੇ ਆਪਣੇ ਆਪ ਨੂੰ ਹੁਣ 'ਡੇਸਟੀਨੇਸ਼ਨ ਇੰਡੀਆ' ਦੇ ਅਧਾਰ 'ਤੇ ਪਰਖਣਾ ਸ਼ੁਰੂ ਕਰ ਦਿੱਤਾ ਹੈ। ਇਸ ਅਗਵਾਈ ਲਈ ਸਭ ਤੋਂ ਮਜ਼ਬੂਤ ਤਰਕ ਅਜੇ ਅੱਗੇ ਹੈ: ਭਾਰਤ ਧਰਤੀ 'ਤੇ ਮਨੁੱਖੀ ਵਿਕਾਸ, ਯਤਨਾਂ ਅਤੇ ਸੰਪੂਰਨਤਾ ਦੀ ਸਭ ਤੋਂ ਵਿਸ਼ਾਲ ਲੈਬਾਰਟਰੀ ਹੈ, ਜਿਸ ਦਾ ਕਾਰਜ ਬਹੁਤ ਵਿਆਪਕ ਹੈ ਅਤੇ ਹਾਲੇ ਅਧੂਰਾ ਹੈ—ਇਸੇ ਕਾਰਨ ਇੰਨੇ ਵੱਡੇ ਦੇਸ਼ ਨੂੰ ਅਜਿਹੀ ਅਗਵਾਈ ਦੀ ਜ਼ਰੂਰਤ ਹੈ। ਉਨ੍ਹਾਂ ਨੇ ਸਭ ਤੋਂ ਲੰਮੇ ਸਮੇਂ ਤੱਕ ਅਹੁਦਾ ਸੰਭਾਲਿਆ ਹੈ; ਉਹ ਸਭ ਤੋਂ ਵੱਖਰੇ ਦਿਖਾਈ ਦਿੰਦੇ ਹਨ; ਉਨ੍ਹਾਂ ਦਾ ਰਿਕਾਰਡ ਅਸਾਧਾਰਨ ਹੈ। ਹੁਣ ਜੋ ਬਾਕੀ ਹੈ, ਉਹ ਭਾਰਤ ਦੀ ਸਦੀ ਦਾ ਫ਼ਤਵਾ ਹੈ।

**ਲਕਸ਼ਮੀ ਪੁਰੀ**
**(ਲੇਖਿਕਾ ਸੰਯੁਕਤ ਰਾਸ਼ਟਰ ਦੀ ਸਾਬਕਾ ਸਹਾਇਕ ਸਕੱਤਰ-ਜਨਰਲ ਹਨ)**

# ਨਾਰੀ ਸ਼ਕਤੀ ਦਾ ਇੱਕ ਦਹਾਕਾ, ਵਿਕਸਿਤ ਭਾਰਤ ਦੀ ਚੜ੍ਹਤ

**ਇਹ ਤਬਦੀਲੀ ਸਿਰਫ਼ ਅਨੁਭਵਾਂ ਵਿੱਚ ਨਹੀਂ, SRS, NFHS, PLFS, ਵਰਲਡ ਬੈਂਕ ਅਤੇ ਸੰਯੁਕਤ ਰਾਸ਼ਟਰ -ਹਰ ਰਿਪੋਰਟ ਇੱਕ ਹੀ ਦਿਸ਼ਾ ਵੱਲ ਇਸ਼ਾਰਾ ਕਰਦੀ ਹੈ : ਭਾਰਤੀ ਮਹਿਲਾ ਦੇ ਲਈ ਪਹੁੰਚ ਵਧੀ ਹੈ ਅਤੇ ਆਤਮਨਿਰਭਰਤਾ ਦਾ ਨਵਾਂ ਅਸਮਾਨ ਖੁੱਲ੍ਹਾ ਹੈ।**

ਦੇਸ਼ ਦੇ ਕਿਸੇ ਵੀ ਪਿੰਡ, ਬਸਤੀ ਜਾਂ ਦੂਰ-ਦੁਰਾਡੇ ਦੇ ਇਲਾਕੇ ਵਿੱਚ ਜਾਓ- ਹਰ ਘਰ ਦੀ ਰਸੋਈ ਵਿੱਚ ਇੱਕੋ ਜਿਹੀ ਬਦਲੀ ਹੋਈ ਹਵਾ ਮਹਿਸੂਸ ਹੋਵੇਗੀ। ਚੁੱਲ੍ਹੇ ਦੇ ਜਿਸ ਕਾਲੇ ਧੂੰਏਂ ਨੇ ਕਦੇ ਨਵੀਂ ਦੁਲਹਨ ਦੀਆਂ ਅੱਖਾਂ ਵਿੱਚ ਹੰਝੂ ਭਰੇ ਸਨ, ਉੱਜਵਲਾ ਦੀ ਨੀਲੀ ਲੋਅ/ਲਾਟ ਨੇ ਉਸ ਨੂੰ ਵਿਦਾ ਕਹਿ ਦਿੱਤਾ ਹੈ। ਜੋ ਮਾਂ ਕਦੇ ਕੋਹਾਂ ਦੂਰ ਤੋਂ ਪਾਣੀ ਢੋਂਹਦੀ ਸੀ, ਅੱਜ ਉਸ ਦੀ ਧੀ ਕੋਲ 'ਹਰ ਘਰ ਜਲ' ਦਾ ਆਪਣਾ ਨਲ ਹੈ। ਖੇਤ ਦੇ ਪਿੱਛੇ ਦੀ ਉਹ ਸ਼ਰਮਨਾਕ ਮਜ਼ਬੂਰੀ ਹੁਣ ਇਤਿਹਾਸ ਹੈ- ਵਰਾਂਡੇ ਵਿੱਚ ਸਵੱਛ ਭਾਰਤ ਦਾ ਪਖਾਨਾ ਮਾਣ ਨਾਲ ਖੜ੍ਹਾ ਹੈ। ਸਿਰ ਉੱਪਰ ਪੱਕੀ ਛੱਤ ਹੈ, ਅਤੇ ਉਸ ਦੇ ਮਾਲਕਾਣਾ ਹੱਕ 'ਤੇ ਪਹਿਲੀ ਵਾਰ ਘਰ ਦੀ ਮਹਿਲਾ ਦਾ ਨਾਮ ਲਿਖਿਆ ਹੋਇਆ ਹੈ। ਪਰਸ ਵਿੱਚ ਜਨ-ਧਨ ਦੀ ਪਾਸਬੁੱਕ ਹੈ ਅਤੇ ਫੋਨ ਵਿੱਚ ਯੂਪੀਆਈ ਦਾ ਐਪ ਹੈ।

ਇਹ ਕਿਸੇ ਪੋਸਟਰ 'ਤੇ ਛਪੀ ਕੋਈ ਕਾਲਪਨਿਕ ਤਸਵੀਰ ਨਹੀਂ, ਸਗੋਂ ਮੋਦੀ ਸਰਕਾਰ ਦੇ ਬਾਰ੍ਹਾਂ ਵਰ੍ਹ?ਆਂ ਵਿੱਚ ਮਹਿਲਾ ਸਸ਼ਕਤੀਕਰਣ ਦਾ ਇੱਕ ਅਜਿਹਾ ਸੱਚ ਹੈ, ਜਿਸ ਨੂੰ ਦੇਸ਼ ਦੀਆਂ ਕਰੋੜਾਂ ਮਹਿਲਾਵਾਂ ਹਰ ਰੋਜ਼ ਜੀਅ ਰਹੀਆਂ ਹਨ। ਇਹ ਉਸ ਦੌਰ ਦੀ ਦਾਸਤਾਂ ਹੈ ਜਿਸ ਵਿੱਚ Women Led Development ਦੇ ਵਿਜ਼ਨ ਨਾਲ ਭਾਰਤੀ ਨਾਰੀ ਵਿਕਸਿਤ ਭਾਰਤ ਦੀ ਸ਼ਿਲਪਕਾਰ ਬਣ ਰਹੀਆਂ ਹਨ।

ਇਸ ਤਬਦੀਲੀ ਦੀ ਵਿਸ਼ਾਲਤਾ ਨੂੰ ਸਮਝਣ ਲਈ ਇੱਕ ਦਹਾਕਾ ਪਿੱਛੇ ਜਾਓ। ਇੱਕ ਸਮੇਂ ਮਾਤਾਵਾਂ ਦੀ ਮੌਤ ਦਰ 212 ਸੀ। ਨਿਰਭਯਾ ਵਰਗੀ ਘਟਨਾ 'ਤੇ ਦੇਸ਼ ਦਾ ਗੁੱਸਾ ਸੜਕਾਂ 'ਤੇ ਸੀ, ਪਰ ਵਿਵਸਥਾ ਵਿੱਚ ਢਾਂਚਾਗਤ ਇੱਛਾਸ਼ਕਤੀ ਅਤੇ ਸੰਵੇਦਨਸ਼ੀਲਤਾ ਦੀ ਘਾਟ ਦਿਖਾਈ ਦਿੰਦੀ ਸੀ। ਮਹਿਲਾ ਰਾਖਵਾਂਕਰਨ ਬਿਲ 1996 ਤੋਂ ਚਾਰ ਵਾਰ ਵਿਚਾਲੇ ਹੀ ਲਟਕਿਆ ਰਿਹਾ ਅਤੇ ਤਿੰਨ ਤਲਾਕ 'ਤੇ ਦਹਾਕਿਆਂ ਤੱਕ ਕੋਈ ਫੈਸਲਾਕੁੰਨ ਕਾਰਵਾਈ ਨਹੀਂ ਹੋਈ। ਚੁੱਲ੍ਹਾ ਸਾਹਾਂ ਵਿੱਚ ਕਾਲਖ ਘੋਲਦਾ ਸੀ। ਦੂਰ-ਦੁਰਾਡੇ ਹੈਂਡਪੰਪ ਰੋਜ਼ਾਨਾ ਦੀ ਬੇਬਸੀ ਦਾ ਪ੍ਰਤੀਕ ਸੀ। ਭਾਰਤੀ ਨਾਰੀ ਇੱਕ ਨਵੀਂ ਸਵੇਰ ਦੀ ਉਡੀਕ ਵਿੱਚ ਆਪਣੇ ਹਿੱਸੇ ਦੀ ਉਮੀਦ ਨੂੰ ਬਚਾਏ ਹੋਏ ਸੀ।

UN-MMEIG ਦੇ ਅਨੁਸਾਰ ਜਿੱਥੇ ਆਲਮੀ ਪੱਧਰ 'ਤੇ ਮਾਤਾਵਾਂ ਦੀ ਮੌਤ ਦਰ ਵਿੱਚ ਸਿਰਫ਼ 48% ਦੀ ਕਮੀ ਆਈ, ਉੱਥੇ ਹੀ ਭਾਰਤ ਨੇ 86% ਦੀ ਇਤਿਹਾਸਕ ਗਿਰਾਵਟ ਦਰਜ ਕੀਤੀ ਹੈ। ਸੰਸਥਾਗਤ ਜਣੇਪੇ 38.7% ਤੋਂ ਵਧ ਕੇ 90.6% ਹੋ ਚੁੱਕੇ ਹਨ। ਪ੍ਰਧਾਨ ਮੰਤਰੀ ਮਾਤ੍ਰ ਵੰਦਨਾ ਯੋਜਨਾ ਨੇ ਚਾਰ ਕਰੋੜ ਤੋਂ ਵੱਧ ਮਾਤਾਵਾਂ ਦੇ ਬੈਂਕ ਖਾਤਿਆਂ ਵਿੱਚ 20,000 ਕਰੋੜ ਰੁਪਏ ਤੋਂ ਵੱਧ ਸਿੱਧੇ ਟ੍ਰਾਂਸਫਰ ਕਰਕੇ ਸੁਰਕਸ਼ਿਤ ਮਾਤ੍ਰਿਤਵ ਅਤੇ ਸਵਸਥ ਬਚਪਨ ਦੀ ਨੀਂਹ ਮਜ਼ਬੂਤ ਕੀਤੀ ਹੈ।

ਦੇਸ਼ ਵਿੱਚ ਬਣੇ 12 ਕਰੋੜ ਤੋਂ ਵੱਧ ਘਰੇਲੂ ਪਖਾਨਿਆਂ ਨੇ ਮਹਿਲਾਵਾਂ ਨੂੰ ਮਾਣ ਦਿੱਤਾ। 10.5 ਕਰੋੜ ਤੋਂ ਵੱਧ ਉੱਜਵਲਾ ਕਨੈਕਸ਼ਨਾਂ ਨਾਲ ਧੂੰਏਂ ਤੋਂ ਮੁਕਤੀ ਦਿੱਤੀ। ਅੱਜ 16 ਕਰੋੜ ਤੋਂ ਵੱਧ ਘਰਾਂ ਤੱਕ ਨਲ ਦਾ ਪਾਣੀ ਪਹੁੰਚ ਚੁੱਕਿਆ ਹੈ- ਜਦਕਿ 2014 ਵਿੱਚ ਸਿਰਫ਼ 17% ਪਰਿਵਾਰਾਂ ਕੋਲ ਹੀ ਇਹ ਸਹੂਲਤ ਸੀ। ਪ੍ਰਧਾਨ ਮੰਤਰੀ ਆਵਾਸ ਯੋਜਨਾ ਦੇ ਲਗਭਗ 4 ਕਰੋੜ ਘਰਾਂ ਵਿੱਚੋਂ 73% ਘਰ ਮਹਿਲਾਵਾਂ ਦੇ ਨਾਮ 'ਤੇ ਹਨ। ਸੁਤੰਤਰ ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਰਕਾਰੀ ਰਿਕਾਰਡ 'ਤੇ ਮਾਂ-ਭੈਣਾਂ ਦਾ ਨਾਮ ਮਾਣ ਨਾਲ ਦਰਜ ਹੈ। ਮਾਣ-ਸਨਮਾਨ ਮਾਲਕੀ ਲਿਆਇਆ, ਅਤੇ ਮਾਲਕੀ ਨੇ ਫੈਸਲਾ ਲੈਣ ਦਾ ਆਤਮਵਿਸ਼ਵਾਸ ਦਿੱਤਾ। ਆਰਥਿਕ ਭਾਗੀਦਾਰੀ ਦਾ ਇਹ ਵਿਸਥਾਰ ਬੈਂਕ ਖਾਤੇ ਤੋਂ ਸ਼ੁਰੂ ਹੋ ਕੇ ਉੱਦਮਤਾ ਤੱਕ ਪਹੁੰਚਿਆ ਹੈ। ਲਗਭਗ 56 ਕਰੋੜ ਜਨ-ਧਨ ਖਾਤਿਆਂ ਵਿੱਚ 56% ਖਾਤੇ ਮਹਿਲਾਵਾਂ ਦੇ ਨਾਮ 'ਤੇ ਹਨ।

ਵਰਲਡ ਬੈਂਕ ਮੰਨਦਾ ਹੈ - ਭਾਰਤ ਨੇ ਇੱਕ ਦਹਾਕੇ ਵਿੱਚ ਖਾਤਾ-ਮਾਲਕੀ ਦੇ ਜੈਂਡਰ ਗੈਪ ਨੂੰ ਜ਼ੀਰੋ 'ਤੇ ਲਿਆ ਦਿੱਤਾ ਹੈ, ਜੋ ਕਿ ਆਲਮੀ ਵਿੱਤੀ ਸਮਾਵੇਸ਼ ਦੇ ਇਤਿਹਾਸ ਵਿੱਚ ਬੇਮਿਸਾਲ ਹੈ। ਮੁਦਰਾ ਯੋਜਨਾ ਦੇ ਤਹਿਤ 52 ਕਰੋੜ ਤੋਂ ਵੱਧ ਜਮਾਨਤ-ਮੁਕਤ ਲੋਨਸ ਵਿੱਚੋਂ 68% ਲੋਨ ਮਹਿਲਾਵਾਂ ਨੂੰ ਮਿਲੇ ਹਨ। ਸਟੈਂਡ-ਅੱਪ ਇੰਡੀਆ ਨੇ ਮਹਿਲਾ ਉੱਦਮੀਆਂ ਨੂੰ 43,000 ਕਰੋੜ ਰੁਪਏ ਤੋਂ ਵੱਧ ਦਿੱਤੇ ਹਨ ਅਤੇ ਦੀਨਦਿਆਲ ਅੰਤਯੋਦਯ ਯੋਜਨਾ- ਰਾਸ਼ਟਰੀ ਗ੍ਰਾਮੀਣ ਆਜੀਵਿਕਾ ਮਿਸ਼ਨ (DAY-NRLM) ਦੇ ਤਹਿਤ 91 ਲੱਖ ਤੋਂ ਵੱਧ ਸਵੈ-ਸਹਾਇਤਾ ਸਮੂਹਾਂ (SHGs) ਨੇ 12 ਲੱਖ ਕਰੋੜ ਰੁਪਏ ਤੋਂ ਵੱਧ ਦੀ ਪੂੰਜੀ ਇਕੱਠੀ ਕੀਤੀ ਹੈ। ਨਿਰਧਾਰਿਤ ਸਮੇਂ ਤੋਂ ਪਹਿਲਾਂ 3 ਕਰੋੜ ਭੈਣਾਂ 'ਲਖਪਤੀ ਦੀਦੀਆਂ' ਬਣ ਚੁੱਕੀਆਂ ਹਨ। ਇਹ ਤਬਦੀਲੀ ਸਿੱਖਿਆ ਅਤੇ ਰੁਜ਼ਗਾਰ ਵਿੱਚ ਵੀ ਸਪਸ਼ਟ ਹੈ। ਦੇਸ਼ ਵਿੱਚ ਮਹਿਲਾ -ਕਿਰਤ ਸ਼ਕਤੀ ਭਾਗੀਦਾਰੀ (LFPR) ਸਾਲ 2017-18 ਦੇ 23.3% ਤੋਂ ਵਧ ਕੇ ਸਾਲ 2023-24 ਵਿੱਚ 41.7% ਹੋ ਗਈ ਹੈ, ਜਦਕਿ ਪੇਂਡੂ ਖੇਤਰਾਂ ਵਿੱਚ ਇਹ ਭਾਗੀਦਾਰੀ 47.6% ਤੱਕ ਪਹੁੰਚ ਚੁੱਕੀ ਹੈ। ਸੁਕੰਨਿਆ ਸਮ੍ਰਿੱਧੀ ਯੋਜਨਾ ਦੇ ਤਹਿਤ ਹੁਣ ਤੱਕ 4.53 ਕਰੋੜ ਖਾਤਿਆਂ ਵਿੱਚ 3.33 ਲੱਖ ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਜਮ੍ਹਾਂ ਹੈ। ਉੱਚ ਸਿੱਖਿਆ ਵਿੱਚ ਸਾਡਾ ਜੈਂਡਰ ਸਮਾਨਤਾ ਸੂਚਕਾਂਕ (GPI) 1 ਦੇ ਪਾਰ ਹੈ ਅਤੇ STEM ਸਿੱਖਿਆ ਵਿੱਚ ਬੇਟੀਆਂ ਦੀ ਭਾਗੀਦਾਰੀ 43% ਹੈ, ਜੋ ਆਲਮੀ ਪੱਧਰ 'ਤੇ ਸਭ ਤੋਂ ਵੱਧ ਵਿੱਚੋਂ ਇੱਕ ਹੈ।

ਇਹ ਤਬਦੀਲੀ ਸਿਰਫ਼ ਅਨੁਭਵਾਂ ਵਿੱਚ ਨਹੀਂ, SRS, NFHS, PLFS, ਵਰਲਡ ਬੈਂਕ ਅਤੇ ਸੰਯੁਕਤ ਰਾਸ਼ਟਰ -ਹਰ ਰਿਪੋਰਟ ਇੱਕ ਹੀ ਦਿਸ਼ਾ ਵੱਲ ਇਸ਼ਾਰਾ ਕਰਦੀ ਹੈ : ਭਾਰਤੀ ਮਹਿਲਾ ਦੇ ਲਈ ਪਹੁੰਚ ਵਧੀ ਹੈ ਅਤੇ ਆਤਮਨਿਰਭਰਤਾ ਦਾ ਨਵਾਂ ਅਸਮਾਨ ਖੁੱਲ੍ਹਾ ਹੈ। ਇਸੇ ਆਰਥਿਕ-ਸਮਾਜਿਕ ਚੇਤਨਾ ਦਾ ਵਿਸਥਾਰ ਰਾਜਨੀਤਿਕ ਅਤੇ ਲੋਕਤੰਤਰੀ ਭਾਗੀਦਾਰੀ ਵਿੱਚ ਦਿਸ ਰਿਹਾ ਹੈ। ਸਾਲ 2019 ਦੀਆਂ ਆਮ ਚੋਣਾਂ ਵਿੱਚ ਪਹਿਲੀ ਵਾਰ ਮਹਿਲਾਵਾਂ ਦੀਆਂ ਵੋਟਾਂ ਦਾ ਪ੍ਰਤੀਸ਼ਤ ਪੁਰਸ਼ਾਂ ਤੋਂ ਵੱਧ ਰਿਹਾ। ਸਾਲ 2024 ਦੀਆਂ ਲੋਕ ਸਭਾ ਚੋਣਾਂ ਵਿੱਚ 31.2 ਕਰੋੜ ਮਹਿਲਾਵਾਂ ਨੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ- ਇਹ ਆਲਮੀ ਪੱਧਰ 'ਤੇ ਮਹਿਲਾਵਾਂ ਦੀ ਸਭ ਤੋਂ ਵੱਡੀ ਲੋਕਤੰਤਰੀ ਭਾਗੀਦਾਰੀ ਸੀ। ਇਸੇ ਦੇ ਸਿੱਟੇ ਵਜੋਂ ਦਹਾਕਿਆਂ ਤੋਂ ਪੈਂਡਿੰਗ 'ਨਾਰੀ ਸ਼ਕਤੀ ਵੰਦਨ ਅਧਿਨਿਯਮ' ਸੰਸਦ ਵਿੱਚ ਇਤਿਹਾਸਕ ਸਰਵ-ਸਹਿਮਤੀ ਨਾਲ ਪਾਸ ਹੋਇਆ। ਅੱਜ ਜ਼ਮੀਨੀ ਪੱਧਰ 'ਤੇ 14.5 ਲੱਖ ਤੋਂ ਵੱਧ ਮਹਿਲਾ ਪ੍ਰਤੀਨਿਧੀ ਪੰਚਾਇਤਾਂ ਦੀ ਅਗਵਾਈ ਕਰ ਰਹੀਆਂ ਹਨ। ਦੇਸ਼ ਦੀ ਰੱਖਿਆ ਦੀ ਫਰੰਟ ਲਾਈਨ ਵਿੱਚ ਵੀ ਮਹਿਲਾਵਾਂ ਰਾਫੇਲ ਉਡਾ ਰਹੀਆਂ ਹਨ ਅਤੇ ਜਲ ਸੈਨਾ ਦੀ ਕਮਾਨ ਸੰਭਾਲ ਰਹੀਆਂ ਹਨ।

ਮੁਸਲਿਮ ਮਹਿਲਾ (ਵਿਆਹ ਅਧਿਕਾਰ ਦੀ ਸੁਰੱਖਿਆ) ਐਕਟ, 2019 ਨੇ ਤਿੰਨ ਤਲਾਕ 'ਤੇ ਪ੍ਰਭਾਵਸ਼ਾਲੀ ਰੋਕ ਲਗਾਈ, ਜਿਸ ਨਾਲ ਅਜਿਹੇ ਮਾਮਲਿਆਂ ਵਿੱਚ 82% ਦੀ ਕਮੀ ਆਈ ਹੈ। ਦੇਸ਼ ਭਰ ਵਿੱਚ ਸਥਾਪਿਤ 973 ਵੰਨ ਸਟੌਪ ਸੈਂਟਰਾਂ 'ਤੇ ਮੁਸੀਬਤ ਵਿੱਚ ਫਸੀਆਂ ਮਹਿਲਾਵਾਂ ਨੂੰ ਇੱਕ ਹੀ ਛੱਤ ਹੇਠਾਂ ਇਲਾਜ, ਕਾਨੂੰਨੀ ਸਹਾਇਤਾ ਅਤੇ ਕਾਉਂਸਲਿੰਗ ਮਿਲ ਰਹੀ ਹੈ। Women Helpline-181 ਨੇ ਹੁਣ ਤੱਕ 1 ਕਰੋੜ ਤੋਂ ਵੱਧ ਮਹਿਲਾਵਾਂ ਦੀ ਮਦਦ ਕੀਤੀ ਹੈ। ਮਿਸ਼ਨ ਸ਼ਕਤੀ, ਮਿਸ਼ਨ ਵਾਤਸਲਯ, ਸਕਸ਼ਮ ਆਂਗਣਵਾੜੀ- ਇਹ ਨਾਰੀ-ਅਗਵਾਈ ਵਾਲੇ ਭਾਰਤ ਦੀ ਰੀੜ੍ਹ ਦੀ ਹੱਡੀ ਹਨ।

ਭਾਵੇਂ, ਮਹਿਲਾ ਸਸ਼ਕਤੀਕਰਣ ਦੇ ਰਾਹ ਵਿੱਚ ਹਾਲੇ ਵੀ ਚੁਣੌਤੀਆਂ ਹਨ, ਜਿਨ੍ਹਾਂ 'ਤੇ ਸਰਕਾਰ ਪੂਰੀ ਤਰ੍ਹਾਂ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ। ਇਸ ਦੇ ਨਾਲ ਹੀ, ਨਾਰੀ ਸ਼ਕਤੀ ਵੰਦਨ ਅਧਿਨਿਯਮ ਖੁਦ ਆਉਣ ਵਾਲੀ ਹੱਦਬੰਦੀ ਦੀ ਉਡੀਕ ਕਰ ਰਿਹਾ ਹੈ। ਸਾਡੇ ਗਣਤੰਤਰ ਦੇ ਇਤਿਹਾਸ ਵਿੱਚ ਪਹਿਲੀ ਵਾਰ ਭਾਰਤੀ ਮਹਿਲਾ ਹੁਣ ਨੀਤੀ ਨਿਰਧਾਰਣ ਦੇ ਪਟਲ 'ਤੇ ਸਿਰਫ਼ ਲਾਭਪਾਤਰੀ ਨਹੀਂ, ਸਗੋਂ ਉਸ ਦੀ ਸਰਗਰਮ 'ਸਹਿ-ਨਿਰਮਾਤਾ' ਹੈ। ਪ੍ਰਧਾਨ ਮੰਤਰੀ ਸ਼?ਰੀ ਨਰੇਂਦਰ ਮੋਦੀ ਜੀ ਦੀ ਦੂਰਦਰਸ਼ੀ ਅਗਵਾਈ ਵਿੱਚ ਉਹ ਹੁਣ ਰਾਸ਼ਟਰ-ਨਿਰਮਾਣ ਦੀ ਪ੍ਰਕਿਰਿਆ ਵਿੱਚ ਸਾਥੀ-ਯਾਤਰੀ ਹੈ, ਸਹਿਭਾਗੀ ਹੈ ਅਤੇ ਸੂਤਰਧਾਰ ਵੀ ਹੈ।

**ਸ਼੍ਰੀਮਤੀ ਅੰਨਪੂਰਨਾ ਦੇਵੀ**
**(ਲੇਖਿਕਾ ਭਾਰਤ ਸਰਕਾਰ ਵਿੱਚ ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਹਨ।)**

## ਪਿਤਾ ਦਿਵਸ ਨੂੰ ਸਮਰਪਿਤ : ਪਿਆਰਾ ਬਾਪੂ



ਗੋਦੀ ਵਿੱਚ ਬਿਠਾਉਂਦਾ ਬਾਪੂ
ਚੇਤੇ ਆਉਂਦੇ ਬਚਪਨ ਦੇ ਦਿਨ
ਮੋਢੇ ਚੁੱਕ ਖਿਡਾਉਂਦਾ ਬਾਪੂ
ਆਪਣੇ ਦੁੱਖ ਛੁਪਾਉਂਦਾ ਬਾਪੂ
ਮੇਰੀ ਹਰ ਇੱਕ ਕਾਮਯਾਬੀ 'ਤੇ
ਰੱਜ ਕੇ ਖ਼ੁਸ਼ੀ ਮਨਾਉਂਦਾ ਬਾਪੂ
ਹੌਸਲਾ ਕਦੇ ਨਾ ਢਾਹੁੰਦਾ ਬਾਪੂ
ਰੱਬ ਦੀ ਰਜ਼ਾ 'ਚ ਰਾਜ਼ੀ ਰਹਿਣਾ
ਇਹੋ ਸੀ ਸਮਝਾਉਂਦਾ ਬਾਪੂ
ਗ਼ਮ ਤੋਂ ਨਾ ਘਬਰਾਉਂਦਾ ਬਾਪੂ
ਤੰਗੀਆਂ-ਤੁਰਸ਼ੀਆਂ ਪਿੰਡੇ ਝੱਲਦਾ
ਸਾਨੂੰ ਹੱਸ ਵਿਖਾਉਂਦਾ ਬਾਪੂ
ਬਾਬੇ ਦੇ ਗੁਣ ਗਾਉਂਦਾ ਬਾਪੂ
ਹੱਕ ਪਰਾਇਆ ਕਦੇ ਨੀ ਖਾਣਾ
ਸਦਾ ਹੀ ਸੀ ਸਮਝਾਉਂਦਾ ਬਾਪੂ
ਮੇਲੇ ਵਿੱਚ ਘੁਮਾਉਂਦਾ ਬਾਪੂ
ਬੰਟੇ ਵਾਲਾ ਬੱਤਾ ਪੀਣਾ
ਜ਼ਿੱਦ ਵੀ ਸੀ ਪੁਗਾਉਂਦਾ ਬਾਪੂ
ਹੱਡ-ਭੰਨ ਕਿਰਤ ਕਮਾਉਂਦਾ ਬਾਪੂ
ਪਰ ਕੋਈ ਸੀ ਰਾਜਾ ਲੱਗਦਾ
ਕੰਮ ਤੋਂ ਮੁੜ ਕੇ ਆਉਂਦਾ ਬਾਪੂ
ਗੁਰੂ ਘਰ ਸਿਰ ਨਿਵਾਉਂਦਾ ਬਾਪੂ
ਰੱਬ ਵਰਗਾ ਲੱਗਦਾ ਸੀ ਮੈਨੂੰ
ਰੱਬ ਦਾ ਨਾਉਂ ਧਿਆਉਂਦਾ ਬਾਪੂ
ਰੁੱਸੇ ਨੂੰ ਝੱਟ ਮਨਾਉਂਦਾ ਬਾਪੂ
ਦਿਲ ਕਰਦੈ ਘੁੱਟ ਸੀਨੇ ਲਾਵੇ
'ਕੁੱਕੂ' ਕਹਿ ਬੁਲਾਉਂਦਾ ਬਾਪੂ
ਯਾਦ ਬੜਾ ਹੀ ਆਉਂਦਾ ਬਾਪੂ
ਜੀਵਨ ਜਾਚ ਸਿਖਾਵੇ ਮੈਨੂੰ
ਫ਼ੋਟੋ ਵਿੱਚ ਮੁਸਕਾਉਂਦਾ ਬਾਪੂ।

ਅ.ਜੇ. ਪ੍ਰੇਮ।

# ਭਾਰਤ ਤੋਂ ਸ਼ਿਕਾਗੋ ਅਤੇ ਫਿਰ ਹੁਗਲੀ ਤੱਕ ਸਵਾਮੀ ਵਿਵੇਕਾਨੰਦ ਦੇ ਯੋਗ ਸੰਦੇਸ਼ ਦੀ ਆਲਮੀ ਯਾਤਰਾ

ਸਮੁੱਚੇ ਇਤਿਹਾਸ ਵਿੱਚ, ਕੁਝ ਵਿਚਾਰ ਸਰਹੱਦਾਂ ਦੇ ਪਾਰ ਜਾ ਕੇ ਸਮਾਜਾਂ ਨੂੰ ਬਦਲਦੇ ਰਹੇ ਹਨ। ਯੋਗ ਭਾਰਤ ਦੀਆਂ ਪ੍ਰਾਚੀਨ ਪਰੰਪਰਾਵਾਂ ਵਿੱਚੋਂ ਇੱਕ ਹੈ, ਜਿਸ ਦੀ ਯਾਤਰਾ ਪ੍ਰਾਚੀਨ ਸ਼ਾਸਤਰਾਂ ਤੋਂ ਸ਼ੁਰੂ ਹੋ ਕੇ ਆਲਮੀ ਮਾਨਤਾ ਤੱਕ ਜਾ ਪਹੁੰਚੀ ਹੈ।

ਯੋਗ ਸ਼ਬਦ- ਜੋ ਸੰਸਕ੍ਰਿਤ ਦੇ ਮੂਲ ਸ਼ਬਦ ਯੁਜ਼ ਤੋਂ ਲਿਆ ਗਿਆ ਹੈ, ਜਿਸ ਦਾ ਅਰਥ ਹੈ 'ਜੋੜਨਾ' ਜਾਂ 'ਏਕਤਾ ਸਥਾਪਿਤ ਕਰਨਾ'- ਆਪਣੇ ਅੰਦਰ ਦਾਰਸ਼ਨਿਕ ਚਿੰਤਨ ਅਤੇ ਵਿਵਹਾਰਕ ਅਨੁਸ਼ਾਸਨ ਦੀ ਇੱਕ ਸਮੁੱਚੀ ਪ੍ਰਣਾਲੀ ਸਮਾਈ/(ਜਜ਼ਬ ਕੀਤੀ) ਹੋਈ ਹੈ, ਜਿਸ ਦਾ ਉਦੇਸ਼ ਵਿਅਕਤੀ (ਜੀਵ ਆਤਮਾ) ਦਾ ਵਿਸ਼ਵਵਿਆਪੀ ਚੇਤਨਾ (ਪ੍ਰਮਾਤਮਾ) ਨਾਲ ਮਿਲਾਨ ਕਰਵਾਉਣਾ ਹੈ।

ਯੋਗ ਦੇ ਸ਼ੁਰੂਆਤੀ ਬੀਜ ਰਿਗਵੇਦ (ਲਗਭਗ 1500-1200 ਈ. ਪੂਰਵ) ਵਿੱਚ ਮਿਲਦੇ ਹਨ, ਜਿੱਥੇ ਤਪ ਅਤੇ ਧਿਆਨ ਵਰਗੀਆਂ ਧਾਰਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਅੱਗੇ ਚੱਲ ਕੇ ਇਨ੍ਹਾਂ ਵਿਚਾਰਾਂ ਦਾ ਵਿਕਾਸ ਉਪਨਿਸ਼ਦਾਂ ਵਿੱਚ ਹੋਇਆ, ਜਿਨ੍ਹਾਂ ਨੇ ਯੋਗ ਦੇ ਕਈ ਦਾਰਸ਼ਨਿਕ ਸਿਧਾਂਤਾਂ ਨੂੰ ਸਪਸ਼ਟ ਰੂਪ ਵਿੱਚ ਬਿਆਨ ਕੀਤਾ। ਹਾਲਾਂਕਿ ਯੋਗ ਨੂੰ ਉਸ ਦਾ ਸਭ ਤੋਂ ਯੋਜਨਾਬੱਧ ਸਰੂਪ ਮਹਾਰਿਸ਼ੀ ਪਤੰਜਲੀ ਦੁਆਰਾ ਰਚੇ ਗਏ ਯੋਗਸੂਤਰ ( ਲਗਭਗ 200 ਈ.ਪੂਰਵ-400 ਈਸਵੀ) ਨੇ ਪ੍ਰਦਾਨ ਕੀਤਾ- ਇਸ ਵਿੱਚ ਅਸ਼ਟਾਂਗ ਯੋਗ ਜਾਂ ਅੱਠ ਅੰਗਾਂ ਵਾਲੇ ਮਾਰਗ ਦਾ ਵਰਣਨ ਕੀਤਾ ਗਿਆ ਹੈ, ਜਿਸ ਵਿੱਚ ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤਿਆਹਾਰ, ਧਾਰਨਾ, ਧਿਆਨ ਅਤੇ ਸਮਾਧੀ ਸ਼ਾਮਲ ਹਨ।

ਪਤੰਜਲੀ ਤੋਂ ਇਲਾਵਾ, ਭਗਵਦ ਗੀਤਾ ਯੋਗ ਨੂੰ ਜੀਵਨ ਜਿਉਣ ਦੇ ਗਤੀਸ਼ੀਲ ਦਰਸ਼ਨ ਵਜੋਂ ਪੇਸ਼ ਕਰਦੀ ਹੈ। ਕੁਰੂਕਸ਼ੇਤਰ ਦੇ ਯੁੱਧ ਖੇਤਰ ਦੇ ਪਿਛੋਕੜ ਵਿੱਚ ਭਗਵਾਨ ਸ਼?ਰੀ ਕ੍ਰਿਸ਼ਨ ਅਤੇ ਅਰਜੁਨ ਵਿਚਕਾਰ ਸੰਵਾਦ ਮਨੁੱਖੀ ਫਰਜ਼, ਉਦੇਸ਼ ਅਤੇ ਅਧਿਆਤਮਿਕ ਉੱਨਤੀ ਦੇ ਵਿਸ਼ੇ ਵਿੱਚ ਡੂੰਘੀ ਅੰਤਰਦ੍ਰਿਸ਼ਟੀ ਪ੍ਰਦਾਨ ਕਰਦਾ ਹੈ। ਭਗਵਦ ਗੀਤਾ ਵਿੱਚ ਵਰਣਿਤ ਵੱਖ -ਵੱਖ ਮਾਰਗਾਂ ਵਿੱਚ ਕਰਮ ਯੋਗ (ਨਿਰਸੁਆਰਥ ਕਰਮ ਦਾ ਮਾਰਗ), ਗਿਆਨ ਯੋਗ (ਗਿਆਨ ਦਾ ਮਾਰਗ) ਅਤੇ ਭਗਤੀ ਯੋਗ (ਭਗਤੀ ਦਾ ਮਾਰਗ) ਮੁਕਤੀ ਪ੍ਰਾਪਤੀ ਦੇ ਤਿੰਨ ਮੁੱਖ ਪਥ ਮੰਨੇ ਗਏ ਹਨ। ਇਸ ਲਈ ਭਾਰਤ ਸਿਰਫ਼ ਯੋਗ ਦੀ ਜਨਮ ਭੂਮੀ ਹੀ ਨਹੀਂ ਹੈ- ਇਹ ਇੱਕ ਜੀਵੰਤ ਸੱਭਿਅਤਾ ਹੈ, ਜਿੱਥੇ ਯੋਗ ਹਜ਼ਾਰਾਂ ਵਰ੍ਹ?ਆਂ ਤੋਂ ਸੁਭਾਵਿਕ ਤੌਰ 'ਤੇ ਵਿਕਸਿਤ ਹੋਇਆ ਹੈ, ਅਤੇ ਜੋ ਇਸ ਦੀ ਅਧਿਆਤਮਿਕ, ਸੱਭਿਆਚਾਰਕ ਅਤੇ ਦਾਰਸ਼ਨਿਕ ਸੰਚਰਨਾ ਦਾ ਅਨਿੱਖੜਵਾਂ ਅੰਗ ਰਿਹਾ ਹੈ।

ਹਾਲਾਂਕਿ, ਬਸਤੀਵਾਦੀ ਸ਼ਾਸਨ ਦੌਰਾਨ ਭਾਰਤੀ ਸਮਾਜ ਦੇ ਸਿੱਖਿਅਤ ਵਰਗ ਦਾ ਇੱਕ ਵੱਡਾ ਹਿੱਸਾ ਪੱਛਮੀ ਬੌਧਿਕ ਵਿਚਾਰ ਧਾਰਾਵਾਂ ਤੋਂ ਪ੍ਰਭਾਵਿਤ ਹੋਣ ਅਤੇ ਯੋਗ ਸਮੇਤ ਭਾਰਤ ਦੀਆਂ ਅਨੇਕਾਂ ਰਵਾਇਤੀ ਗਿਆਨ-ਪਰੰਪਰਾਵਾਂ ਨੂੰ ਬਦਲਦੀ ਆਧੁਨਿਕ ਦੁਨੀਆ ਵਿੱਚ ਮੁਕਾਬਲਤਨ ਘੱਟ ਪ੍ਰਾਸੰਗਿਕ ਮੰਨਿਆ ਜਾਣ ਲੱਗਿਆ। ਅਜਿਹੇ ਮਹੱਤਵਪੂਰਨ ਸਮੇਂ ਵਿੱਚ, ਸਵਾਮੀ ਵਿਵੇਕਾਨੰਦ ਇੱਕ ਮਜ਼ਬੂਤ ਸੁਰ ਬਣ ਕੇ ਉਭਰੇ, ਜਿਨ੍ਹਾਂ ਨੇ ਲੋਕਾਂ ਨੂੰ ਯੋਗ ਦੀ ਅਸਲ ਮਹੱਤਤਾ ਨੂੰ ਫਿਰ ਤੋਂ ਜਾਣਨ ਵਿੱਚ ਮਦਦ ਕੀਤੀ।

ਸਵਾਮੀ ਵਿਵੇਕਾਨੰਦ ਨੇ ਆਪਣੇ ਉਪਦੇਸ਼ਾਂ ਅਤੇ ਵਿਸ਼ਵ ਧਰਮ ਸੰਸਦ ਵਿੱਚ ਦਿੱਤੇ ਗਏ ਇਤਿਹਾਸਕ ਭਾਸ਼ਣ ਰਾਹੀਂ ਦੁਨੀਆ ਦਾ ਧਿਆਨ ਭਾਰਤ ਦੀ ਅਧਿਆਤਮਿਕ ਵਿਰਾਸਤ ਵੱਲ ਆਕਰਸ਼ਿਤ ਕੀਤਾ ਅਤੇ ਯੋਗ ਦੀ ਸਦੀਵੀ ਗਿਆਨ ਪਰੰਪਰਾ ਪ੍ਰਤੀ ਲੋਕਾਂ ਵਿੱਚ ਨਵਾਂ ਵਿਸ਼ਵਾਸ ਜਗਾਇਆ। ਉਨ੍ਹਾਂ ਨੇ ਵਿਸ਼ਵ ਦੇ ਵੱਖ-ਵੱਖ ਹਿੱਸਿਆਂ ਦੇ ਲੋਕਾਂ ਨਾਲ ਵੇਦਾਂਤ ਅਤੇ ਯੋਗ ਦੇ ਸਿਧਾਂਤ ਸਾਂਝੇ ਕੀਤੇ ਅਤੇ ਇਹ ਸਪਸ਼ਟ ਕੀਤਾ ਕਿ ਯੋਗ ਸਿਰਫ ਇੱਕ ਧਾਰਮਿਕ ਸਾਧਨਾ ਨਹੀਂ ਹੈ, ਸਗੋਂ ਨਿਜੀ ਵਿਕਾਸ, ਅੰਦਰੂਨੀ ਸ਼ਾਂਤੀ ਅਤੇ ਆਤਮ-ਵਿਕਾਸ ਦਾ ਮਾਰਗ ਵੀ ਹੈ। ਵਿਦੇਸ਼ਾਂ ਵਿੱਚ ਸਵਾਮੀ ਵਿਵੇਕਾਨੰਦ ਨੂੰ ਮਿਲੇ ਵਿਆਪਕ ਸਨਮਾਨ ਅਤੇ ਸ਼ਲਾਘਾ ਨੇ ਭਾਰਤੀਆਂ ਦੇ ਮਨ ਵਿੱਚ ਆਪਣੀਆਂ ਪ੍ਰਾਚੀਨ ਪਰੰਪਰਾਵਾਂ ਅਤੇ ਸੱਭਿਆਚਾਰਕ ਦੇ ਪ੍ਰਤੀ ਨਵਾਂ ਭਰੋਸਾ ਅਤੇ ਮਾਣ ਪੈਦਾ ਕੀਤਾ।

ਸਵਾਮੀ ਵਿਵੇਕਾਨੰਦ ਨੇ ਸ਼ਿਕਾਗੋ- ਅਤੇ ਉਸ ਤੋਂ ਬਾਅਦ ਅਮਰੀਕਾ ਭਰ ਵਿੱਚ ਅਤੇ ਯੂਰੋਪ ਦੇ ਵੱਖ-ਵੱਖ ਦੇਸ਼ਾਂ ਵਿੱਚ ਆਪਣੇ ਭਾਸ਼ਣਾਂ ਰਾਹੀਂ ਪੱਛਮੀ ਜਗਤ ਨੂੰ ਰਾਜਯੋਗ (ਮਨ ਦੇ ਕੰਟਰੋਲ ਦਾ ਯੋਗ), ਗਿਆਨ ਯੋਗ (ਸੂਝ-ਬੂਝ ਅਤੇ ਗਿਆਨ ਦਾ ਮਾਰਗ); ਕਰਮਯੋਗ (ਨਿਰਸੁਆਰਥ ਸੇਵਾ ਦਾ ਮਾਰਗ) ਅਤੇ ਭਗਤੀ ਯੋਗ (ਪ੍ਰਮਾਤਮਾ-ਪ੍ਰੇਮ ਅਤੇ ਸਮਰਪਣ ਦਾ ਮਾਰਗ) ਨਾਲ ਜਾਣੂ ਕਰਵਾਇਆ। ਪਤੰਜਲੀ ਦੇ ਯੋਗ ਸੂਤਰਾਂ 'ਤੇ ਅਧਾਰਿਤ ਉਨ੍ਹਾਂ ਦੀ ਪੁਸਤਕ ਰਾਜਯੋਗ (1896), ਪੱਛਮੀ ਸਮਾਜ ਲਈ ਯੋਗ ਦਰਸ਼ਨ ਦਾ ਪਰੀਚੈ ਕਰਵਾਉਣ ਵਾਲੀ ਸ਼ੁਰੂਆਤੀ-ਸਭ ਤੋਂ ਵੱਧ ਪ੍ਰਭਾਵਸ਼ਾਲੀ ਲਿਖਤਾਂ ਵਿੱਚੋਂ ਇੱਕ ਬਣ ਗਈ।

ਜੋ ਗੱਲ ਸ਼ਾਇਦ ਘੱਟ ਚਰਚਾ ਵਿੱਚ ਹੈ- ਪਰੰਤੂ ਓਨੀ ਹੀ ਮਹੱਤਵਪੂਰਨ ਹੈ- ਉਹ ਇਹ ਹੈ ਕਿ ਪੱਛਮੀ ਦੇਸ਼ਾਂ ਵਿੱਚ ਸਵਾਮੀ ਵਿਵੇਕਾਨੰਦ ਦੇ ਕਾਰਜਾਂ ਨੇ ਭਾਰਤ ਅੰਦਰ ਹੀ ਯੋਗ ਦੇ ਪੁਨਰਜਾਗਰਣ ਨੂੰ ਪ੍ਰੇਰਿਤ ਕੀਤਾ। ਜਦੋਂ ਸਵਾਮੀ ਵਿਵੇਕਾਨੰਦ 1897 ਵਿੱਚ ਭਾਰਤ ਪਰਤੇ, ਤਾਂ ਉਹ ਖਾਲੀ ਹੱਥ ਵਾਪਸ ਨਹੀਂ ਆਏ ਸਨ। ਉਹ ਆਪਣੇ ਨਾਲ ਇੱਕ ਨਵਾਂ ਆਤਮਵਿਸ਼ਵਾਸ-ਭਾਰਤ ਦੀ ਅਧਿਆਤਮਿਕ ਵਿਰਾਸਤ 'ਤੇ ਮਾਣ ਦੀ ਇੱਕ ਨਵੀਂ ਭਾਵਨਾ ਲਿਆਏ ਸਨ- ਜੋ ਕਿ ਪੱਛਮ ਵਿੱਚ ਉਨ੍ਹਾਂ ਦੇ ਸੁਆਗਤ ਨਾਲ ਹੋਰ ਵਧ ਗਈ ਸੀ।

11 ਸਤੰਬਰ 1893 ਨੂੰ, , 'ਅਮਰੀਕਾ ਦੇ ਭੈਣੋ ਅਤੇ ਭਰਾਵੋ', ਦੀਆਂ ਅਮਰ ਸ਼ੁਭਕਾਮਨਾਵਾਂ ਨਾਲ ਸ਼ੁਰੂ ਕਰਦੇ ਹੋਏ, ਸਵਾਮੀ ਵਿਵੇਕਾਨੰਦ ਨੇ ਵਿਸ਼ਵ ਧਰਮ ਸੰਸਦ ਵਿੱਚ ਆਪਣੇ ਇਤਿਹਾਸਕ ਭਾਸ਼ਣ ਰਾਹੀਂ ਦੁਨੀਆ ਨੂੰ ਭਾਰਤ ਦੇ ਅਧਿਆਤਮਿਕ ਗਿਆਨ ਨਾਲ ਜਾਣੂ ਕਰਵਾਇਆ। ਹੁਣ ਇਹ ਲਾਈਨਾਂ ਪੱਛਮੀ ਬੰਗਾਲ ਦੇ ਭੈਣੋ ਅਤੇ ਭਰਾਵੋ, ਆਪਣੇ ਘਰ ਵਿੱਚ ਹੀ ਯੋਗ ਦੀ ਘਰ ਵਾਪਸੀ ਦੇ ਗਵਾਹ ਬਣੋ - ਸ਼ਿਕਾਗੋ ਦੇ ਵਿਸ਼ਵ ਮੰਚ ਤੋਂ ਲੈ ਕੇ ਹੁਗਲੀ ਦੇ ਕੰਢਿਆਂ ਤੱਕ।÷ ਇਹ ਡੂੰਘੇ ਭਾਵਨਾਤਮਕ ਸਬੰਧ ਨੂੰ ਪ੍ਰਗਟ ਕਰਦੀਆਂ ਹਨ, ਜੋ ਸਾਨੂੰ ਉਸ ਇਤਿਹਾਸਕ ਪਲ ਦੀ ਯਾਦ ਦਿਵਾਉਂਦੀਆਂ ਹਨ ਜਦੋਂ ਸਵਾਮੀ ਵਿਵੇਕਾਨੰਦ ਨੇ ਦੁਨੀਆ ਨੂੰ ਭਾਰਤ ਦੇ ਅਧਿਆਤਮਿਕ ਗਿਆਨ ਨਾਲ ਜਾਣੂ ਕਰਵਾਇਆ ਸੀ। ਉਨ੍ਹਾਂ ਦਾ ਸੰਦੇਸ਼ ਭਾਰਤ ਤੋਂ ਦੁਨੀਆ ਤੱਕ ਪਹੁੰਚਿਆ ਅਤੇ ਯੋਗ, ਸਦਭਾਵਨਾ ਅਤੇ ਅੰਦਰੂਨੀ ਸ਼ਾਂਤੀ ਦੀਆਂ ਕਦਰਾਂ-ਕੀਮਤਾਂ ਨੂੰ ਫੈਲਾਉਂਦਾ ਗਿਆ।

ਅੱਜ ਹੁਗਲੀ ਦੇ ਕੰਢਿਆਂ 'ਤੇ ਜੋ ਪਰਤਿਆ ਹੈ, ਉਹ ਖ਼ੁਦ ਯੋਗ ਨਹੀਂ ਹੈ- ਕਿਉਂਕਿ ਭਾਰਤ ਵਿੱਚ ਯੋਗ ਕਦੇ ਖਤਮ ਹੀ ਨਹੀਂ ਹੋਇਆ- ਸਗੋਂ ਯੋਗ ਦੇ ਪ੍ਰਤੀ ਉਹ ਨਵੀਂ ਆਲਮੀ ਮਾਨਤਾ ਅਤੇ ਸ਼ਲਾਘਾ ਹੈ, ਜਿਸ ਦੀ ਸ਼ੁਰੂਆਤ ਭਾਰਤ ਦੇ ਪ੍ਰਾਚੀਨ ਰਿਸ਼ੀਆਂ ਤੋਂ ਹੋਈ ਅਤੇ ਜਿਸ ਨੂੰ ਸਵਾਮੀ ਵਿਵੇਕਾਨੰਦ ਦੇ ਸੰਦੇਸ਼ ਨੇ ਵਿਸ਼ਵ ਮੰਚ 'ਤੇ ਨਵੇਂ ਰੂਪ ਵਿੱਚ ਪ੍ਰਗਟ ਕੀਤਾ।

ਅੱਜ ਕੋਲਕਾਤਾ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਦੇ ਜਸ਼ਨ ਨਾਲ, ਇੰਝ ਲੱਗ ਰਿਹਾ ਹੈ ਜਿਵੇਂ ਕਿ ਯੋਗ ਦੀ ਖ਼ੂਬਸੂਰਤੀ ਘਰ ਵਾਪਸੀ ਉਸੇ ਧਰਤੀ 'ਤੇ ਹੋ ਰਹੀ ਹੈ, ਜਿੱਥੋਂ ਇਸ ਦੇ ਸੰਦੇਸ਼ ਨੇ ਵਿਸ਼ਵ ਮੰਚ ਤੱਕ ਦੀ ਆਪਣੀ ਯਾਤਰਾ ਸ਼ੁਰੂ ਕੀਤੀ ਸੀ। ਹੁਗਲੀ ਨਦੀ ਦੇ ਕੰਢੇ 'ਤੇ ਇੱਕ ਵਾਰ ਫਿਰ ਇਸ ਗੱਲ ਦੇ ਗਵਾਹ ਬਣ ਰਹੇ ਹਾਂ ਕਿ ਲੋਕ ਇੱਕ ਅਜਿਹੀ ਪਰੰਪਰਾ ਦਾ ਜਸ਼ਨ ਮਨਾਉਣ ਲਈ ਇਕੱਠੇ ਹੋ ਰਹੇ ਹਨ, ਜਿਸ ਨੇ ਮਹਾਸਾਗਰਾਂ ਨੂੰ ਪਾਰ ਕੀਤਾ ਸੀ ਅਤੇ ਹੁਣ ਵਧੇਰੇ ਪਛਾਣ ਅਤੇ ਸਨਮਾਨ ਨਾਲ ਵਾਪਸ ਪਰਤੀ ਹੈ।

"ਸ਼ਿਕਾਗੋ ਤੋਂ ਹੁਗਲੀ"ਤੱਕ ਦੀ ਯਾਤਰਾ ਸਿਰਫ਼ ਇੱਕ ਅਭਿਆਸ ਦੀ ਯਾਤਰਾ ਨਹੀਂ ਹੈ, ਇਹ ਇੱਕ ਵਿਚਾਰ ਅਤੇ ਅਸਲ ਵਿੱਚ ਇੱਕ ਭਾਵਨਾ- ਦੀ ਯਾਤਰਾ ਹੈ- ਜੋ ਕਿ ਸੰਤੁਲਨ, ਦਿਆਲਤਾ ਅਤੇ ਆਤਮ-ਚੇਤਨਾ ਦੇ ਜ਼ਰੀਏ ਅਤੇ ਅੰਦਰੂਨੀ ਤਾਲਮੇਲ ਦੀ ਖੋਜ ਦੁਆਰਾ ਮਨੁੱਖਤਾ ਨੂੰ ਨਿਰੰਤਰ ਜੋੜਦੀ ਰਹਿੰਦੀ ਹੈ।



**ਪ੍ਰਤਾਪ ਰਾਓ ਜਾਧਵ**
**(ਲੇਖਕ ਕੇਂਦਰੀ ਆਯੁਸ਼ ਰਾਜ ਮੰਤਰੀ (ਸੁਤੰਤਰ ਚਾਰਜ) ਅਤੇ ਸਿਹਤ ਅਤੇ ਪਰਿਵਾਰ ਭਲਾਈ ਰਾਜ ਮੰਤਰੀ ਹਨ)**

# ਸਿਹਤਮੰਦ ਬੁਢਾਪੇ ਲਈ ਯੋਗ: ਉਮਰ ਦੇ ਹਰ ਸਾਲ ਨੂੰ ਬਿਹਤਰ ਬਣਾਉਣ ਦਾ ਤਰੀਕਾ

ਸਦੀਆਂ ਤੋਂ ਭਾਰਤ ਦੀ ਇੱਕ ਵਿਲੱਖਣ ਪਛਾਣ ਰਹੀ ਹੈ। ਉਸ ਦੀ ਇਹ ਪਛਾਣ 'ਵਸੁਧੈਵ ਕੁਟੁੰਬਕਮ' - ਭਾਵ ਪੂਰੀ ਦੁਨੀਆ ਨੂੰ ਇੱਕ ਇਕਾਈ ਅਤੇ ਸਾਰੇ ਜੀਵ-ਜੰਤੂਆਂ ਨੂੰ ਇੱਕ ਮੰਨਣ - ਦੀ ਮਹਾਨ ਸੋਚ ਵਿੱਚ ਸਮਾਈ ਹੋਈ ਹੈ। ਭਾਰਤ ਦੇ ਇਸ ਅਧਿਆਤਮਿਕ ਗਿਆਨ 'ਤੇ ਅਧਾਰਿਤ, ਯੋਗ ਇੱਕ ਅਜਿਹੀ ਪ੍ਰਾਚੀਨ ਸਿੱਖਿਆ ਹੈ ਜੋ ਸਰੀਰ, ਮਨ ਅਤੇ ਆਤਮਾ ਦੇ ਵਿਚਕਾਰ ਇੱਕ ਸੰਤੁਲਨ ਸਥਾਪਿਤ ਕਰਦੀ ਹੈ। ਯੋਗ ਦੇ ਮੂਲ ਤੱਤਾਂ ਵਿੱਚ ਆਸਣ (ਸਰੀਰਿਕ ਮੁਦਰਾਵਾਂ), ਪ੍ਰਾਣਾਯਾਮ (ਸਾਹ ਲੈਣ ਦੀਆਂ ਤਕਨੀਕਾਂ) ਅਤੇ ਧਿਆਨ ਸ਼ਾਮਲ ਹਨ। ਇਨ੍ਹਾਂ ਤੱਤਾਂ ਦਾ ਸੁਮੇਲ ਸਰੀਰਕ ਤੰਦਰੁਸਤੀ, ਮਾਨਸਿਕ ਸਪਸ਼ਟਤਾ ਅਤੇ ਭਾਵਨਾਤਮਕ ਸੰਤੁਲਨ ਨੂੰ ਬਿਹਤਰ ਬਣਾਉਂਦਾ ਹੈ। 27 ਸਤੰਬਰ, 2014 ਨੂੰ ਸੰਯੁਕਤ ਰਾਸ਼ਟਰ ਮਹਾਸਭਾ ਨੂੰ ਸੰਬੋਧਨ ਕਰਦਿਆਂ ਮਾਣਯੋਗ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜੀ ਨੇ ਦੁਨੀਆ ਨੂੰ ਰਹਿਣ ਯੋਗ ਅਤੇ ਸਥਿਰ ਬਣਾਉਣ ਦੇ ਉਦੇਸ਼ ਨਾਲ ਲੋਕਾਂ ਦੀ ਜੀਵਨ ਸ਼ੈਲੀ ਵਿੱਚ ਬਦਲਾਅ ਲਿਆਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਯੋਗ ਮਨ ਅਤੇ ਸਰੀਰ, ਸੋਚ ਅਤੇ ਕਾਰਵਾਈ, ਸੰਜਮ ਅਤੇ ਸੰਤੁਸ਼ਟੀ ਵਿਚਕਾਰ ਏਕਤਾ, ਇਨਸਾਨ ਅਤੇ ਕੁਦਰਤ ਵਿਚਕਾਰ ਤਾਲਮੇਲ ਅਤੇ ਸਿਹਤ ਅਤੇ ਭਲਾਈ ਨਾਲ ਸਬੰਧਿਤ ਇੱਕ ਸੰਪੂਰਨ ਦ੍ਰਿਸ਼ਟੀਕੋਣ ਦਾ ਸੰਗਮ ਹੈ। ਮਾਣਯੋਗ ਪ੍ਰਧਾਨ ਮੰਤਰੀ ਦੇ ਬੇਨਤੀ 'ਤੇ 11 ਦਸੰਬਰ, 2014 ਨੂੰ ਸੰਯੁਕਤ ਰਾਸ਼ਟਰ ਮਹਾਸਭਾ ਨੇ 21 ਜੂਨ ਨੂੰ 'ਅੰਤਰਰਾਸ਼ਟਰੀ ਯੋਗ ਦਿਵਸ' ਐਲਾਨ ਕਰਨ ਨਾਲ ਸਬੰਧਿਤ 174 ਤੋਂ ਵੱਧ ਦੇਸ਼ਾਂ ਦੇ ਸਾਂਝੇ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ। ਸਾਲ 2015 ਤੋਂ, ਦੁਨੀਆ ਭਰ ਵਿੱਚ ਲੱਖਾਂ ਲੋਕ ਜਨਤਕ ਥਾਵਾਂ 'ਤੇ ਇਕੱਠੇ ਹੋ ਕੇ ਯੋਗ ਕਰਦੇ ਹਨ ਅਤੇ ਇਸ ਤਰ੍ਹਾਂ ਸਾਡੇ ਪ੍ਰਾਚੀਨ ਗਿਆਨ ਨੂੰ ਇੱਕ ਵਿਸ਼ਵ-ਵਿਆਪੀ ਅੰਦੋਲਨ ਦਾ ਰੂਪ ਦਿੰਦੇ ਹਨ। ਇਸ ਸਾਲ 21 ਜੂਨ ਨੂੰ ਪ੍ਰਧਾਨ ਮੰਤਰੀ ਸ਼੍ਰੀਮਾਨ ਨਰੇਂਦਰ ਮੋਦੀ ਜੀ ਜਿੱਥੇ ਕੋਲਕਾਤਾ ਵਿੱਚ ਯੋਗ ਦਿਵਸ ਦੀ ਅਗਵਾਈ ਕਰਨਗੇ, ਉੱਥੇ ਹੀ ਮੈਂ ਇਸ ਸਮਾਰੋਹ ਵਿੱਚ ਹਿੱਸਾ ਲੈਣ ਲਈ ਲਦਾਖ ਵਿੱਚ ਰਹਾਂਗਾ। ਨਿੱਜੀ ਤੌਰ 'ਤੇ, ਪਿਛਲੇ ਕਈ ਸਾਲਾਂ ਤੋਂ ਮੈਂ ਵੀ ਯੋਗ ਅਤੇ ਪੰਚਕਰਮ ਦੇ ਨਿਯਮਿਤ ਅਭਿਆਸ ਦੇ ਲਾਭਾਂ ਨੂੰ ਮਹਿਸੂਸ ਕੀਤਾ ਹੈ। ਇਨ੍ਹਾਂ ਦੋਵਾਂ ਨੂੰ ਅਕਸਰ ਇੱਕ-ਦੂਜੇ ਨਾਲ ਜੁੜੀਆਂ ਵਿਧਾਵਾਂ (ਸਿਸਟਰ ਸਾਇੰਸਿਜ਼) ਕਿਹਾ ਜਾਂਦਾ ਹੈ। ਇਨ੍ਹਾਂ ਬਹੁਤ ਹੀ ਖੁਸ਼ਹਾਲ ਕਰਨ ਵਾਲੇ ਨਿੱਜੀ ਅਨੁਭਵਾਂ ਨੇ ਮੈਨੂੰ ਯੋਗ ਅਤੇ ਮਨੁੱਖੀ ਭਲਾਈ 'ਤੇ ਇਸ ਦੇ ਡੂੰਘੇ ਪ੍ਰਭਾਵ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਪ੍ਰੇਰਿਤ ਕੀਤਾ ਹੈ।

**ਯੋਗ: ਭਾਰਤ ਦੀ ਇੱਕ ਸਦੀਵੀ ਵਿਰਾਸਤ**

ਮੰਨਿਆ ਜਾਂਦਾ ਹੈ ਕਿ ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਭਲਾਈ ਨਾਲ ਸਬੰਧਿਤ 'ਯੋਗ' ਦੇ ਸਦੀਵੀ ਅਭਿਆਸ ਦੀ ਸ਼ੁਰੂਆਤ ਸਾਡੀ ਸੱਭਿਅਤਾ ਦੇ ਉਦੈ ਦੇ ਨਾਲ ਹੀ ਹੋਈ ਸੀ। ਯੋਗ ਦੀ ਪਰੰਪਰਾ ਵਿੱਚ ਭਗਵਾਨ ਸ਼ਿਵ ਨੂੰ ਜਿੱਥੇ ਸਭ ਤੋਂ ਪਹਿਲਾ ਯੋਗੀ ਜਾਂ 'ਆਦਿ ਯੋਗੀ' ਅਤੇ ਸਭ ਤੋਂ ਪਹਿਲਾ ਗੁਰੂ ਜਾਂ 'ਆਦਿ ਗੁਰੂ' ਮੰਨਿਆ ਜਾਂਦਾ ਹੈ, ਉੱਥੇ ਹੀ ਯੋਗ ਦੇ ਸਿਧਾਂਤਾਂ ਨੂੰ 'ਯੋਗ ਸੂਤਰ' ਵਿੱਚ ਵਿਵਸਥਿਤ ਰੂਪ ਵਿੱਚ ਸ਼ਾਮਲ ਕਰਨ ਦੇ ਕਾਰਨ ਮਹਾਰਿਸ਼ੀ ਪਤੰਜਲੀ ਨੂੰ 'ਸ਼ਾਸਤਰੀ ਯੋਗ ਦਾ ਜਨਕ' ਮੰਨਿਆ ਜਾਂਦਾ ਹੈ। ਮਹਾਰਿਸ਼ੀ ਪਤੰਜਲੀ ਦਾ ਤਮਿਲ ਨਾਡੂ ਦੇ ਨਾਲ ਡੂੰਘਾ ਅਧਿਆਤਮਿਕ ਸਬੰਧ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਦੀ ਭੌਤਿਕ ਜੀਵ ਸਮਾਧੀ ਵੀ ਤਿਰੂਪੱਤੂਰ ਵਿੱਚ ਸਥਿਤ ਹੈ। ਸਾਡੇ ਸਤਿਕਾਰਯੋਗ ਰਿਸ਼ੀਆਂ ਅਤੇ ਮੁਨੀਆਂ ਨੇ ਦੁਨੀਆ ਨੂੰ ਯੋਗ ਦਾ ਅਨਮੋਲ ਖਜ਼ਾਨਾ ਦਿੱਤਾ। ਵਰ੍?ਆਂ ਦੇ ਧਿਆਨ, ਤਪੱਸਿਆ ਅਤੇ ਅਧਿਆਤਮਿਕ ਸਾਧਨਾ ਤੋਂ ਬਾਅਦ, ਇਨ੍ਹਾਂ ਰਿਸ਼ੀਆਂ ਅਤੇ ਮੁਨੀਆਂ ਨੇ ਇੱਕ ਅਜਿਹੀ ਸੰਪੂਰਨ ਪ੍ਰਣਾਲੀ ਵਿਕਸਿਤ ਕੀਤੀ ਜੋ ਸਰੀਰ, ਮਨ ਅਤੇ ਆਤਮਾ ਨੂੰ ਜੋੜਦੀ ਹੈ। ਸ਼੍ਰੀ ਰਾਮਕ੍ਰਿਸ਼ਣ ਪਰਮਹੰਸ ਨੇ ਯੋਗ ਦੇ ਤਿੰਨ ਮਹਾਨ ਮਾਰਗਾਂ ਦੀ ਵਿਆਖਿਆ ਕੀਤੀ ਹੈ- ਗਿਆਨ ਯੋਗ, ਜੋ ਬੁੱਧੀ ਅਤੇ ਗਿਆਨ ਦਾ ਮਾਰਗ ਹੈ; ਕਰਮ ਯੋਗ, ਜੋ ਨਿਰਸਵਾਰਥ ਸੇਵਾ ਅਤੇ ਸਹੀ ਕਰਮ ਦਾ ਮਾਰਗ ਹੈ; ਅਤੇ ਭਗਤੀ ਯੋਗ, ਜੋ ਸ਼ੁੱਧ ਪ੍ਰੇਮ ਅਤੇ ਭਗਤੀ ਦਾ ਮਾਰਗ ਹੈ। ਉਨ੍ਹਾਂ ਨੇ ਸਿਖਾਇਆ ਕਿ ਇਹ ਤਿੰਨੋਂ ਮਾਰਗ ਅੰਤ ਵਿੱਚ ਪਰਮ ਸੱਚ ਦੀ ਅਨੁਭੂਤੀ ਵਿੱਚ ਇੱਕਮਿੱਕ ਹੋ ਜਾਂਦੇ ਹਨ। ਅੱਜ ਯੋਗ ਭੂਗੋਲਿਕ, ਸੱਭਿਆਚਾਰਕ ਅਤੇ ਧਾਰਮਿਕ ਸੀਮਾਵਾਂ ਦੇ ਬੰਧਨ ਤੋਂ ਅੱਗੇ ਨਿਕਲ ਗਿਆ ਹੈ। ਇਹ ਭਾਰਤ ਦੇ ਰਿਸ਼ੀਆਂ ਦੇ ਸਦੀਵੀ ਗਿਆਨ ਅਤੇ ਮਨੁੱਖਤਾ ਦੀ ਭਲਾਈ ਵਿੱਚ ਉਨ੍ਹਾਂ ਦੇ ਸਦੀਵੀ ਯੋਗਦਾਨ ਦਾ ਇੱਕ ਜੀਵੰਤ ਪ੍ਰਮਾਣ ਹੈ।

**ਸਿਹਤਮੰਦ ਬੁਢਾਪੇ ਲਈ ਯੋਗ**

ਹਰ ਸਾਲ ਸਾਡੇ ਦੇਸ਼ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਪੂਰੇ ਉਤਸ਼ਾਹ ਅਤੇ ਇੱਕ ਸਾਰਥਕ ਵਿਸ਼ੇ ਦੇ ਨਾਲ ਮਨਾਇਆ ਜਾਂਦਾ ਹੈ। ਇਸ ਵਰ੍ਹੇ ਦੇ ਵਿਸ਼ੇ 'ਸਿਹਤਮੰਦ ਬੁਢਾਪੇ ਲਈ ਯੋਗ' ਦਾ ਖ਼ਾਸ ਮਹੱਤਵ ਹੈ। ਸਿਹਤ ਸੰਭਾਲ ਅਤੇ ਜਨਤਕ ਸਿਹਤ ਪ੍ਰਣਾਲੀ ਵਿੱਚ ਹੋਈ ਸ਼ਲਾਘਾਯੋਗ ਪ੍ਰਗਤੀ ਅਤੇ ਮੌਤ ਦਰ ਵਿੱਚ ਆਈ ਕਮੀ ਦੇ ਕਾਰਨ ਦੁਨੀਆ ਭਰ ਵਿੱਚ ਲੋਕਾਂ ਦੀ ਔਸਤ ਉਮਰ ਵਧੀ ਹੈ। ਭਾਰਤ ਵੀ ਆਬਾਦੀ ਵਿੱਚ ਹੋ ਰਹੇ ਇਸ ਵੱਡੇ ਬਦਲਾਅ ਦਾ ਗਵਾਹ ਬਣ ਰਿਹਾ ਹੈ। ਸੰਯੁਕਤ ਰਾਸ਼ਟਰ ਜਨਸੰਖਿਆ ਫੰਡ (ਯੂਐੱਨਐੱਫਪੀਏ) ਦੀ 'ਇੰਡੀਆ ਏਜਿੰਗ ਰਿਪੋਰਟ 2023' ਅਨੁਸਾਰ, 2050 ਤੱਕ ਭਾਰਤ ਵਿੱਚ ਹਰ ਪੰਜਾਂ ਵਿੱਚੋਂ ਲਗਭਗ ਇੱਕ ਵਿਅਕਤੀ ਦੀ ਉਮਰ 60 ਸਾਲ ਤੋਂ ਵੱਧ ਹੋਵੇਗੀ। ਲੰਮੀ ਉਮਰ ਦੇ ਇਸ ਅਨਮੋਲ ਤੋਹਫ਼ੇ ਦਾ ਜਸ਼ਨ ਮਨਾਉਂਦੇ ਹੋਏ, ਸਮਾਜ 'ਤੇ ਇਹ ਯਕੀਨੀ ਬਣਾਉਣ ਦੀ ਇੱਕ ਵੱਡੀ ਜ਼ਿੰਮੇਵਾਰੀ ਵੀ ਹੈ ਕਿ ਜ਼ਿੰਦਗੀ ਵਿੱਚ ਮਿਲੇ ਇਨ੍ਹਾਂ ਵਾਧੂ ਸਾਲਾਂ ਦਾ ਮਤਲਬ ਸਿਰਫ ਉਮਰ ਵਿੱਚ ਵਾਧਾ ਹੀ ਨਾ ਹੋਵੇ, ਸਗੋਂ ਉਨ੍ਹਾਂ ਸਾਲਾਂ ਵਿੱਚ ਜੀਵਨ ਦੀ ਗੁਣਵੱਤਾ ਵੀ ਬਿਹਤਰ ਹੋਵੇ। ਇਸੇ ਸੰਦਰਭ ਵਿੱਚ, ਅੰਤਰਰਾਸ਼ਟਰੀ ਯੋਗ ਦਿਵਸ (ਆਈਡੀਵਾਈ) 2026 ਦਾ ਵਿਸ਼ਾ - "ਸਿਹਤਮੰਦ ਬੁਢਾਪੇ ਲਈ ਯੋਗ"- ਇੱਕ ਬਹੁਤ ਹੀ ਢੁਕਵੇਂ ਸੰਦੇਸ਼ ਦੇ ਰੂਪ ਵਿੱਚ ਸਾਹਮਣੇ ਆਇਆ ਹੈ। ਆਬਾਦੀ ਵਿੱਚ ਆਏ ਇਸ ਬਦਲਾਅ ਦੇ ਕਾਰਨ ਭਾਰਤ ਵਿੱਚ 'ਸਿਲਵਰ ਇਕੌਨਮੀ' ਦਾ ਵਿਸਥਾਰ ਹੋਇਆ ਹੈ, ਜੋ ਮੁੱਖ ਰੂਪ ਵਿੱਚ ਸਿਹਤ ਸੰਭਾਲ ਅਤੇ ਬਜ਼ੁਰਗ



ਨਾਗਰਿਕਾਂ ਦੀਆਂ ਜ਼ਰੂਰਤਾਂ ਨਾਲ ਜੁੜੇ ਸਾਮਾਨਾਂ ਅਤੇ ਸੇਵਾਵਾਂ 'ਤੇ ਕੇਂਦ੍ਰਿਤ ਹੈ। ਉਦਯੋਗ ਜਗਤ ਦੇ ਮਾਹਿਰਾਂ ਦਾ ਅਨੁਮਾਨ ਹੈ ਕਿ ਹੁਣ ਇਸ ਦਾ ਅਕਾਰ ਲਗਭਗ 73,000 ਕਰੋੜ ਰੁਪਏ ਦਾ ਹੈ। ਆਉਣ ਵਾਲੇ ਸਾਲਾਂ ਵਿੱਚ ਇਸ ਸੈਕਟਰ ਦੇ ਬਹੁਤ ਵਧਣ ਦੀ ਉਮੀਦ ਹੈ। ਅੱਜ ਦੇ ਦੌਰ ਵਿੱਚ ਉਮਰ ਵਧਣ ਨਾਲ ਜੁੜੀਆਂ ਹਕੀਕਤਾਂ ਨੇ ਇਸ ਤੱਥ ਨੂੰ ਉਜਾਗਰ ਕੀਤਾ ਹੈ ਕਿ ਬਜ਼ੁਰਗ ਲੋਕ ਕਿਵੇਂ ਵੱਖ-ਵੱਖ ਕਿਸਮਾਂ ਦੀਆਂ ਮੁਸ਼ਕਲਾਂ ਅਤੇ ਕਮਜ਼ੋਰੀਆਂ ਦੇ ਗੁੰਝਲਦਾਰ ਜਾਲ ਨਾਲ ਜੂਝ ਰਹੇ ਹਨ। ਇਸ ਸੰਦਰਭ ਵਿੱਚ, ਵਿਸ਼ਵ ਸਿਹਤ ਸੰਗਠਨ ਨੇ ਵੀ ਦੁਨੀਆ ਭਰ ਵਿੱਚ ਬਜ਼ੁਰਗਾਂ ਵਿੱਚ ਗੈਰ-ਸੰਚਾਰੀ ਬਿਮਾਰੀਆਂ, ਮਾਨਸਿਕ ਸਿਹਤ ਨਾਲ ਸਬੰਧਿਤ ਚਿੰਤਾਵਾਂ ਅਤੇ ਸਮਾਜਿਕ ਇਕੱਲਤਾ ਦੇ ਵਧਦੇ ਬੋਝ ਨੂੰ ਵਾਰ-ਵਾਰ ਰੇਖਾਂਕਿਤ ਕੀਤਾ ਹੈ। ਮੇਰਾ ਵੀ ਇਹ ਮੰਨਣਾ ਹੈ ਕਿ ਅੱਜ ਸਮੇਂ ਦੀ ਇਹ ਮੰਗ ਹੈ ਕਿ ਲੋਕਾਂ ਨੂੰ ਘੱਟ ਉਮਰ ਤੋਂ ਹੀ ਯੋਗ ਨਾਲ ਜੋੜਿਆ ਜਾਵੇ। ਯੋਗ ਦਾ ਅਭਿਆਸ ਜਿੰਨੀ ਜਲਦੀ ਸ਼ੁਰੂ ਕੀਤਾ ਜਾਵੇ, ਜੀਵਨ ਭਰ ਉਸ ਦੇ ਓਨੇ ਹੀ ਜ਼ਿਆਦਾ ਲਾਭ ਮਿਲਦੇ ਹਨ। ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਹੈ ਕਿ ਰਾਸ਼ਟਰੀ ਸਿੱਖਿਆ ਨੀਤੀ 2020 ਵਿੱਚ ਯੋਗ ਨੂੰ ਸਿਹਤ, ਭਲਾਈ ਅਤੇ ਕਦਰਾਂ-ਕੀਮਤਾਂ 'ਤੇ ਅਧਾਰਿਤ ਸਿੱਖਿਆ ਦੇ ਇੱਕ ਅਹਿਮ ਹਿੱਸੇ ਵਜੋਂ ਮਹੱਤਵਪੂਰਨ ਸਥਾਨ ਦਿੱਤਾ ਗਿਆ ਹੈ। ਨੌਜਵਾਨਾਂ ਨੂੰ ਯੋਗ ਨਾਲ ਜੋੜਨ ਦੀ ਦਿਸ਼ਾ ਵਿੱਚ ਇਹ ਇੱਕ ਸਕਾਰਾਤਮਕ ਕਦਮ ਹੈ। ਇਸ ਨਾਲ ਯਕੀਨੀ ਤੌਰ 'ਤੇ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਇਕਾਗਰਤਾ, ਭਾਵਨਾਤਮਕ ਸੰਤੁਲਨ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹ ਮਿਲੇਗਾ। ਇਸ ਪ੍ਰਕਾਰ, ਅਸੀਂ ਪਾਉਂਦੇ ਹਾਂ ਕਿ ਦੁਨੀਆ ਭਰ ਵਿੱਚ ਬਦਲਦੀਆਂ ਜਨਸੰਖਿਆ ਸਥਿਤੀਆਂ ਦੇ ਵਿਚਕਾਰ ਭਾਰਤ ਦੁਨੀਆ ਨੂੰ ਸਫ਼ਲਤਾਪੂਰਵਕ ਅੱਗੇ ਵਧਣ ਦਾ ਇੱਕ ਵਿਲੱਖਣ ਮਾਡਲ ਪ੍ਰਦਾਨ ਕਰ ਰਿਹਾ ਹੈ - ਇੱਕ ਅਜਿਹਾ ਮਾਡਲ ਜੋ ਪ੍ਰਾਚੀਨ ਸੱਭਿਅਤਾ ਦੇ ਗਿਆਨ ਅਤੇ ਆਧੁਨਿਕ ਵਿਗਿਆਨਕ ਪ੍ਰਮਾਣਾਂ ਦੇ ਵਿਚਕਾਰ ਇੱਕ ਇਕਸਾਰ ਤਾਲਮੇਲ ਬਣਾਉਂਦਾ ਹੈ - ਅਤੇ ਉਹ ਹੈ ਯੋਗ।

**ਯੋਗ - ਅੱਜ ਦੇ ਦੌਰ ਵਿੱਚ ਬੁਢਾਪੇ ਨਾਲ ਜੁੜੀਆਂ ਸਮੱਸਿਆਵਾਂ ਦਾ ਹੱਲ**

ਅੱਜ, ਆਧੁਨਿਕ ਵਿਗਿਆਨ ਸਾਡੇ ਉਨ੍ਹਾਂ ਰਿਸ਼ੀਆਂ ਅਤੇ ਯੋਗੀਆਂ ਦੀਆਂ ਸਦੀਵੀ ਗੱਲਾਂ ਦੀ ਪੁਸ਼ਟੀ ਕਰ ਰਿਹਾ ਹੈ, ਜਿਨ੍ਹਾਂ ਨੇ ਅਨੁਸ਼ਾਸਿਤ ਜੀਵਨ, ਯੋਗ ਅਤੇ ਅਧਿਆਤਮਿਕ ਸਾਧਨਾ ਦੇ ਜ਼ਰੀਏ ਅਸਾਧਾਰਨ ਲੰਮੀ ਉਮਰ, ਜੀਵਨ-ਸ਼ਕਤੀ ਅਤੇ ਮਾਨਸਿਕ ਸਪਸ਼ਟਤਾ ਹਾਸਿਲ ਕੀਤੀ ਸੀ। ਹਾਲ ਹੀ ਦੇ ਸਾਲਾਂ ਵਿੱਚ ਯੋਗ ਦੇ ਉਪਚਾਰਕ ਪਹਿਲੂਆਂ ਵਿੱਚ ਅਕਾਦਮਿਕ ਅਤੇ ਕਲੀਨਿਕਲ ਦਿਲਚਸਪੀ ਤੇਜ਼ੀ ਨਾਲ ਵਧੀ ਹੈ। ਨੈਸ਼ਨਲ ਇੰਸਟੀਟਿਊਟਸ ਆਫ਼ ਹੈਲਥ (ਐੱਨਆਈਐੱਚ) ਅਤੇ ਹਾਰਵਰਡ ਮੈਡੀਕਲ ਸਕੂਲ ਵਰਗੇ ਵੱਡੇ ਸੰਸਥਾਨਾਂ ਅਤੇ 'ਲੈਂਸੇਟ' ਵਰਗੀਆਂ ਕਈ ਵੱਕਾਰੀ ਖੋਜ-ਪੱਤ੍ਰਿਕਾਵਾਂ ਨੇ ਆਪਣੇ ਖੋਜਾਂ ਵਿੱਚ ਇਸ ਤੱਥ ਨੂੰ ਦਰਸਾਇਆ ਹੈ ਕਿ ਨਿਯਮਿਤ ਰੂਪ ਵਿੱਚ ਯੋਗ ਕਰਨ ਨਾਲ ਬਜ਼ੁਰਗਾਂ ਵਿੱਚ ਸੰਤੁਲਨ, ਲਚਕੀਲਾਪਣ ਅਤੇ ਚੱਲਣ-ਫਿਰਨ ਦੀ ਸਮਰੱਥਾ ਸੁਰੱਖਿਅਤ ਰੂਪ ਵਿੱਚ ਬਿਹਤਰ ਹੁੰਦੀ ਹੈ। ਇਸ ਨਾਲ ਉਨ੍ਹਾਂ ਦੇ ਡਿੱਗਣ ਦਾ ਡਰ ਅਤੇ ਜੋਖਮ ਬਹੁਤ ਘੱਟ ਹੋ ਜਾਂਦਾ ਹੈ। ਖੋਜਾਂ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਯੋਗ ਨਾਲ ਹੱਡੀਆਂ ਦੀ ਮਜ਼ਬੂਤੀ (ਬੋਨ ਡੈਂਸਿਟੀ) ਵਧਦੀ ਹੈ, ਗਠੀਏ ਦਾ ਦਰਦ ਘੱਟ ਹੁੰਦਾ ਹੈ, ਸਾਹ ਲੈਣ ਦੀ ਸਮਰੱਥਾ ਬਿਹਤਰ ਹੁੰਦੀ ਹੈ, ਬਲੱਡ ਪ੍ਰੈਸ਼ਰ ਸਥਿਰ ਰਹਿੰਦਾ ਹੈ ਅਤੇ ਮਾਨਸਿਕ ਸਿਹਤ ਚੰਗੀ ਰਹਿੰਦੀ ਹੈ। ਨਾਲ ਹੀ, ਧਿਆਨ ਅਤੇ ਸਾਹ ਲੈਣ ਦੀਆਂ ਕਸਰਤਾਂ ਨਾਲ ਬਜ਼ੁਰਗਾਂ ਦੀ ਨੀਂਦ ਦੀ ਗੁਣਵੱਤਾ, ਔਖੀਆਂ ਸਥਿਤੀਆਂ ਦਾ ਸਾਹਮਣਾ ਕਰਨ ਦੀ ਮਾਨਸਿਕ ਸਮਰੱਥਾ ਅਤੇ ਸੋਚਣ-ਸਮਝਣ ਦੀ ਸ਼ਕਤੀ (ਕੌਗਨਿਟਿਵ ਫੰਕਸ਼ਨਿੰਗ) ਵਿੱਚ ਵੀ ਸੁਧਾਰ ਦੇਖਿਆ ਗਿਆ ਹੈ।

ਪਰ ਮੈਂ ਇਸ ਗੱਲ 'ਤੇ ਜ਼ੋਰ ਦੇਣਾ ਚਾਹਾਂਗਾ ਕਿ ਯੋਗ ਦੀ ਅਸਲੀ ਤਾਕਤ ਉਸ ਦੇ ਸੰਪੂਰਨ ਸਰੂਪ ਵਿੱਚ ਸਮਾਈ ਹੋਈ ਹੈ। ਸਰੀਰਕ ਸੁਧਾਰ ਤੋਂ ਕਿਤੇ ਅੱਗੇ ਵਧ ਕੇ, ਯੋਗ ਭਾਵਨਾਤਮਕ ਸੰਤੁਲਨ ਅਤੇ ਸਮਾਜਿਕ ਜੁੜਾਅ ਨੂੰ ਉਤਸ਼ਾਹ ਦਿੰਦਾ ਹੈ। ਮੈਂ ਦੇਖਿਆ ਹੈ ਕਿ ਅੱਜ ਬਜ਼ੁਰਗਾਂ ਵਿੱਚ ਇਕੱਲੇਪਣ ਦਾ ਵਧਦਾ ਅਹਿਸਾਸ ਇੱਕ ਬਹੁਤ ਵੱਡੀ ਚੁਣੌਤੀ ਬਣ ਗਿਆ ਹੈ। ਯੋਗ ਹੌਲੀ-ਹੌਲੀ ਇਸ ਇਕੱਲੇਪਣ ਨੂੰ ਸਾਂਝੇ ਜੁੜਾਅ ਦੀ ਭਾਵਨਾ ਵਿੱਚ ਬਦਲ ਦਿੰਦਾ ਹੈ। ਇਹ ਲੋਕਾਂ ਨੂੰ "ਮੈਂ-ਕੇਂਦ੍ਰਿਤ"ਸੋਚ ਤੋਂ ਹਟਾ ਕੇ ਹਮਦਰਦੀ, ਆਪਸੀ ਜੁੜਾਅ ਅਤੇ ਅੰਦਰੂਨੀ ਸ਼ਾਂਤੀ 'ਤੇ ਅਧਾਰਿਤ "ਅਸੀਂ-ਕੇਂਦ੍ਰਿਤ"ਸੋਚ ਵੱਲ ਲੈ ਜਾਂਦਾ ਹੈ।

ਮੇਰੇ ਆਪਣੇ ਅਨੁਭਵ ਦੇ ਅਨੁਸਾਰ, ਅਹਿਮ ਗੱਲ ਇਹ ਹੈ ਕਿ 'ਸਿਹਤਮੰਦ ਬੁਢਾਪੇ ਲਈ ਯੋਗ' ਵਿੱਚ ਬਹੁਤ ਜ਼ਿਆਦਾ ਸਰੀਰਕ ਮਿਹਨਤ ਦੀ ਜ਼ਰੂਰਤ ਨਹੀਂ ਹੁੰਦੀ। ਪਰੰਪਰਾਗਤ ਯੋਗ ਕਿਰਿਆਵਾਂ ਨੂੰ ਕਾਫ਼ੀ ਸੋਚ-ਸਮਝ ਕੇ ਅਜਿਹੇ ਸਰਲ ਅਤੇ ਸੁਲਭ ਤਰੀਕਿਆਂ ਵਿੱਚ ਢਾਲਿਆ ਗਿਆ ਹੈ ਜੋ ਬਜ਼ੁਰਗਾਂ ਲਈ ਢੁਕਵੇਂ ਹਨ। ਇਨ੍ਹਾਂ ਵਿੱਚ ਯੋਗਿਕ ਸੂਕਸ਼ਮ ਵਿਆਯਾਮ (ਜੋੜਾਂ ਦੀਆਂ ਹਲਕੀ ਹਰਕਤਾਂ), ਕੁਰਸੀ ਦੀ ਮਦਦ ਨਾਲ ਕੀਤੇ ਜਾਣ ਵਾਲੇ ਆਸਣ, ਸਾਹ ਲੈਣ ਦੀਆਂ ਨਿਰਦੇਸ਼ਿਤ ਤਕਨੀਕਾਂ ਅਤੇ ਧਿਆਨ ਵਰਗੀਆਂ ਕਿਰਿਆਵਾਂ ਸ਼ਾਮਲ ਹਨ। ਇਹ ਸਭ ਵਧਦੀ ਉਮਰ ਦੇ ਸਰੀਰ 'ਤੇ ਬਿਨਾਂ ਕੋਈ ਦਬਾਅ ਪਾਏ ਨਿਊਰੋਐਂਡੋਕ੍ਰਾਈਨ ਪ੍ਰਣਾਲੀ ਅਤੇ ਰੋਗ ਪ੍ਰਤੀਰੋਧਕ ਸਮਰੱਥਾ ਨੂੰ ਮਜ਼ਬੂਤ ਬਣਾਉਂਦੇ ਹਨ। ਨਾਲ ਹੀ, ਯੋਗ ਉਨ੍ਹਾਂ ਦੇਖਭਾਲ ਕਰਨ ਵਾਲਿਆਂ ਅਤੇ ਪਰਿਵਾਰ ਦੇ ਮੈਂਬਰਾਂ ਲਈ ਵੀ ਹੌਂਸਲੇ ਅਤੇ ਸਹਿਣਸ਼ਕਤੀ ਦਾ ਸਰੋਤ ਹੈ, ਜੋ ਬਜ਼ੁਰਗਾਂ ਦੀ ਦੇਖਭਾਲ ਦੀਆਂ ਭਾਵਨਾਤਮਕ ਅਤੇ ਸਰੀਰਕ ਜ਼ਿੰਮੇਵਾਰੀਆਂ ਉਠਾਉਂਦੇ ਹਨ। ਇਨ੍ਹਾਂ ਵਿਆਪਕ ਲਾਭਾਂ ਨੂੰ ਦੇਖਦੇ ਹੋਏ, ਆਯੁਸ਼ ਮੰਤਰਾਲੇ ਨੇ "ਗੈਰ-ਸੰਚਾਰੀ ਬਿਮਾਰੀਆਂ ਅਤੇ ਟੀਚਾਗਤ ਸਮੂਹਾਂ ਲਈ ਯੋਗ ਦੀਆਂ 10 ਵਿਧਾਵਾਂ"ਨਾਲ ਜੁੜੀ ਇੱਕ ਅਹਿਮ ਪਹਿਲ ਸ਼ੁਰੂ ਕੀਤੀ ਹੈ। ਇਸ ਵਿੱਚ ਬਜ਼ੁਰਗਾਂ ਦੀ ਸਿਹਤ ਲਈ ਖਾਸ ਤੌਰ 'ਤੇ ਪ੍ਰਮਾਣਾਂ 'ਤੇ ਅਧਾਰਿਤ ਯੋਗ ਮੌਡਿਊਲ ਵੀ ਸ਼ਾਮਲ ਹੈ। ਇਸ ਤੋਂ ਇਲਾਵਾ, 100 ਦਿਨਾਂ ਦਾ ਮੁਫ਼ਤ ਨਿਰਦੇਸ਼ਿਤ ਔਨਲਾਈਨ ਯੋਗ ਪ੍ਰੋਗਰਾਮ ਪ੍ਰਦਾਨ ਕਰਨ ਵਾਲੀ 'ਯੋਗ 365' ਪਹਿਲ ਨਾਮ ਦੀ ਇੱਕ ਦੇਸ਼ਵਿਆਪੀ ਮੁਹਿੰਮ ਨੂੰ ਕੁਝ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਤਾਂ ਜੋ ਯੋਗ ਹਰ ਉਮਰ ਦੇ ਨਾਗਰਿਕਾਂ ਦੀ ਰੋਜ਼ਾਨਾ ਦੀ ਜ਼ਿੰਦਗੀ ਦਾ ਇੱਕ ਸਹਿਜ ਅਤੇ ਸਥਾਈ ਸਾਥੀ ਬਣ ਸਕੇ। ਦੋ ਹਜ਼ਾਰ ਤੋਂ ਵੀ ਵੱਧ ਸਾਲ ਪਹਿਲਾਂ, ਮਹਾਨ ਤਮਿਲ ਵਿਦਵਾਨ ਅਤੇ ਸੰਤ ਤਿਰੂਵੱਲੂਵਰ ਨੇ 'ਕੁਰਲ' (949) ਦੇ ਜ਼ਰੀਏ ਸਿਹਤ ਨਾਲ ਸਬੰਧਿਤ ਇੱਕ ਵਿਅਕਤੀ-ਕੇਂਦ੍ਰਿਤ ਦ੍ਰਿਸ਼ਟੀਕੋਣ ਦੀ ਵਕਾਲਤ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ, "ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਮਰੀਜ਼ ਦੀ ਹਾਲਤ, ਬਿਮਾਰੀ ਦੀ ਪ੍ਰਕਿਰਤੀ ਅਤੇ ਢੁਕਵੇਂ ਸਮੇਂ 'ਤੇ ਵਿਚਾਰ ਕਰੋ।"ਇਹ ਸਦੀਵੀ ਸਮਝ ਸਿਹਤਮੰਦ ਬੁਢਾਪੇ ਲਈ ਯੋਗ ਦੇ ਆਧੁਨਿਕ ਸਿਧਾਂਤਾਂ ਨਾਲ ਮੇਲ ਖਾਂਦੀ ਹੈ, ਜਿੱਥੇ ਵਿਅਕਤੀ ਦੀ ਉਮਰ, ਸਿਹਤ ਅਤੇ ਜ਼ਰੂਰਤਾਂ ਦੇ ਹਿਸਾਬ ਨਾਲ ਅਭਿਆਸ ਨੂੰ ਸਾਵਧਾਨੀ ਨਾਲ ਅਪਣਾਇਆ ਜਾਂਦਾ ਹੈ ਤਾਂ ਜੋ ਲੋਕ ਬੁਢਾਪੇ ਵਿੱਚ ਵੀ ਵਧੇਰੇ ਸਵਸਥ, ਸਰਗਰਮ ਅਤੇ ਸਨਮਾਨਜਨਕ ਜੀਵਨ ਬਤੀਤ ਕਰ ਸਕਣ। ਅੰਤਰਰਾਸ਼ਟਰੀ ਯੋਗ ਦਿਵਸ 2026 ਦੇ ਮੌਕੇ 'ਤੇ ਮੈਂ ਹਰ ਨਾਗਰਿਕ, ਵਿੱਦਿਅਕ ਸੰਸਥਾ, ਸਿਵਲ ਸੁਸਾਇਟੀ ਸੰਗਠਨ, ਸਿਹਤ ਸੇਵਾਵਾਂ ਨਾਲ ਜੁੜੇ ਪੇਸ਼ਾਵਰਾਂ ਅਤੇ ਭਾਈਚਾਰਿਆਂ ਦੇ ਆਗੂਆਂ ਨੂੰ ਤਾਕੀਦ ਕਰਦਾ ਹਾਂ ਕਿ ਉਹ ਯੋਗ ਨੂੰ ਸਿਰਫ ਕਦੇ-ਕਦਾਈਂ ਕੀਤੀ ਜਾਣ ਵਾਲੀ ਕਸਰਤ ਦੇ ਰੂਪ ਵਿੱਚ ਨਹੀਂ, ਸਗੋਂ ਜੀਵਨ ਭਰ ਚੱਲਣ ਵਾਲੀ ਸੱਭਿਆਚਾਰਕ ਅਤੇ ਸਿਹਤ ਨਾਲ ਜੁੜੀ ਇੱਕ ਆਦਤ ਵਜੋਂ ਅਪਣਾਉਣ। ਕਿਸੇ ਸਮਾਜ ਦੀ ਅਸਲ ਪਛਾਣ ਇਸ ਗੱਲ ਤੋਂ ਹੁੰਦੀ ਹੈ ਕਿ ਉਹ ਆਪਣੇ ਬਜ਼ੁਰਗਾਂ ਦਾ ਕਿੰਨਾ ਖਿਆਲ ਰੱਖਦਾ ਹੈ। ਇਸ ਲਈ, ਆਓ ਅਸੀਂ ਇੱਕ ਅਜਿਹਾ ਵਾਤਾਵਰਨ ਬਣਾਉਣ ਦੀ ਕੋਸ਼ਿਸ਼ ਕਰੀਏ ਜਿੱਥੇ ਸਾਡੇ ਬਜ਼ੁਰਗ ਡਰ, ਨਿਰਭਰਤਾ ਜਾਂ ਇਕੱਲੇਪਣ ਦੇ ਵਿਚਕਾਰ ਨਹੀਂ, ਸਗੋਂ ਸਨਮਾਨ, ਜੋਸ਼, ਸਾਰਥਕ ਉਦੇਸ਼ ਅਤੇ ਸ਼ਾਂਤੀ ਦੇ ਨਾਲ ਜੀਵਨ ਬਤੀਤ ਕਰ ਸਕਣ। ਯੋਗ ਨੂੰ ਜੀਵਨ ਦੀ ਇੱਕ ਲੈਅ ਬਣਾ ਕੇ, ਅਸੀਂ ਸਾਰੇ ਮਿਲ ਕੇ ਇਹ ਯਕੀਨੀ ਬਣਾ ਸਕਦੇ ਹਾਂ ਕਿ ਸਾਡੇ ਨਾਗਰਿਕਾਂ ਦੇ ਜੀਵਨ ਦੇ ਸੁਨਹਿਰੀ ਸਾਲ ਸੱਚਮੁੱਚ ਸਿਹਤ, ਇਕਸਾਰਤਾ ਅਤੇ ਸੰਤੁਸ਼ਟੀ ਨਾਲ ਭਰੇ ਹੋਣ।



**ਸ਼੍ਰੀ ਸੀ. ਪੀ. ਰਾਧਾਕ੍ਰਿਸ਼ਨਨ**
**(ਲੇਖਕ ਭਾਰਤ ਦੇ ਉਪ-ਰਾਸ਼ਟਰਪਤੀ ਹਨ)**

# ਜਲ ਸ਼ਕਤੀ: ਵਿਕਸਿਤ ਭਾਰਤ ਦੀ ਯਾਤਰਾ ਨੂੰ ਦੇ ਰਹੀ ਹੈ ਗਤੀ

ਕੀ ਤੁਸੀਂ ਜਾਣਦੇ ਹੋ ਕਿ ਜਲ ਜੀਵਨ ਮਿਸ਼ਨ ਦੁਨੀਆ ਦਾ ਸਭ ਤੋਂ ਵੱਡਾ ਗ੍ਰਾਮੀਣ ਪੀਣ ਵਾਲੇ ਪਾਣੀ ਦੀ ਸਪਲਾਈ ਦਾ ਪ੍ਰੋਗਰਾਮ ਹੈ? ਜਾਂ ਫਿਰ ਸਵੱਛ ਭਾਰਤ ਮਿਸ਼ਨ ਦੁਨੀਆ ਦੀ ਸਭ ਤੋਂ ਵੱਡੀ ਗ੍ਰਾਮੀਣ ਸਵੱਛਤਾ ਮੁਹਿੰਮ ਹੈ, ਜਿਸ ਨੇ ਲੋਕਾਂ ਦੀ ਸੋਚ ਅਤੇ ਵਿਵਹਾਰ ਵਿੱਚ ਬੇਮਿਸਾਲ ਬਦਲਾਅ ਲਿਆਂਦਾ ਹੈ? ਅਤੇ ਕੀ ਤੁਹਾਨੂੰ ਪਤਾ ਹੈ ਕਿ ਨਮਾਮਿ ਗੰਗੇ ਅੱਜ ਦੁਨੀਆ ਦੀਆਂ ਸਭ ਤੋਂ ਮਹੱਤਵਅਕਾਂਖੀ ਨਦੀ ਪੁਨਰਜੀਵਨ ਯੋਜਨਾਵਾਂ ਵਿੱਚ ਸ਼ਾਮਲ ਹੈ? ਇਹ ਸਾਰੀਆਂ ਪਹਿਲਕਦਮੀਆਂ ਸਿਰਫ਼ ਸਰਕਾਰੀ ਯੋਜਨਾਵਾਂ ਨਹੀਂ ਹਨ, ਸਗੋਂ ਇਸ ਗੱਲ ਦੀ ਉਦਾਹਰਣ ਹਨ ਕਿ 145 ਕਰੋੜ ਦੀ ਆਬਾਦੀ ਵਾਲਾ ਭਾਰਤ ਕਿਸ ਤਰ੍ਹਾਂ ਪਾਣੀ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹੋਏ ਵਿਕਸਿਤ ਭਾਰਤ ਦੀ ਦਿਸ਼ਾ ਵੱਲ ਅੱਗੇ ਵਧ ਰਿਹਾ ਹੈ। ਜਦੋਂ ਇਤਿਹਾਸਕਾਰ ਭਾਰਤ ਦੀ ਵਿਕਾਸ ਯਾਤਰਾ ਨੂੰ ਦੇਖਣਗੇ, ਤਾਂ ਸੰਭਵ ਹੈ ਕਿ ਉਹ ਪਿਛਲੇ 12 ਵਰ੍?ਆਂ ਨੂੰ ਉਹ ਦੌਰ ਦੱਸਣ, ਜਦੋਂ 'ਜਲ' ਦੇਸ਼ ਦੇ ਵਿਕਾਸ ਦਾ ਸਭ ਤੋਂ ਮਹੱਤਵਪੂਰਨ ਵਿਸ਼ਾ ਬਣ ਗਿਆ। ਮਨੁੱਖੀ ਸਨਮਾਨ, ਆਰਥਿਕ ਵਿਕਾਸ, ਜਨਤਕ ਸਿਹਤ, ਖੇਤੀਬਾੜੀ ਅਤੇ ਵਾਤਾਵਰਣ ਦੀ ਸੰਭਾਲ 'ਤੇ ਪਾਣੀ ਜਿੰਨਾ ਪ੍ਰਭਾਵ ਪਾਉਂਦਾ ਹੈ, ਉੰਨਾ ਸ਼ਾਇਦ ਹੀ ਕੋਈ ਹੋਰ ਖੇਤਰ ਪਾਉਂਦਾ ਹੋਵੇ। ਪਰ ਕਈ ਦਹਾਕਿਆਂ ਤੱਕ ਭਾਰਤ ਵਿੱਚ ਪਾਣੀ ਨਾਲ ਸਬੰਧਿਤ ਸਮੱਸਿਆਵਾਂ ਦਾ ਹੱਲ ਵੱਖ-ਵੱਖ ਅਤੇ ਬਿਖਰੇ ਹੋਏ ਤਰੀਕਿਆਂ ਨਾਲ ਕੀਤਾ ਜਾਂਦਾ ਰਿਹਾ। ਪਿਛਲੇ ਕੁਝ ਵਰ੍?ਆਂ ਵਿੱਚ ਸਭ ਤੋਂ ਵੱਡੀ ਤਬਦੀਲੀ ਇਹ ਆਈ ਹੈ ਕਿ ਇਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਲਈ ਇਕਜੁੱਟ, ਗੰਭੀਰ ਅਤੇ ਦੂਰਦਰਸ਼ੀ ਪਹੁੰਚ ਅਪਣਾਈ ਗਈ, ਜਿਸ ਦੀ ਅਗਵਾਈ ਖੁਦ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਕੀਤੀ। ਪਿਛਲੇ 12 ਵਰ੍?ਆਂ ਵਿੱਚ ਜਲ ਖੇਤਰ ਵਿੱਚ ਜਿੰਨੇ ਵੱਡੇ ਪੱਧਰ 'ਤੇ ਨਿਵੇਸ਼ ਅਤੇ ਕੰਮ ਹੋਇਆ ਹੈ, ਅਜਿਹਾ ਪਹਿਲਾਂ ਕਦੇ ਨਹੀਂ ਦੇਖਿਆ ਗਿਆ। ਪਰ ਇਸ ਬਦਲਾਅ ਦੀ ਅਹਿਮੀਅਤ ਸਿਰਫ਼ ਅੰਕੜਿਆਂ ਤੱਕ ਸੀਮਤ ਨਹੀਂ ਹੈ। ਅੱਜ ਪਾਣੀ ਨੂੰ ਪੂਰੇ ਦੇਸ਼ ਦੀ ਸਾਂਝੀ ਤਰਜੀਹ ਮੰਨਿਆ ਜਾ ਰਿਹਾ ਹੈ, ਜਿਸ ਵਿੱਚ ਸਾਰੇ ਵਿਭਾਗ, ਰਾਜ, ਭਾਈਚਾਰੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਭਾਈਵਾਲ ਹਨ। ਪਹਿਲਾਂ ਜਲ ਖੇਤਰ ਨੂੰ ਓਨੀ ਤਰਜੀਹ ਨਹੀਂ ਮਿਲਦੀ ਸੀ, ਪਰ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਭਾਰਤ ਸਰਕਾਰ ਨੇ ਜਲ ਖੇਤਰ ਦੀ ਯੋਜਨਾਬੰਦੀ, ਪ੍ਰਬੰਧਨ ਅਤੇ ਸੇਵਾਵਾਂ ਨਾਲ ਜੁੜੀਆਂ ਵਰ੍?ਆਂ ਪੁਰਾਣੀਆਂ ਕਮੀਆਂ ਨੂੰ ਦੂਰ ਕਰਨ ਦੀ ਜ਼ਿੰਮੇਵਾਰੀ ਚੁੱਕੀ ਹੈ। ਇਸ ਬਦਲਾਅ ਦੀ ਸਭ ਤੋਂ ਵੱਡੀ ਉਦਾਹਰਣ ਜਲ ਜੀਵਨ ਮਿਸ਼ਨ ਹੈ। ਜਦੋਂ ਇਹ ਮਿਸ਼ਨ ਸ਼ੁਰੂ ਹੋਇਆ ਸੀ, ਉਦੋਂ ਸਿਰਫ਼ ਲਗਭਗ 3.23 ਕਰੋੜ ਗ੍ਰਾਮੀਣ ਪਰਿਵਾਰਾਂ, ਯਾਨੀ ਕਰੀਬ 17 ਫੀਸਦੀ ਗ੍ਰਾਮੀਣ ਘਰਾਂ ਵਿੱਚ ਹੀ ਨਲ ਰਾਹੀਂ ਪਾਣੀ ਦੀ ਸਹੂਲਤ ਸੀ। ਅੱਜ 15.8 ਕਰੋੜ ਤੋਂ ਵੱਧ ਗ੍ਰਾਮੀਣ ਪਰਿਵਾਰਾਂ, ਯਾਨੀ 81 ਫੀਸਦੀ ਤੋਂ ਵੱਧ ਗ੍ਰਾਮੀਣ ਘਰਾਂ ਤੱਕ ਨਲ ਰਾਹੀਂ ਪਾਣੀ ਪਹੁੰਚ ਚੁੱਕਿਆ ਹੈ। ਸਰਕਾਰ ਦਾ ਟੀਚਾ 2028 ਤੱਕ 100 ਫੀਸਦੀ ਗ੍ਰਾਮੀਣ ਪਰਿਵਾਰਾਂ ਨੂੰ ਇਹ ਸਹੂਲਤ ਉਪਲਬਧ ਕਰਵਾਉਣਾ ਹੈ। ਲੱਖਾਂ ਪਰਿਵਾਰਾਂ, ਖਾਸ ਕਰਕੇ ਔਰਤਾਂ ਅਤੇ ਬੱਚਿਆਂ ਲਈ ਇਹ ਸਿਰਫ਼ ਪਾਣੀ ਦੀ ਸਹੂਲਤ ਨਹੀਂ ਹੈ, ਸਗੋਂ ਉਨ੍ਹਾਂ ਦੀ ਜ਼ਿੰਦਗੀ ਵਿੱਚ ਆਇਆ ਇੱਕ ਵੱਡਾ ਬਦਲਾਅ ਹੈ। ਅਧਿਐਨਾਂ ਦੇ ਅਨੁਸਾਰ, ਪਹਿਲਾਂ ਭਾਰਤ ਦੀਆਂ ਗ੍ਰਾਮੀਣ ਔਰਤਾਂ ਨੂੰ ਹਰ ਸਾਲ ਪਾਣੀ ਲਿਆਉਣ ਵਿੱਚ ਅਰਬਾਂ ਘੰਟੇ ਖਰਚ ਕਰਨੇ ਪੈਂਦੇ ਸਨ। ਹੁਣ ਘਰ-ਘਰ ਨਲ ਰਾਹੀਂ ਪਾਣੀ ਪਹੁੰਚਣ ਕਾਰਨ ਹਰ ਰੋਜ਼ 5.5 ਕਰੋੜ ਤੋਂ ਵੱਧ ਵਿਅਕਤੀ-ਘੰਟਿਆਂ ਦੀ ਬੱਚਤ ਹੋ ਰਹੀ ਹੈ। ਜਿਹੜਾ ਸਮਾਂ ਪਹਿਲਾਂ ਪਾਣੀ ਲਿਆਉਣ ਵਿੱਚ ਲੱਗਦਾ ਸੀ, ਹੁਣ ਉਸ ਦੀ ਵਰਤੋਂ ਪੜ੍ਹਾਈ, ਰੁਜ਼ਗਾਰ, ਬੱਚਿਆਂ ਦੀ ਦੇਖਭਾਲ ਅਤੇ ਆਮਦਨ ਵਧਾਉਣ ਵਾਲੇ ਕੰਮਾਂ ਵਿੱਚ ਹੋ ਰਹੀ ਹੈ। ਇਸ ਦੇ ਨਾਲ ਹੀ, ਸੁਰੱਖਿਅਤ ਪੀਣ ਵਾਲਾ ਪਾਣੀ ਮਿਲਣ ਨਾਲ ਪਾਣੀ ਤੋਂ ਫੈਲਣ ਵਾਲੀਆਂ ਬਿਮਾਰੀਆਂ ਘਟੀਆਂ ਹਨ, ਜਿਸ ਨਾਲ ਲੋਕਾਂ ਦਾ ਇਲਾਜ 'ਤੇ ਹੋਣ ਵਾਲਾ ਖਰਚਾ ਵੀ ਘਟਿਆ ਹੈ। ਇਸੇ ਤਰ੍ਹਾਂ 'ਸਵੱਛ ਭਾਰਤ ਮਿਸ਼ਨ' ਨੇ ਵੀ ਦੇਸ਼ ਵਿੱਚ ਵੱਡਾ ਬਦਲਾਅ ਲਿਆਂਦਾ ਹੈ। ਇਸ ਮੁਹਿੰਮ ਨੇ ਦਿਖਾਇਆ ਕਿ ਲੋਕਾਂ ਦੀ ਸੋਚ ਵਿੱਚ ਬਦਲਾਅ, ਜਨਤਕ-ਭਾਗੀਦਾਰੀ ਅਤੇ ਮਜ਼ਬੂਤ ਰਾਜਨੀਤਿਕ ਇੱਛਾ-ਸ਼ਕਤੀ ਮਿਲ ਕੇ ਵੱਡੇ ਪੱਧਰ 'ਤੇ ਪਰਿਵਰਤਨ ਲਿਆ ਸਕਦੀਆਂ ਹਨ। ਵਿਸ਼ਵ ਸਿਹਤ ਸੰਗਠਨ ਦੇ ਮੁਲਾਂਕਣ ਅਨੁਸਾਰ, ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਦੇ ਕਾਰਨ 2014 ਤੋਂ ਅਕਤੂਬਰ 2019 ਦਰਮਿਆਨ ਦਸਤ ਕਾਰਨ ਹੋਣ ਵਾਲੀਆਂ 3 ਲੱਖ ਤੋਂ ਵੱਧ ਮੌਤਾਂ ਨੂੰ ਰੋਕਿਆ ਜਾ ਸਕਿਆ। ਘਰ-ਘਰ ਪਖਾਨੇ ਬਣਨ ਨਾਲ ਕਰੋੜਾਂ ਗ੍ਰਾਮੀਣ ਔਰਤਾਂ ਨੂੰ ਸਨਮਾਨ, ਨਿੱਜਤਾ ਅਤੇ ਸੁਰੱਖਿਆ ਮਿਲੀ। ਇਸ ਤਰ੍ਹਾਂ ਸਵੱਛਤਾ ਸਿਰਫ਼ ਇੱਕ ਸਹੂਲਤ ਨਹੀਂ ਰਹੀ, ਸਗੋਂ ਜਨਤਕ ਸਿਹਤ ਅਤੇ ਸਮਾਜਿਕ ਸਨਮਾਨ ਦਾ ਇੱਕ ਵੱਡਾ ਜਨ-ਅੰਦੋਲਨ ਬਣ ਗਈ। ਪਿੰਡਾਂ ਨੂੰ ਖੁੱਲ੍ਹੇ ਵਿੱਚ ਸ਼ੌਚ ਤੋਂ ਮੁਕਤ ਬਣਾਉਣ ਤੋਂ ਬਾਅਦ, ਹੁਣ ਦੇਸ਼ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) 2.0 ਦੇ ਤਹਿਤ ਠੋਸ ਅਤੇ ਤਰਲ ਕੂੜੇ ਦੇ ਵਿਗਿਆਨਕ ਅਤੇ ਟਿਕਾਊ ਪ੍ਰਬੰਧਨ ਦੀ ਦਿਸ਼ਾ ਵਿੱਚ ਅੱਗੇ ਵਧ ਰਿਹਾ ਹੈ। ਭਾਰਤ ਨੇ ਜਲ



ਸੰਭਾਲ ਅਤੇ ਭੂ-ਜਲ ਰੀਚਾਰਜ ਦੇ ਖੇਤਰ ਵਿੱਚ ਵੀ ਦੁਨੀਆ ਦੀਆਂ ਸਭ ਤੋਂ ਵੱਡੀਆਂ ਮੁਹਿੰਮਾਂ ਵਿੱਚੋਂ ਇੱਕ ਚਲਾਈ ਹੈ। 6 ਸਤੰਬਰ 2024 ਨੂੰ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਸੂਰਤ ਤੋਂ 'ਜਲ ਸੰਚਿਤ ਜਨਤਕ ਭਾਗੀਦਾਰੀ' ਮੁਹਿੰਮ ਦੀ ਸ਼ੁਰੂਆਤ ਕੀਤੀ ਸੀ। ਇਸ ਦੇ ਤਹਿਤ 31 ਮਈ 2026 ਤੱਕ ਦੇਸ਼ ਭਰ ਵਿੱਚ 1.55 ਕਰੋੜ ਤੋਂ ਵੱਧ ਮੀਂਹ ਦੇ ਪਾਣੀ ਦੀ ਸੰਭਾਲ ਅਤੇ ਭੂ-ਜਲ ਰੀਚਾਰਜ ਢਾਂਚਿਆਂ ਦਾ ਨਿਰਮਾਣ ਕੀਤਾ ਜਾ ਚੁੱਕਿਆ ਹੈ। ਇਹ ਮੁਹਿੰਮ ਦਿਖਾਉਂਦੀ ਹੈ ਕਿ ਜਲ ਸੰਭਾਲ ਵਿੱਚ ਲੋਕਾਂ ਦੀ ਭਾਗੀਦਾਰੀ ਅਤੇ ਸਮੂਹਿਕ ਯਤਨ ਕਿੰਨੇ ਪ੍ਰਭਾਵਸ਼ਾਲੀ ਹੋ ਸਕਦੇ ਹਨ। ਇਨ੍ਹਾਂ ਯਤਨਾਂ ਦਾ ਸਕਾਰਾਤਮਕ ਅਸਰ ਹੁਣ ਭੂ-ਜਲ (ਜ਼ਮੀਨ ਹੇਠਲੇ ਪਾਣੀ) ਦੀ ਸਥਿਤੀ ਵਿੱਚ ਵੀ ਦਿਖਾਈ ਦੇਣ ਲੱਗ ਪਿਆ ਹੈ। ਹਾਲੀਆ ਮੁਲਾਂਕਣਾਂ ਅਨੁਸਾਰ, ਦੇਸ਼ ਦੇ ਕਈ ਹਿੱਸਿਆਂ ਵਿੱਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਬਿਹਤਰ ਹੋਇਆ ਹੈ ਅਤੇ ਜਿਨ੍ਹਾਂ ਖੇਤਰਾਂ ਵਿੱਚ ਭੂ-ਜਲ ਦੀ ਬਹੁਤ ਜ਼ਿਆਦਾ ਵਰਤੋਂ ਹੋ ਰਹੀ ਸੀ, ਉਨ੍ਹਾਂ ਦੀ ਗਿਣਤੀ ਵਿੱਚ ਵੀ ਕਮੀ ਆਈ ਹੈ। ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਲਗਾਤਾਰ ਕੀਤੇ ਗਏ ਜਲ ਸੰਭਾਲ ਦੇ ਯਤਨ ਅਤੇ ਜਨਤਕ-ਭਾਗੀਦਾਰੀ ਮਿਲ ਕੇ ਵਾਤਾਵਰਣ 'ਤੇ ਵੱਧ ਰਹੇ ਦਬਾਅ ਨੂੰ ਵੀ ਘੱਟ ਕਰ ਸਕਦੇ ਹਨ। ਇਸ ਦੇ ਨਾਲ ਹੀ, ਭਾਰਤ ਨੇ ਲੰਬੇ ਸਮੇਂ ਤੋਂ ਲਟਕ ਰਹੇ ਰਾਸ਼ਟਰੀ ਜਲ ਪ੍ਰੋਜੈਕਟਾਂ ਨੂੰ ਵੀ ਤੇਜ਼ੀ ਨਾਲ ਅੱਗੇ ਵਧਾਇਆ ਹੈ। ਦੇਸ਼ ਦਾ ਪਹਿਲਾ ਵੱਡੀ ਨਦੀ ਜੋੜੋ ਪ੍ਰੋਜੈਕਟ, 'ਕੇਨ-ਬੇਤਵਾ ਨਦੀ ਜੋੜੋ ਪ੍ਰੋਜੈਕਟ', ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਇਸ ਦਾ ਉਦੇਸ਼ ਬੁੰਦੇਲਖੰਡ ਦੇ ਸੋਕਾ ਪ੍ਰਭਾਵਿਤ ਖੇਤਰਾਂ ਤੱਕ ਪਾਣੀ ਪਹੁੰਚਾਉਣਾ ਹੈ। ਇਸ ਤੋਂ ਇਲਾਵਾ, ਰਾਜਾਂ ਦੇ ਅੰਦਰ ਨਦੀਆਂ ਨੂੰ ਜੋੜਨ ਦੇ ਕਈ ਪ੍ਰੋਜੈਕਟਾਂ ਵਿੱਚ ਵੀ ਮਹੱਤਵਪੂਰਨ ਤਰੱਕੀ ਹੋਈ ਹੈ। ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੇ ਮਾਰਗਦਰਸ਼ਨ ਵਿੱਚ 'ਨਮਾਮਿ ਗੰਗੇ' ਪ੍ਰੋਗਰਾਮ ਨੇ ਇਹ ਸਾਬਤ ਕੀਤਾ ਹੈ ਕਿ ਵਾਤਾਵਰਣ ਦੀ ਸੰਭਾਲ ਅਤੇ ਵਿਕਾਸ ਨਾਲ-ਨਾਲ ਅੱਗੇ ਵੱਧ ਸਕਦੇ ਹਨ। ਪਿਛਲੇ ਇੱਕ ਦਹਾਕੇ ਵਿੱਚ 4,260 ਮਿਲੀਅਨ ਲੀਟਰ ਪ੍ਰਤੀ ਦਿਨ (ਐੱਮਐੱਲਡੀ) ਸੀਵੇਜ ਟ?ਰੀਟਮੈਂਟ ਸਮਰੱਥਾ ਵਿਕਸਿਤ ਕੀਤੀ ਗਈ ਹੈ। ਬਹੁਤ ਜ਼ਿਆਦਾ ਪ੍ਰਦੂਸ਼ਣ ਫੈਲਾਉਣ ਵਾਲੇ ਉਦਯੋਗਾਂ ਤੋਂ ਨਿਕਲਣ ਵਾਲਾ ਜੈਵਿਕ ਪ੍ਰਦੂਸ਼ਣ (ਬੀਓਡੀ) 2017 ਵਿੱਚ 26 ਟਨ ਪ੍ਰਤੀ ਦਿਨ ਤੋਂ ਘਟ ਕੇ 2024 ਵਿੱਚ 10.75 ਟਨ ਪ੍ਰਤੀ ਦਿਨ ਰਹਿ ਗਿਆ ਹੈ। ਉੱਥੇ ਹੀ, ਉਦਯੋਗਾਂ ਤੋਂ ਨਿਕਲਣ ਵਾਲੇ ਗੰਦੇ ਪਾਣੀ (ਐੱਫਲੂਐਂਟ) ਦੀ ਨਿਕਾਸੀ ਵੀ 349 ਐੱਮਐੱਲਡੀ ਤੋਂ ਘਟ ਕੇ 265.56 ਐੱਮਐੱਲਡੀ ਹੋ ਗਈ ਹੈ। ਅੱਜ ਨਿਗਰਾਨੀ ਦੇ ਅੰਕੜੇ ਦੱਸਦੇ ਹਨ ਕਿ ਗੰਗਾ ਨਦੀ ਵਿੱਚ ਸਾਰੇ ਨਿਗਰਾਨੀ ਕੇਂਦਰਾਂ 'ਤੇ ਪਾਣੀ ਦਾ ਪੀਐੱਚ ਪੱਧਰ ਅਤੇ ਘੁਲੀ ਹੋਈ ਆਕਸੀਜਨ ਇਸ਼ਨਾਨ ਕਰਨ ਯੋਗ ਮਿਆਰਾਂ ਦੇ ਅਨੁਕੂਲ ਹੈ। ਇਸ ਤੋਂ ਇਲਾਵਾ, ਦੇਸ਼ ਵਿਆਪੀ ਮੁਲਾਂਕਣ ਅਨੁਸਾਰ ਗੰਗਾ ਵਿੱਚ ਲਗਭਗ 6,324 ਗੰਗਾ ਡੌਲਫਿਨ ਪਾਈਆਂ ਗਈਆਂ ਹਨ, ਜੋ ਨਦੀ ਦੇ ਬਿਹਤਰ ਹੁੰਦੀ ਵਾਤਾਵਰਣਿਕ ਸਿਹਤ ਦਾ ਸੰਕੇਤ ਹੈ। ਪਿਛਲੇ ਕੁਝ ਵਰ੍?ਆਂ ਵਿੱਚ ਭਾਰਤ ਦੀ ਜਲ ਯਾਤਰਾ ਦੁਨੀਆ ਲਈ ਵੀ ਇੱਕ ਮਹੱਤਵਪੂਰਨ ਸਬਕ ਬਣ ਕੇ ਸਾਹਮਣੇ ਆਈ ਹੈ। 21ਵੀਂ ਸਦੀ ਦੀਆਂ ਪਾਣੀ ਨਾਲ ਸਬੰਧਿਤ ਚੁਣੌਤੀਆਂ ਦਾ ਹੱਲ ਵੱਖ-ਵੱਖ ਯਤਨਾਂ ਨਾਲ ਨਹੀਂ ਹੋ ਸਕਦਾ। ਪੀਣ ਵਾਲਾ ਪਾਣੀ, ਸਵੱਛਤਾ, ਨਦੀਆਂ ਦੀ ਸੰਭਾਲ, ਸਿੰਚਾਈ ਦੀ ਬਿਹਤਰ ਵਿਵਸਥਾ, ਭੂ-ਜਲ ਰੀਚਾਰਜ, ਵਰਤੇ ਗਏ ਪਾਣੀ ਦੀ ਮੁੜ-ਵਰਤੋਂ ਅਤੇ ਜਲਵਾਯੂ ਪਰਿਵਰਤਨ ਨਾਲ ਨਜਿੱਠਣ ਦੀ ਤਿਆਰੀ—ਇਨ੍ਹਾਂ ਸਾਰਿਆਂ ਨੂੰ ਇੱਕ-ਦੂਜੇ ਨਾਲ ਜੁੜੀ ਵਿਵਸਥਾ ਵਜੋਂ ਦੇਖਣਾ ਹੋਵੇਗਾ। ਜਲਵਾਯੂ ਪਰਿਵਰਤਨ ਦੇ ਦੌਰ ਵਿੱਚ ਇਹ ਸਮੁੱਚੀ ਪਹੁੰਚ ਹੋਰ ਵੀ ਜ਼ਰੂਰੀ ਹੋ ਜਾਂਦੀ ਹੈ, ਕਿਉਂਕਿ ਦੁਨੀਆ ਭਰ ਵਿੱਚ ਜਲ ਸਰੋਤਾਂ 'ਤੇ ਦਬਾਅ ਲਗਾਤਾਰ ਵਧ ਰਿਹਾ ਹੈ। ਭਾਰਤ ਦੇ ਸਾਹਮਣੇ ਇਹ ਚੁਣੌਤੀ ਹੋਰ ਵੀ ਵੱਡੀ ਹੈ। ਦੁਨੀਆ ਦੀ ਲਗਭਗ 18 ਫੀਸਦੀ ਆਬਾਦੀ ਭਾਰਤ ਵਿੱਚ ਰਹਿੰਦੀ ਹੈ, ਪਰ ਦੇਸ਼ ਕੋਲ ਦੁਨੀਆ ਦੇ ਕੁੱਲ ਮਿੱਠੇ ਪਾਣੀ ਦੇ ਸਰੋਤਾਂ ਦਾ ਸਿਰਫ਼ ਲਗਭਗ 4 ਫੀਸਦੀ ਹੀ ਹੈ। ਤੇਜ਼ੀ ਨਾਲ ਵਧ ਰਿਹਾ ਸ਼ਹਿਰੀਕਰਣ, ਉਦਯੋਗਿਕ ਵਿਕਾਸ ਅਤੇ ਬਦਲਦੇ ਮੌਸਮ ਦੇ ਪੈਟਰਨ ਆਉਣ ਵਾਲੇ ਵਰ੍?ਆਂ ਵਿੱਚ ਇਨ੍ਹਾਂ ਜਲ ਸਰੋਤਾਂ 'ਤੇ ਹੋਰ ਜ਼ਿਆਦਾ ਦਬਾਅ ਪਾਉਣਗੇ।

ਇਸ ਲਈ ਅੱਜ ਜਲ ਖੇਤਰ ਵਿੱਚ ਕੀਤਾ ਜਾ ਰਿਹਾ ਨਿਵੇਸ਼ ਸਿਰਫ਼ ਵਿਕਾਸ 'ਤੇ ਹੋਣ ਵਾਲਾ ਖਰਚਾ ਨਹੀਂ ਹੈ, ਸਗੋਂ ਦੇਸ਼ ਨੂੰ ਭਵਿੱਖ ਦੀਆਂ ਚੁਣੌਤੀਆਂ ਲਈ ਮਜ਼ਬੂਤ ਬਣਾਉਣ ਵਿੱਚ ਕੀਤਾ ਜਾ ਰਿਹਾ ਲੰਬੇ ਸਮੇਂ ਦਾ ਨਿਵੇਸ਼ ਹੈ। ਪਿਛਲੇ ਇੱਕ ਦਹਾਕੇ ਵਿੱਚ ਮਿਲੀ ਸਫਲਤਾ ਇਹ ਦਿਖਾਉਂਦੀ ਹੈ ਕਿ ਜਦੋਂ ਨਿਰਸੁਆਰਥ ਅਗਵਾਈ, ਜਵਾਬਦੇਹ ਸ਼ਾਸਨ ਅਤੇ ਜਨਤਾ ਦੀ ਸਰਗਰਮ ਹਿੱਸੇਦਾਰੀ ਇੱਕ ਸਾਂਝੇ ਰਾਸ਼ਟਰੀ ਟੀਚੇ ਲਈ ਇਕੱਠੇ ਆਉਂਦੇ ਹਨ, ਤਾਂ ਵੱਡੇ ਅਤੇ ਸਕਾਰਾਤਮਕ ਬਦਲਾਅ ਸੰਭਵ ਹੋ ਜਾਂਦੇ ਹਨ। ਜਿਵੇਂ-ਜਿਵੇਂ ਭਾਰਤ ਵਿਕਸਿਤ ਭਾਰਤ ਵੱਲ ਅੱਗੇ ਵਧ ਰਿਹਾ ਹੈ, ਪਾਣੀ ਇਸ ਦੀ ਵਿਕਾਸ ਯਾਤਰਾ ਦਾ ਸਭ ਤੋਂ ਮਹੱਤਵਪੂਰਨ ਅਧਾਰ ਬਣਿਆ ਹੋਇਆ ਹੈ। ਜਲ ਸੁਰੱਖਿਅਤ ਭਾਰਤ ਦਾ ਮਤਲਬ ਸਿਰਫ਼ ਸਾਰਿਆਂ ਨੂੰ ਲੋੜੀਂਦਾ ਪਾਣੀ ਮੁਹੱਈਆ ਕਰਵਾਉਣਾ ਨਹੀਂ ਹੈ। ਇਸ ਦਾ ਅਰਥ ਹੈ ਔਰਤਾਂ ਦਾ ਸਨਮਾਨ, ਪਰਿਵਾਰਾਂ ਦੀ ਬਿਹਤਰ ਸਿਹਤ, ਕਿਸਾਨਾਂ ਦੀ ਵਧੇਰੇ ਉਤਪਾਦਕਤਾ, ਸ਼ਹਿਰਾਂ ਦਾ ਟਿਕਾਊ ਵਿਕਾਸ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਵਾਤਾਵਰਣ ਦਾ ਸੰਤੁਲਨ ਬਣਾਈ ਰੱਖਣਾ। ਪਿਛਲੇ 12 ਵਰ੍ਹਿਆਂ ਵਿੱਚ ਭਾਰਤ ਦੇ ਜਲ ਖੇਤਰ ਵਿੱਚ ਜੋ ਵੱਡਾ ਬਦਲਾਅ ਆਇਆ ਹੈ, ਉਹ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਦੂਰਦਰਸ਼ੀ ਅਗਵਾਈ ਦਾ ਪ੍ਰਮਾਣ ਹੈ। ਉਨ੍ਹਾਂ ਦੇ ਸੰਕਲਪ ਨੇ ਪਾਣੀ ਨੂੰ ਸਿਰਫ਼ ਇੱਕ ਵਿਕਾਸ ਨਾਲ ਸਬੰਧਿਤ ਚੁਣੌਤੀ ਨਹੀਂ ਰਹਿਣ ਦਿੱਤਾ, ਸਗੋਂ ਉਸ ਨੂੰ ਰਾਸ਼ਟਰ ਨਿਰਮਾਣ ਅਤੇ ਵਿਕਸਿਤ ਭਾਰਤ ਦਾ ਇੱਕ ਮਜ਼ਬੂਤ ਮਾਧਿਅਮ ਬਣਾ ਦਿੱਤਾ ਹੈ। ਅੱਗੇ ਦੀ ਰਾਹ ਵਿੱਚ ਲਗਾਤਾਰ ਯਤਨ ਕਰਨਾ ਜ਼ਰੂਰੀ ਹੋਵੇਗਾ। ਇਸ ਵਿੱਚ ਤਕਨੀਕ, ਅੰਕੜਿਆਂ ਅਤੇ ਨਵੀਨਤਾ ਦੀ ਵੱਡੀ ਭੂਮਿਕਾ ਰਹੇਗੀ। ਸਾਡਾ ਟੀਚਾ ਸਾਰੇ ਖੇਤਰਾਂ ਵਿੱਚ ਪਾਣੀ ਦੀ ਬਿਹਤਰ ਅਤੇ ਕੁਸ਼ਲ ਵਰਤੋਂ ਨੂੰ ਉਤਸ਼ਾਹਿਤ ਕਰਨਾ, ਵਰਤੇ ਗਏ ਪਾਣੀ ਦੀ ਮੁੜ-ਵਰਤੋਂ ਅਤੇ ਰੀਸਾਈਕਲਿੰਗ ਨੂੰ ਵਧਾਉਣਾ, ਸਥਾਨਕ ਪੱਧਰ 'ਤੇ ਜਲ ਪ੍ਰਬੰਧਨ ਨੂੰ ਮਜ਼ਬੂਤ ਕਰਨਾ ਅਤੇ ਜਲ ਸੰਭਾਲ ਵਿੱਚ ਆਮ ਨਾਗਰਿਕਾਂ ਦੀ ਭਾਗੀਦਾਰੀ ਵਧਾਉਣਾ ਹੈ।



**- ਸੀ. ਆਰ. ਪਾਟਿਲ**
**(ਲੇਖਕ ਭਾਰਤ ਸਰਕਾਰ ਵਿੱਚ ਕੇਂਦਰੀ ਜਲ ਸ਼ਕਤੀ ਮੰਤਰੀ ਹਨ।)**

# ਫਸਲ ਤੋਂ ਅੱਗੇ : ਕਿਸਾਨ ਦੀ ਨਵੀਂ ਆਰਥਿਕ ਆਜ਼ਾਦੀ

ਪ੍ਰਧਾਨ ਨਰੇਂਦਰ ਮੋਦੀ ਜੀ ਦੀ ਅਗਵਾਈ ਵਿੱਚ ਬੀਤੇ 12 ਵਰ੍ਹਿਆਂ ਵਿੱਚ ਭਾਰਤੀ ਖੇਤੀਬਾੜੀ ਇੱਕ ਨਵੇਂ ਦੌਰ ਵਿੱਚ ਦਾਖਲ ਹੋ ਚੁੱਕੀ ਹੈ। ਪਹਿਲਾਂ ਸਾਡੀ ਸਭ ਤੋਂ ਵੱਡੀ ਚਿੰਤਾ ਇਹ ਸੀ ਕਿ ਦੇਸ਼ ਵਿੱਚ ਅਨਾਜ ਦੀ ਕਮੀ ਨਾ ਹੋਵੇ, ਕਿਸੇ ਤਰ੍ਹਾਂ ਭੁੱਖ ਤੋਂ ਬਚਾਅ ਹੋ ਜਾਵੇ। ਅੱਜ ਮੋਦੀ ਜੀ ਦੀ ਦੂਰਦ੍ਰਿਸ਼ਟੀ ਅਤੇ ਕਿਸਾਨ -ਹਿਤੈਸ਼ੀ ਨੀਤੀਆਂ ਨੇ ਖੇਤੀਬਾੜੀ ਨੂੰ ਸਿਰਫ਼ 'ਉਤਪਾਦਨ ਦਾ ਖੇਤਰ' ਨਹੀਂ ਰਹਿਣ ਦਿੱਤਾ, ਸਗੋਂ ਕਿਸਾਨ ਦੀ ਸਮ੍ਰਿੱਧੀ, ਜੋਖਮ-ਸੁਰੱਖਿਆ, ਪੋਸ਼ਣ ਸੁਰੱਖਿਆ, ਗ੍ਰੀਨ ਟੈਕਨੋਲੋਜੀ ਅਤੇ ਪੇਂਡੂ ਵਿਕਾਸ ਦਾ ਤਾਲਮੇਲ ਪੂਰਨ ਅਧਾਰ ਬਣਾ ਦਿੱਤਾ ਹੈ। ਗ੍ਰੀਨ ਰੈਵੋਲਿਊਸ਼ਨ ਤੋਂ ਬਾਅਦ ਪਹਿਲੀ ਵਾਰ ਨੀਤੀਆਂ ਦਾ ਫੋਕਸ ਸਿਰਫ਼ 'ਕਿੰਨਾ ਉਤਪਾਦਨ?' 'ਤੇ ਨਹੀਂ, ਸਗੋਂ 'ਕਿਸਾਨ ਦੀ ਅਸਲ ਆਮਦਨ ਕਿੰਨੀ, ਖੇਤੀ ਕਿੰਨੀ ਟਿਕਾਊ ਅਤੇ ਗ੍ਰਾਮੀਣ ਅਰਥਵਿਵਸਥਾ ਕਿੰਨੀ ਮਜ਼ਬੂਤ' 'ਤੇ ਆ ਗਿਆ ਹੈ। ਇਸੇ ਸੋਚ ਨਾਲ ਦਾਲਾਂ-ਤੇਲ ਬੀਜ ਮਿਸ਼ਨ, ਕੌਟਨ ਮਿਸ਼ਨ, ਕੁਦਰਤੀ ਖੇਤੀ ਮਿਸ਼ਨ, ਪ੍ਰਧਾਨ ਮੰਤਰੀ ਧਨ-ਧਾਨਯ ਖੇਤੀਬਾੜੀ ਯੋਜਨਾ, ਖੇਤ ਬਚਾਓ ਅਭਿਆਨ, ਡਿਜੀਟਲ ਖੇਤੀਬਾੜੀ ਅਤੇ ਖੋਜ-ਨਵੀਨਤਾ; ਸਾਰਿਆਂ ਨੂੰ ਇੱਕ ਹੀ ਵਿਆਪਕ ਦ੍ਰਿਸ਼ਟੀ ਪੱਖੋਂ ਜੋੜਿਆ ਜਾ ਰਿਹਾ ਹੈ।

**ਉਤਪਾਦਨ ਤੋਂ ਅੱਗੇ : ਆਮਦਨ, ਸੁਰੱਖਿਆ ਅਤੇ ਪੇਂਡੂ ਅਰਥਵਿਵਸਥਾ**

ਅੱਜ ਭਾਰਤ ਅਨਾਜ ਉਤਪਾਦਨ ਵਿੱਚ 3765.63 ਲੱਖ ਟਨ ਦੇ ਰਿਕਾਰਡ ਪੱਧਰ 'ਤੇ ਹੈ, ਜੋ ਕਿ ਦੇਸ਼ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਹੈ। ਝੋਨਾ, ਕਣਕ, ਮੱਕੀ, ਦਾਲਾਂ ਅਤੇ ਤੇਲ ਬੀਜ-ਸਾਰਿਆਂ ਵਿੱਚ ਜ਼ਿਕਰਯੋਗ ਵਾਧਾ ਦਰਜ ਹੋਇਆ ਹੈ। ਇਹ ਸਿਰਫ਼ ਵਧੇਰੇ ਪੈਦਾਵਾਰ ਨਹੀਂ, ਸਗੋਂ ਕੁੱਲ ਗ੍ਰਾਮੀਣ ਅਰਥਵਿਵਸਥਾ ਵਿੱਚ ਆਏ ਵਿਸਥਾਰ ਅਤੇ ਮਜ਼ਬੂਤੀ ਦਾ ਪ੍ਰਮਾਣ ਹੈ। ਨਾਲ-ਨਾਲ, ਮੋਦੀ ਸਰਕਾਰ ਨੇ ਕਿਸਾਨ ਦੀ ਜੋਖਮ-ਸੁਰੱਖਿਆ ਨੂੰ ਵੀ ਤਰਜੀਹ ਦਿੱਤੀ ਹੈ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਦੇ ਤਹਿਤ ਹੁਣ ਤੱਕ 22 ਕਿਸ਼ਤਾਂ ਰਾਹੀਂ ਕਿਸਾਨਾਂ ਦੇ ਖਾਤਿਆਂ ਵਿੱਚ ਸਿੱਧੇ 4.27 ਲੱਖ ਕਰੋੜ ਰੁਪਏ ਤੋਂ ਵੱਧ ਦੀ ਸਹਾਇਤਾ ਪਹੁੰਚ ਚੁੱਕੀ ਹੈ, ਜਿਸ ਨਾਲ 9 ਕਰੋੜ ਤੋਂ ਵੱਧ ਕਿਸਾਨ ਪਰਿਵਾਰਾਂ ਨੂੰ ਹਰ ਸਾਲ ਨਿਯਮਿਤ ਆਮਦਨ-ਸਮਰਥਨ ਮਿਲਦਾ ਹੈ। ਨਾਲ ਹੀ, ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਨੇ ਦੇਸ਼ ਭਰ ਵਿੱਚ ਕਰੋੜਾਂ ਕਿਸਾਨ -ਆਵੇਦਨਾਂ ਨੂੰ ਕਵਰ ਕਰਦੇ ਹੋਏ ਫਸਲ ਦੇ ਨੁਕਸਾਨ ਦੀ ਸਥਿਤੀ ਵਿੱਚ ਇੱਕ ਮਜ਼ਬੂਤ ਬੀਮਾ ਕਵਚ ਦਿੱਤਾ ਹੈ। ਸਿੰਚਾਈ, ਗ੍ਰਾਮੀਣ ਸੜਕਾਂ, ਐਗਰੀ-ਇਨਫ?ਰਾਸਟ?ਰਕਚਰ, ਵੇਅਰਹਾਊਸ ਅਤੇ ਕੋਲਡ-ਚੇਨ ਵਿੱਚ ਨਿਵੇਸ਼ ਉਤਪਾਦਨ, ਭੰਡਾਰਨ ਅਤੇ ਬਜ਼ਾਰ ਤੱਕ ਪਹੁੰਚ - ਤਿੰਨਾਂ ਨੂੰ ਮਜ਼ਬੂਤ ਕੀਤਾ ਹੈ। ਖੇਤੀਬਾੜੀ ਹੁਣ ਸਿਰਫ਼ ਖੇਤ ਦੀ ਵੱਟ ਤੱਕ ਸੀਮਤ ਨਹੀਂ ਹੈ। ਡੇਅਰੀ, ਮੱਛੀ, ਕੁੱਕੁਟ, ਬਾਗਵਾਨੀ, ਮਧੂਮੱਖੀ ਪਾਲਣ, ਫੂਡ-ਪ੍ਰੋਸੈਸਿੰਗ, ਭੰਡਾਰਨ, ਗ੍ਰਾਮੀਣ ਉਦਯੋਗ, ਸੌਰ ਊਰਜਾ ਅਤੇ ਸੇਵਾ ਖੇਤਰ; ਸਾਰੇ ਮਿਲ ਕੇ ਨਵੀਂ ਗ੍ਰਾਮੀਣ ਅਰਥਵਿਵਸਥਾ ਦਾ ਨਿਰਮਾਣ ਕਰ ਰਹੇ ਹਨ।

**ਦਾਲਾਂ, ਤੇਲ ਬੀਜਾਂ ਅਤੇ ਕੌਟਨ ਮਿਸ਼ਨ - ਆਤਮਨਿਰਭਰਤਾ ਅਤੇ ਕੀਮਤ ਸਥਿਰਤਾ**

ਲੰਬੇ ਸਮੇਂ ਤੱਕ ਦਾਲਾਂ, ਖੁਰਾਕ ਤੇਲ ਅਤੇ ਕਪਾਹ-ਤਿੰਨੋਂ ਖੇਤਰ ਸਾਡੀ ਪੂਰੀ ਸਮਰੱਥਾ ਤੋਂ ਪਿੱਛੇ ਰਹੇ। ਅਸੀਂ ਦਾਲਾਂ ਅਤੇ ਤੇਲਾਂ ਲਈ ਆਯਾਤ 'ਤੇ ਨਿਰਭਰ ਰਹੇ ਅਤੇ ਕਪਾਹ ਵਿੱਚ ਵੀ ਕਿਸਾਨਾਂ ਨੂੰ ਆਲਮੀ ਉਤਰਾਅ-ਚੜ੍ਹਾਅ ਦਾ ਸਾਹਮਣਾ ਕਰਨਾ ਪਿਆ। ਮੋਦੀ ਸਰਕਾਰ ਨੇ ਇਨ੍ਹਾਂ ਤਿੰਨਾਂ ਨੂੰ ਰਣਨੀਤਕ ਤਰਜੀਹ ਦਿੰਦੇ ਹੋਏ ਵੱਖੋ-ਵੱਖਰੇ ਮਿਸ਼ਨਾਂ ਦੇ ਰੂਪ ਵਿੱਚ ਅੱਗੇ ਵਧਾਇਆ ਹੈ। ਰਾਸ਼ਟਰੀ ਦਾਲ ਮਿਸ਼ਨ ਦੇ ਜ਼ਰੀਏ ਤੁਅਰ, ਉੜਦ, ਮਸੂਰ, ਚਨਾ ਅਤੇ ਹੋਰ ਦਾਲਾਂ ਦਾ ਖੇਤਰ ਅਤੇ ਉਤਪਾਦਕਤਾ ਵਧਾਉਣ ਲਈ ਬੀਜ ਤੋਂ ਬਜ਼ਾਰ ਤੱਕ ਪੂਰੀ ਵੈਲਿਊ ਚੇਨ 'ਤੇ ਕੰਮ ਹੋ ਰਿਹਾ ਹੈ- ਉੱਚ ਉਪਜ ਕਿਸਮਾਂ, ਕਲਸਟਰ ਅਧਾਰਿਤ ਖੇਤੀ, ਪ੍ਰੋਸੈਸਿੰਗ ਯੂਨਿਟਾਂ, ਐੱਮਐੱਸਪੀ ਦਾ ਮਜ਼ਬੂਤ ਢਾਂਚਾ, ਸਰਕਾਰੀ ਖਰੀਦ, ਭੰਡਾਰਨ ਅਤੇ ਨਿਰਯਾਤ ਤੱਕ। ਟੀਚਾ ਇਹ ਹੈ ਕਿ ਭਾਰਤ ਦਾਲਾਂ ਵਿੱਚ ਪੂਰੀ ਤਰ੍ਹਾਂ ਨਾਲ ਆਤਮਨਿਰਭਰ ਬਣੇ, ਆਯਾਤ ਬਿਲ ਘਟੇ ਅਤੇ ਕਿਸਾਨਾਂ ਨੂੰ ਉੱਚ ਕੀਮਤ ਵਾਲੀਆਂ ਇਨ੍ਹਾਂ ਫਸਲਾਂ ਨਾਲ ਸਥਾਈ ਆਮਦਨ ਮਿਲੇ।ਇਸੇ ਤਰ੍ਹਾਂ ਤੇਬ ਬੀਜ ਮਿਸ਼ਨ ਰਾਹੀਂ ਸਰ੍ਹੋਂ, ਸੋਇਆਬੀਨ, ਸੂਰਜਮੁਖੀ, ਤਿਲ ਅਤੇ ਪਾਮ ਆਇਲ ਵਰਗੀਆਂ ਫਸਲਾਂ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਇਹ ਸਿਰਫ਼ ਪੈਦਾਵਾਰ ਵਧਾਉਣ ਦਾ ਪ੍ਰੋਗਰਾਮ ਨਹੀਂ ਹੈ, ਸਗੋਂ ਖੁਰਾਕ ਤੇਲਾਂ ਵਿੱਚ ਆਤਮ-ਨਿਰਭਰਤਾ, ਕਿਸਾਨਾਂ ਨੂੰ ਬਿਹਤਰ ਕੀਮਤਾਂ ਅਤੇ ਦੇਸ਼ ਦੀ ਤੇਲ ਸੁਰੱਖਿਆ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਵਿਆਪਕ ਰਣਨੀਤੀ ਹੈ। ਇਸ ਦੇ ਨਾਲ-ਨਾਲ ਕੌਟਨ ਮਿਸ਼ਨ ਦੇ ਤਹਿਤ ਕਪਾਹ ਦੀ ਉੱਚ -ਉਪਜ ਅਤੇ ਕੀਟ-ਰੋਧੀ ਕਿਸਮਾਂ, ਉੱਨਤ ਖੇਤੀਬਾੜੀ ਪ੍ਰਣਾਲੀਆਂ, ਕੀਟ-ਪ੍ਰਬੰਧਨ, ਫਸਲ ਵਿਭਿੰਨਤਾ, ਟੈਕਸਟਾਈਲ ਵੈਲਿਊ ਚੇਨ ਨਾਲ ਬਿਹਤਰ ਜੁੜਾਅ ਅਤੇ ਗੁਣਵੱਤਾ ਸੁਧਾਰ 'ਤੇ ਕੰਮ ਹੋ ਰਿਹਾ ਹੈ। ਕਪਾਹ ਭਾਰਤ ਦੇ ਲੱਖਾਂ ਕਿਸਾਨਾਂ ਲਈ ਨਗਦੀ ਫਸਲ ਹੈ; ਮਿਸ਼ਨ ਦਾ ਉਦੇਸ਼ ਹੈ ਕਿ ਕਿਸਾਨ ਨੂੰ ਉਤਪਾਦਨ ਦੇ ਨਾਲ-ਨਾਲ ਆਲਮੀ ਬਜ਼ਾਰ ਵਿੱਚ ਮੁਕਾਬਲੇ ਯੋਗ ਗੁਣਵੱਤਾ, ਬਿਹਤਰ ਕੀਮਤ ਅਤੇ ਸਥਿਰ ਆਮਦਨ ਵੀ ਮਿਲ ਸਕੇ।

**ਕੁਦਰਤੀ ਖੇਤੀ ਮਿਸ਼ਨ : 1 ਕਰੋੜ ਕਿਸਾਨ, 75 ਲੱਖ ਹੈਕਟੇਅਰ ਦੀ ਨਵੀਂ ਰਾਹ**

ਤੇਜ਼ੀ ਨਾਲ ਵਧਦੀ ਰਸਾਇਣਿਕ ਨਿਰਭਰਤਾ, ਮਿੱਟੀ ਦੀ ਥਕਾਵਟ ਅਤੇ ਭੂ-ਜਲ 'ਤੇ ਦਬਾਅ-ਇਹ ਸਾਰੇ ਸਾਨੂੰ ਸੁਚੇਤ ਕਰ ਰਹੇ ਹਨ ਕਿ ਖੇਤੀਬਾੜੀ ਦੇ ਤਰੀਕੇ ਬਦਲਣੇ ਹੋਣਗੇ। ਇਸੇ ਸਮਝ ਦੇ ਨਾਲ ਸਾਡੇ ਵਿਜ਼ਨਰੀ ਪ੍ਰਧਾਨ ਮੰਤਰੀ ਮੋਦੀ ਜੀ ਦੀ ਅਗਵਾਈ ਹੇਠ ਕੁਦਰਤੀ ਖੇਤੀ ਨੂੰ ਇੱਕ ਰਾਸ਼ਟਰੀ ਮਿਸ਼ਨ ਵਜੋਂ ਅੱਗੇ ਵਧਾਇਆ ਜਾ ਰਿਹਾ ਹੈ। ਸਾਡਾ ਸੰਕਲਪ ਹੈ ਕਿ 1 ਕਰੋੜ ਕਿਸਾਨਾਂ ਨੂੰ ਕੁਦਰਤੀ ਖੇਤੀ ਲਈ ਸੈਂਸੀਟਾਈਜ਼ ਕੀਤਾ ਜਾਵੇ, ਉਨ੍ਹਾਂ ਵਿੱਚੋਂ ਲਗਭਗ 18 ਲੱਖ ਕਿਸਾਨਾਂ ਨੂੰ ਸਰਗਰਮ ਤੌਰ 'ਤੇ ਕੁਦਰਤੀ ਖੇਤੀ ਅਪਣਾਉਣ ਲਈ ਤਿਆਰ ਕੀਤਾ ਜਾਵੇ ਅਤੇ ਪੜਾਅਵਾਰ ਕਰੀਬ 75 ਲੱਖ ਹੈਕਟੇਅਰ ਖੇਤਰ ਨੂੰ ਕੁਦਰਤੀ ਖੇਤੀ ਦੇ ਦਾਇਰੇ ਵਿੱਚ ਲਿਆਂਦਾ ਜਾਵੇ।

ਇਹ ਤਬਦੀਲੀ ਹੌਲੀ-ਹੌਲੀ, ਵਿਗਿਆਨਿਕ ਪ੍ਰਮਾਣਾਂ ਅਤੇ ਕਿਸਾਨਾਂ ਦੇ ਆਪਣੇ ਅਨੁਭਵ ਦੇ ਅਧਾਰ 'ਤੇ ਅੱਗੇ ਵਧ ਰਿਹਾ ਹੈ। ਛੋਟੇ ਕਿਸਾਨਾਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ ਕਿ ਉਹ ਆਪਣੀ ਕੁਝ ਜ਼ਮੀਨ 'ਤੇ ਕੁਦਰਤੀ ਖੇਤੀ ਦਾ ਮਾਡਲ ਬਣਾ ਕੇ ਦੇਖਣ; ਉਨ੍ਹਾਂ ਨੂੰ ਟ?ਰੇਨਿੰਗ, ਸਥਾਨਕ ਸੰਸਾਧਨਾਂ 'ਤੇ ਅਧਾਰਿਤ ਪੈਕੇਜ, ਸਰਟੀਫਿਕੇਸ਼ਨ, ਬ੍ਰਾਂਡਿੰਗ ਅਤੇ ਬਜ਼ਾਰ-ਜੁੜਾਅ ਵਿੱਚ ਮਦਦ ਦਿੱਤੀ ਜਾ ਰਹੀ ਹੈ। ਉਦੇਸ਼ ਇਹ ਹੈ ਕਿ ਮਿੱਟੀ ਦੀ ਉਪਜਾਊ ਸ਼ਕਤੀ ਵਧੇ, ਰਸਾਇਣਕ ਲਾਗਤ ਘਟੇ, ਜਲਵਾਯੂ ਝਟਕਿਆਂ ਦੇ ਸਾਹਮਣੇ ਫਸਲਾਂ ਵਧੇਰੇ ਟਿਕਾਊ ਹੋਣ ਅਤੇ ਖਪਤਕਾਰਾਂ ਨੂੰ ਸਿਹਤਮੰਦ, ਪੌਸ਼ਕ ਭੋਜਨ ਮਿਲ ਸਕੇ।

**ਪ੍ਰਧਾਨ ਮੰਤਰੀ ਧਨ -ਧਾਨਯ ਕ੍ਰਿਸ਼ੀ ਯੋਜਨਾ ਅਤੇ ਫੋਕਸ ਵਿੱਚ 100 ਘੱਟ ਉਤਪਾਦਨ ਵਾਲੇ ਜ਼ਿਲ੍ਹੇ**

ਭਾਰਤ ਵਰਗੇ ਵਿਸ਼ਾਲ ਦੇਸ਼ ਵਿੱਚ ਕੁਝ ਖੇਤਰ ਬਹੁਤ ਤੇਜ਼ੀ ਨਾਲ ਅੱਗੇ ਵਧਦੇ ਹਨ, ਜਦਕਿ ਕੁਝ ਜ਼ਿਲ੍ਹੇ ਵੱਖ-ਵੱਖ ਕਾਰਨਾਂ ਕਰਕੇ ਪਿੱਛੇ ਰਹਿ ਜਾਂਦੇ ਹਨ। ਇਸ ਅਸਮਾਨਤਾ ਨੂੰ ਘਟਾਉਣ ਲਈ ਪ੍ਰਧਾਨ ਮੰਤਰੀ ਧਨ -ਧਾਨਯ ਕ੍ਰਿਸ਼ੀ ਯੋਜਨਾ ਦੀ ਕਲਪਨਾ ਕੀਤੀ ਗਈ ਹੈ। ਇਸ ਯੋਜਨਾ ਦੇ ਤਹਿਤ ਲਗਭਗ 100 ਘੱਟ ਉਤਪਾਦਨ ਵਾਲੇ ਜ਼ਿਲ੍ਹਿਆਂ ਦੀ ਪਛਾਣ ਕੀਤੀ ਗਈ ਹੈ, ਜਿੱਥੇ ਪ੍ਰਤੀ ਹੈਕਟੇਅਰ ਪੈਦਾਵਾਰ ਰਾਸ਼ਟਰੀ ਔਸਤ ਤੋਂ ਕਾਫੀ ਘੱਟ ਹੈ ਅਤੇ ਕਿਸਾਨ ਉਮੀਦ ਮੁਤਾਬਕ ਲਾਭ ਨਹੀਂ ਲੈ ਪਾ ਰਹੇ ਹਨ। ਇਨ੍ਹਾਂ ਜ਼ਿਲ੍ਹਿਆਂ ਵਿੱਚ 11 ਵਿਭਾਗਾਂ ਦੀਆਂ 36 ਯੋਜਨਾਵਾਂ ਦਾ ਕਨਵਰਜੈਂਸ ਕਰਕੇ ਇੱਕ ਸੰਪੂਰਨ ਪੈਕੇਜ ਦਿੱਤਾ ਜਾ ਰਿਹਾ ਹੈ- ਸਿੰਚਾਈ, ਸੌਇਲ ਹੈਲਥ, ਬੀਜ, ਖਾਦ, ਫਸਲੀ ਵਿਭਿੰਨਤਾ, ਪਸ਼ੂ ਪਾਲਣ, ਬਾਗਵਾਨੀ, ਖੇਤੀਬਾੜੀ-ਉਪਕਰਣ, ਕੌਸ਼ਲ ਵਿਕਾਸ, ਬੁਨਿਆਦੀ ਢਾਂਚਾ ਅਤੇ ਬਜ਼ਾਰ-ਜੁੜਾਅ; ਸਾਰਿਆਂ ਨੂੰ ਇਕੱਠਿਆਂ ਜੋੜ ਕੇ। ਸੋਚ ਇਹ ਹੈ ਕਿ ਯੋਜਨਾਵਾਂ ਵੱਖ-ਵੱਖ 'ਸਾਇਲੋ' ਵਿੱਚ ਨਾਲ ਚਲੋ, ਸਗੋਂ ਕਿਸਾਨ ਦੇ ਖੇਤ ਅਤੇ ਪਿੰਡ ਨੂੰ ਕੇਂਦਰ ਵਿੱਚ ਰੱਖ ਕੇ ਸਭ ਮਿਲ ਕੇ ਕੰਮ ਕਰਨ। ਇਸ ਨਾਲ ਨੀਤੀ ਦਾ ਫੋਕਸ ਸਿਰਫ਼ 'ਕਿੰਨਾ ਉਤਪਾਦਨ' ਤੋਂ ਅੱਗੇ ਵਧ ਕੇ ਇਸ 'ਤੇ ਆਇਆ ਹੈ ਕਿ ਕਿੱਥੇ ਉਤਪਾਦਨ ਘੱਟ ਹੈ, ਉੱਥੇ ਟੀਚਾਬੱਧ ਨਿਵੇਸ਼ ਅਤੇ ਕੋਸ਼ਿਸ਼ ਨਾਲ ਕਿਵੇਂ ਵਧਾਇਆ ਜਾਵੇ, ਅਤੇ ਉਸ ਨਾਲ ਕਿਸਾਨ ਦੀ ਆਮਦਨ ਕਿਵੇਂ ਉੱਪਰ ਆਏ।

**'ਖੇਤ ਬਚਾਓ ਅਭਿਆਨ'- ਮਿੱਟੀ, ਪਾਣੀ ਅਤੇ ਕਿਸਾਨ ਦਾ ਸੰਤੁਲਨ**

ਉਤਪਾਦਨ ਵਧਾਉਣ ਦੀ ਦੌੜ ਵਿੱਚ ਕਈ ਥਾਵਾਂ 'ਤੇ ਮਿੱਟੀ ਅਤੇ ਪਾਣੀ 'ਤੇ ਦਬਾਅ ਵਧਿਆ ਹੈ। ਅਸੰਤੁਲਿਤ ਖਾਦਾਂ ਦੀ ਵਰਤੋਂ, ਭੂ-ਜਲ ਦਾ ਬਹੁਤ ਜ਼ਿਆਦਾ ਸ਼ੋਸ਼ਣ ਅਤੇ ਸੀਮਤ ਫਸਲੀ ਚੱਕਰ ਨੇ ਖੇਤ ਦੀ ਸਿਹਤ ਨੂੰ ਪ੍ਰਭਾਵਿਤ ਕੀਤਾ ਹੈ। ਜੇਕਰ ਸਮਾਂ ਰਹਿੰਦੇ ਦਿਸ਼ਾ ਨਾ ਬਦਲੀ ਜਾਵੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਅਸੀਂ ਕਮਜ਼ੋਰ ਖੇਤ ਅਤੇ ਥੱਕੀ ਹੋਈ ਮਿੱਟੀ ਛੱਡਾਂਗੇ। ਇਸ ਚੁਣੌਤੀ ਨੂੰ ਦੇਖਦੇ ਹੋਏ 'ਖੇਤ ਬਚਾਓ ਅਭਿਆਨ' ਸ਼ੁਰੂ ਕੀਤਾ ਗਿਆ ਹੈ। ਇਹ ਅਭਿਆਨ ਸਿਰਫ਼ ਮਿੱਟੀ ਬਚਾਉਣ ਦਾ ਨਹੀਂ, ਸਗੋਂ ਕਿਸਾਨ ਦੀ ਆਮਦਨ, ਭੋਜਨ ਦੀ ਗੁਣਵੱਤਾ ਅਤੇ ਭਵਿੱਖ ਦੀ ਖੁਰਾਕ ਸੁਰੱਖਿਆ ਦੀ ਰੱਖਿਆ ਦਾ ਅਭਿਆਨ ਹੈ। ਇਸ ਦੇ ਮੁੱਖ ਪੰਜ ਉਦੇਸ਼ ਹਨ- ਹਰ ਕਿਸਾਨ ਮਿੱਟੀ ਪ੍ਰੀਖਣ ਦੇ ਅਧਾਰ 'ਤੇ ਖਾਦਾਂ ਦੀ ਵਰਤੋਂ ਕਰੇ, ਡੀਏਪੀ ਅਤੇ ਯੂਰੀਆ 'ਤੇ ਜ਼ਿਆਦਾ ਨਿਰਭਰਤਾ ਨੂੰ ਘੱਟ ਕਰੇ ਅਤੇ ਸੰਤੁਲਿਤ ਐਨਪੀਕੇ, ਸੂਖਮ ਪੋਸ਼ਕ ਤੱਤ, ਜੈਵਿਕ ਅਤੇ ਨੈਨੋ ਖਾਦਾਂ ਨੂੰ ਅਪਣਾਏ, ਹਰੀ ਖਾਦ, ਜੈਵਿਕ ਖਾਦ ਅਤੇ ਏਕੀਕ੍ਰਿਤ ਪੋਸ਼ਕ ਤੱਤ ਪ੍ਰਬੰਧਨ ਨੂੰ ਹੁਲਾਰਾ ਦੇਵੇ, ਨਕਲੀ ਬੀਜ, ਖਾਦ ਅਤੇ ਕੀਟਨਾਸ਼ਕਾਂ ਦੇ ਵਿਰੁੱਧ ਸੁਚੇਤ ਰਹੇ ਅਤੇ ਪ੍ਰਸ਼ਾਸਨ ਨੂੰ ਤੁਰੰਤ ਸੂਚਨਾ ਦੇਵੇ ਅਤੇ ਕੁਦਰਤੀ ਖੇਤੀ ਅਤੇ ਜਲਵਾਯੂ-ਅਨੁਕੂਲ ਵਿਧੀਆਂ ਵੱਲ ਸੰਗਠਿਤ ਤੌਰ 'ਤੇ ਵਧੇ। ਟੀਚਾ ਇਹ ਨਹੀਂ ਕਿ ਖਾਦ ਅਚਾਨਕ ਘੱਟ ਕਰ ਦਿੱਤੀ ਜਾਵੇ, ਸਗੋਂ ਇਹ ਹੈ ਕਿ ਹਰ ਕਿਸਾਨ ਸਹੀ ਮਾਤਰਾ, ਸਹੀ ਸਮੇਂ ਅਤੇ ਸਹੀ ਮਿਸ਼ਰਣ ਦੀ ਵਰਤੋਂ ਕਰੇ, ਤਾਂ ਜੋ ਮਿੱਟੀ ਦੀ ਸਿਹਤ ਲੰਬੇ ਸਮੇਂ ਤੱਕ ਬਣੀ ਰਹੇ, ਲਾਗਤ ਘਟੇ ਅਤੇ ਉਤਪਾਦਨ ਵੀ ਸੁਰੱਖਿਅਤ ਰਹੇ।

**ਫਸਲ ਦੀ ਮਾਤਰਾ ਤੋਂ ਅੱਗੇ, ਕਿਸਾਨ ਦੇ ਭਰੋਸੇ ਵੱਲ ਵਧਦੇ ਠੋਸ ਕਦਮ**

ਆਉਣ ਵਾਲੇ ਸਾਲਾਂ ਵਿੱਚ, ਭਾਰਤ ਨੂੰ ਦੁਨੀਆ ਦੀ ਭੋਜਨ, ਪੋਸ਼ਣ ਅਤੇ ਜਲਵਾਯੂ ਨਾਲ ਸਬੰਧਿਤ ਚੁਣੌਤੀਆਂ ਦੇ ਵਿਚਕਾਰ ਆਪਣੇ ਖੇਤੀਬਾੜੀ ਵਾਤਾਵਰਣ ਨੂੰ ਹੋਰ ਮਜ਼ਬੂਤ ??ਕਰਨਾ ਚਾਹੀਦਾ ਹੈ। ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦਾ ਦ੍ਰਿਸ਼ਟੀਕੋਣ ਸਪਸ਼ਟ ਹੈ: ਕਿਸਾਨਾਂ ਦੀ ਆਮਦਨ ਵਧੇ, ਉਨ੍ਹਾਂ ਦੀ ਮਿਹਨਤ ਦਾ ਉਚਿਤ ਸਨਮਾਨ ਅਤੇ ਕੀਮਤ ਮਿਲੇ, ਦਾਲਾਂ, ਤੇਲ ਬੀਜਾਂ ਅਤੇ ਕਪਾਹ ਵਿੱਚ ਆਤਮ-ਨਿਰਭਰਤਾ ਨਾਲ ਪੋਸ਼ਣ, ਤੇਲ ਅਤੇ ਟੈਕਸਟਾਈਲ ਸੁਰੱਖਿਆ ਮਜ਼ਬੂਤ ਹੋਵੇ। PM-KISAN, PMFBY, ਕੁਦਰਤੀ ਖੇਤੀ, ਖੇਤ ਬਚਾਓ ਅਭਿਆਨ ਅਤੇ ਜਲਵਾਯੂ-ਅਨੁਕੂਲ ਤਕਨੀਕਾਂ ਨਾਲ ਖੇਤ ਦੀ ਮਿੱਟੀ, ਪਾਣੀ ਅਤੇ ਕਿਸਾਨ ਦੀ ਸੁਰੱਖਿਆ ਯਕੀਨੀ ਹੋਵੇ। ਪ੍ਰਧਾਨ ਮੰਤਰੀ ਧਨ-ਧਾਨਯ ਕ੍ਰਿਸ਼ੀ ਯੋਜਨਾ ਰਾਹੀਂ,ਘੱਟ ਉਤਪਾਦਕਤਾ ਵਾਲੇ ਜ਼ਿਲ੍ਹਿਆਂ ਵਿੱਚ ਟੀਚਾਬੱਧ ਨਿਵੇਸ਼ ਨਾਲ ਖੇਤਰੀ ਅਸਮਾਨਤਾਵਾਂ ਘਟਣ ਅਤੇ ਹਰੇਕ ਕਿਸਾਨ ਅੱਗੇ ਵਧੇ। ਵਿਗਿਆਨ, ਖੋਜ ਅਤੇ ਡਿਜੀਟਲ ਤਕਨਾਲੋਜੀ ਨਾਲ ਖੇਤੀਬਾੜੀ ਕੁਸ਼ਲ, ਲਚਕਦਾਰ, ਟਿਕਾਊ ਅਤੇ ਪ੍ਰਤੀਯੋਗੀ ਬਣੇ।

**ਸ਼ਿਵਰਾਜ ਸਿੰਘ ਚੌਹਾਨ**
**(ਲੇਖਕ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਅਤੇ ਪੇਂਡੂ ਵਿਕਾਸ ਮੰਤਰੀ ਹਨ।)**

# ਆਲ ਇੰਡੀਆ ਸੀ.ਏ. ਫਾਈਨਲ ਪ੍ਰੀਖਿਆ 'ਚ ਨੂਰ ਸਿੰਗਲਾ ਨੇ ਹਾਸਲ ਕੀਤਾ ਪਹਿਲਾ ਰੈਂਕ

600 ਵਿੱਚੋਂ 499 ਅੰਕ (83.17%) ਪ੍ਰਾਪਤ ਕਰਕੇ ਪੂਰੇ ਪੰਜਾਬ ਦਾ ਸਿਰ ਦੁਨੀਆ 'ਚ ਕੀਤਾ ਉੱਚਾ



ਜ਼ਿਕਰ ਪੰਜਾਬ

**ਚੰਡੀਗੜ੍ਹ/ਡੀ.ਪੀ.ਆਰ**

ਪੰਜਾਬ ਦੇ ਨੌਜਵਾਨਾਂ ਵੱਲੋਂ ਵਿੱਦਿਅਕ ਖੇਤਰ ਵਿੱਚ ਰਾਸ਼ਟਰੀ ਪੱਧਰ 'ਤੇ ਮਾਰੀਆਂ ਜਾ ਰਹੀਆਂ ਮੱਲਾਂ ਦੇ ਦਰਮਿਆਨ ਅੱਜ ਸੂਬੇ ਲਈ ਇੱਕ ਬਹੁਤ ਹੀ ਮਾਣ ਵਾਲੀ ਖ਼ਬਰ ਸਾਹਮਣੇ ਆਈ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅੱਜ ਪਟਿਆਲਾ ਦੇ ਰਹਿਣ ਵਾਲੇ ਹੋਣਹਾਰ ਨੌਜਵਾਨ ਨੂਰ ਸਿੰਗਲਾ ਅਤੇ ਉਸ ਦੇ ਮਾਪਿਆਂ ਨੂੰ ਵੱਕਾਰੀ 'ਚਾਰਟਰਡ ਅਕਾਊਂਟੈਂਟਸ' ਫਾਈਨਲ ਪ੍ਰੀਖਿਆ ਵਿੱਚ ਪੂਰੇ ਦੇਸ਼ ਵਿੱਚੋਂ ਪਹਿਲਾ ਸਥਾਨ (ਆਲ ਇੰਡੀਆ ਰੈਂਕ-1) ਪ੍ਰਾਪਤ ਕਰਨ 'ਤੇ ਦਿਲੋਂ ਵਧਾਈ ਦਿੱਤੀ ਹੈ। ਨੂਰ ਸਿੰਗਲਾ ਦੀ ਇਸ ਸ਼ਾਨਦਾਰ ਅਤੇ ਇਤਿਹਾਸਕ ਪ੍ਰਾਪਤੀ ਦੀ ਸ਼ਲਾਘਾ ਕਰਦਿਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਨੂਰ ਨੇ ਦੇਸ਼ ਦੀਆਂ ਸਭ ਤੋਂ ਔਖੀਆਂ ਮੰਨੀਆਂ ਜਾਣ ਵਾਲੀਆਂ ਪੇਸ਼ੇਵਰ ਪ੍ਰੀਖਿਆਵਾਂ ਵਿੱਚੋਂ ਇੱਕ 'ਸੀਏ ਫਾਈਨਲ' ਵਿੱਚ 600 ਵਿੱਚੋਂ 499 ਅੰਕ (83.17%) ਪ੍ਰਾਪਤ ਕਰਕੇ ਦੇਸ਼ ਭਰ ਵਿੱਚ ਪੰਜਾਬ ਦਾ ਨਾਂ ਚਮਕਾਇਆ ਹੈ। ਉਨ੍ਹਾਂ ਕਿਹਾ ਕਿ ਨੂਰ ਨੇ ਆਪਣੀ ਬੇਮਿਸਾਲ ਲਗਨ, ਸਮਰਪਣ ਅਤੇ ਸਖ਼ਤ ਮਿਹਨਤ ਸਦਕਾ ਸਫ਼ਲਤਾ ਦਾ ਇੱਕ ਨਵਾਂ ਮਾਪਦੰਡ ਸਥਾਪਤ ਕੀਤਾ ਹੈ।

# ਆਰਆਰਯੂ ਨੇ 261 ਪੰਜਾਬ ਪੁਲਿਸ ਅਧਿਕਾਰੀਆਂ ਨੂੰ ਕਲਾਉਡ ਏਆਈ ਅਤੇ ਪ੍ਰੌਂਪਟ ਇੰਜੀਨੀਅਰਿੰਗ ਵਿੱਚ ਸਿਖਲਾਈ ਦਿੱਤੀ

ਜ਼ਿਕਰ ਪੰਜਾਬ

**ਗਾਂਧੀਨਗਰ/ਪੱਤਰ ਸੂਚਨਾ ਬਿਊਰੋ**

ਨੈਸ਼ਨਲ ਡਿਫੈਂਸ ਯੂਨੀਵਰਸਿਟੀ ਨੇ ਆਪਣੀ ਸੂਚਨਾ ਤਕਨਾਲੋਜੀ,ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਸਾਈਬਰ ਸੁਰੱਖਿਆ ਫੈਕਲਟੀ ਰਾਹੀਂ, 15 ਤੋਂ 17 ਜੂਨ, 2026 ਤੱਕ ਪੰਜਾਬ ਪੁਲਿਸ ਦੇ 261 ਅਧਿਕਾਰੀਆਂ ਲਈ 3 ਦਿਨਾਂ ਦੇ ਫਾਊਂਡੇਸ਼ਨ ਕੋਰਸ ਕਲਾਉਡ 19 101 ਅਤੇ ਪ੍ਰੌਂਪਟ ਇੰਜੀਨੀਅਰਿੰਗ ਨੂੰ ਸਫਲਤਾਪੂਰਵਕ ਔਨਲਾਈਨ ਲਾਈਵ ਵਰਚੁਅਲ ਮੋਡ ਵਿੱਚ ਆਯੋਜਿਤ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਯੂਨੀਵਰਸਿਟੀ ਦੇ ਡੀਨ (ਇੰਚਾਰਜ) ਡਾ. ਜਸਬੀਰ ਕੌਰ ਥਧਾਨੀ ਦੇ ਉਦਘਾਟਨੀ ਭਾਸ਼ਣ ਨਾਲ ਹੋਇਆ, ਜਿਨ੍ਹਾਂ ਨੇ ਦੱਸਿਆ ਕਿ 19 ਟੂਲ ਅਧਿਕਾਰੀਆਂ ਨੂੰ ਵਧਦੀਆਂ ਜਾਣਕਾਰੀਆਂ ਦੇ ਪ੍ਰਬੰਧਨ ਅਤੇ ਰੁਟੀਨ ਕਾਗਜ਼ੀ ਕਾਰਵਾਈ ਨੂੰ ਸਵੈਚਾਲਤ ਕਰਨ ਵਿੱਚ ਮਦਦ ਕਰਦੇ ਹਨ, ਜਿਸ ਨਾਲ ਉਨ੍ਹਾਂ ਦਾ ਫੈਸਲਾ ਉਨ੍ਹਾਂ ਮਾਮਲਿਆਂ 'ਤੇ ਕੇਂਦ੍ਰਿਤ ਹੁੰਦਾ ਹੈ ਜਿੱਥੇ ਇਸ ਦੀ ਸਭ ਤੋਂ ਵੱਧ ਜ਼ਰੂਰਤ ਹੁੰਦੀ ਹੈ। ਪ੍ਰੋਗਰਾਮ ਦਾ ਸੰਚਾਲਨ SITAICS ਦੇ ਡਾਇਰੈਕਟਰ ਡਾ. ਚੰਦਰੇਸ਼ ਪਾਰੇਖ ਨੇ ਕੀਤਾ ਅਤੇ ਇਸ ਦਾ ਤਾਲਮੇਲ SITAICS ਦੇ ਸਹਾਇਕ ਪ੍ਰੋਫੈਸਰ ਸ਼੍ਰੀ ਪੂਜਨ ਸ਼ਾਹ ਨੇ ਕੀਤਾ। 9 ਸੈਸ਼ਨਾਂ ਅਤੇ 6 ਘੰਟੇ ਦੇ ਵਿਵਹਾਰਕ ਸਿਖਲਾਈ ਵਿੱਚ ਫੈਲਿਆ ਇਹ ਕੋਰਸ ਵਿਸ਼ੇਸ਼ ਤੌਰ 'ਤੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਲਈ ਤਿਆਰ ਕੀਤਾ ਗਿਆ ਸੀ। ਪਹਿਲੇ ਦਿਨ ਏਆਈ ਦੇ ਮੂਲ ਸਿਧਾਂਤਾਂ , ਲਾਰਜ ਲੈਂਗਵੇਜ ਮਾਡਲ ਆਰਕੀਟੈਕਚਰ ਅਤੇ ਪ੍ਰੌਂਪਟ ਇੰਜੀਨੀਅਰਿੰਗ ਨੂੰ



ਸ਼ਾਮਲ ਕੀਤਾ ਗਿਆ, ਜਿਸ ਵਿੱਚ ਪ੍ਰਭਾਵੀ ਪ੍ਰੌਂਪਟਿੰਗ ਦੇ 4 ਥੰਮ੍ਹਾਂ-ਭੂਮਿਕਾ, ਕਾਰਜ, ਸੰਦਰਭ ਅਤੇ ਆਉਟਪੁਟ ਫਾਰਮੈਟ- ਤੋਂ ਜਾਣੂ ਕਰਵਾਇਆ ਗਿਆ। ਪ੍ਰਤੀਭਾਗੀਆਂ ਨੇ ਓਲਾਮਾ ਅਤੇ ਐੱਲਐੱਮ ਸਟੂਡਿਓ ਵਰਗੇ ਔਫਲਾਈਨ ਏਆਈ ਟੂਲਾਂ ਦਾ ਵੀ ਅਧਿਐਨ ਕੀਤਾ, ਜਿਸ ਵਿੱਚ ਗੂਗਲ ਏਆਈ ਐਜ ਗੈਲਰੀ ਵਰਗੇ ਐਪਸ ਦੇ ਨਾਲ ਇੰਟਰਨੈਟ ਕਨੈਕਟੀਵਿਟੀ ਤੋਂ ਬਿਨਾ ਸੁਰੱਖਿਅਤ ਏਆਈ ਵਰਤੋਂ ਹੋ ਸਕੀ। ਦੂਜੇ ਦਿਨ ਦਸਤਾਵੇਜ਼ ਇੰਟੈਲੀਜੈਂਸ 'ਤੇ ਧਿਆਨ ਕੇਂਦ੍ਰਿਤ ਕੀਤਾ ਗਿਆ, ਜਿੱਥੇ ਭਾਗੀਦਾਰਾਂ ਨੇ ਕਲਾਉਡ ਪ੍ਰੋਜੈਕਟਸ ਅਤੇ ਨੋਟਬੁੱਕਐੱਲਐੱਮ ਦੀ ਵਰਤੋਂ ਕਰਕੇ ਕਰਾਸ-ਡੌਕੂਮੈਂਟ ਨੌਲੇਜ ਬੇਸ ਬਣਾਏ ਅਤੇ ਹਵਾਲਾ-ਅਧਾਰਿਤ ਮਲਟੀ-ਡੌਕੂਮੈਂਟ ਵਿਸ਼ਲੇਸ਼ਣ ਕੀਤਾ। ਇਸ ਸੈਸ਼ਨ ਵਿੱਚ ਭਾਸਿਨੀ ਤੋਂ ਵੀ ਜਾਣੂ ਕਰਵਾਇਆ ਗਿਆ, ਜੋ ਭਾਰਤੀ ਖੇਤਰੀ ਭਾਸ਼ਾਵਾਂ ਵਿੱਚ ਟੈਕਸਟ ਅਤੇ ਸਪੀਚ ਪ੍ਰੋਸੈਸਿੰਗ ਲਈ ਇੱਕ ਮੇਕ-ਇਨ-ਇੰਡੀਆ ਏਆਈ ਟੂਲ ਹੈ। ਤੀਜੇ ਦਿਨ ਜ਼ੈਪੀਅਰ ਰਾਹੀਂ ਜ਼ਿੰਮੇਵਾਰ ਏਆਈ ਗਵਰਨੈਂਸ, ਰੈੱਡ-ਟੀਮਿੰਗ ਅਤੇ ਨੋ-ਕੋਡ ਆਟੋਮੇਸ਼ਨ ਨੂੰ ਇਕੱਠਾ ਲਿਆਇਆ ਗਿਆ। ਸਮਾਪਤੀ ਭਾਸ਼ਣ ਰਜਿਸਟਰਾਰ (ਇੰਚਾਰਜ) ਡਾ. ਧਰਮੇਸ਼ ਕੁਮਾਰ ਪ੍ਰਜਾਪਤੀ ਨੇ ਦਿੱਤਾ, ਜਿਨ੍ਹਾਂ ਨੇ ਸਿਖਲਾਈ ਦੇ ਸਫਲਤਾਪੂਰਵਕ ਸਮਾਪਨ 'ਤੇ ਸਾਰੇ ਭਾਗੀਦਾਰਾਂ ਨੂੰ ਵਧਾਈ ਦਿੱਤੀ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਏਆਈ-ਸਹਾਇਤਾ ਪ੍ਰਾਪਤ ਵਰਕਫਲੋ ਵਿੱਚ ਮਨੁੱਖੀ ਭਾਗੀਦਾਰੀ ਜ਼ਰੂਰੀ ਹੈ। ਭਾਗੀਦਾਰਾਂ ਦੀ ਫੀਡਬੈਕ ਬਹੁਤ ਜ਼ਿਆਦਾ ਸਕਾਰਾਤਮਕ ਰਹੀ। ਅਧਿਕਾਰੀਆਂ ਨੇ ਸਿਖਲਾਈ ਨੂੰ ਬਹੁਤ ਜ਼ਿਆਦਾ ਗਿਆਨ ਦੇਣ ਵਾਲਾ ਦੱਸਿਆ ਅਤੇ ਕਿਹਾ ਕਿ ਚੰਗੀ ਤਰ੍ਹਾਂ ਸੰਗਠਿਤ ਸਮੱਗਰੀ, ਵਿਵਹਾਰਕ ਉਦਾਹਰਣ ਅਤੇ ਪ੍ਰਤੱਖ ਅਭਿਆਸ ਸੈਸ਼ਨਾਂ ਨੇ ਏਆਈ ਟੂਲਸ ਅਤੇ ਤੇਜ਼ ਇੰਜੀਨੀਅਰਿੰਗ ਤਕਨੀਕਾਂ ਬਾਰੇ ਉਨ੍ਹਾਂ ਦੀ ਸਮਝ ਨੂੰ ਕਾਫ਼ੀ ਵਧਾਇਆ ਹੈ।

# ਮਲੇਰਕੋਟਲਾ 'ਚ 'ਆਪ' ਆਗੂਆਂ ਤੇ ਵਰਕਰਾਂ ਵੱਲੋਂ ਪ੍ਰਦਰਸ਼ਨ

ਜ਼ਿਕਰ ਪੰਜਾਬ

**ਮਲੇਰਕੋਟਲਾ** : ਸੋਸ਼ਲ ਮੀਡੀਆ 'ਤੇ ਵਾਇਰਲ ਕਥਿਤ ਵੀਡੀਓ ਦੇ ਸਬੰਧ 'ਚ ਹਲਕਾ ਅਮਰਗੜ੍ਹ ਅਤੇ ਮਲੇਰਕੋਟਲਾ ਦੇ ਸੀਨੀਅਰ 'ਆਪ' ਆਗੂਆਂ ਨੇ ਰੋਸ ਪ੍ਰਦਰਸ਼ਨ ਕੀਤਾ ਹੈ। ਅੱਜ ਮਲੇਰਕੋਟਲਾ ਦੇ ਜਰਗ ਚੌਂਕ ਵਿਖੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਖ਼ਿਲਾਫ ਵਾਇਰਲ ਕਥਿਤ ਵੀਡੀਓ ਬਾਰੇ ਮਲੇਰਕੋਟਲਾ ਅਤੇ ਹਲਕਾ ਅਮਰਗੜ੍ਹ ਦੀ ਸਮੁੱਚੀ ਲੀਡਰਸ਼ਿਪ ਨੇ ਰੋਸ ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਕਿਹਾ ਕਿ ਪੰਥਕ ਪਾਰਟੀ ਅਖਵਾਉਣ ਵਾਲੀ ਅਕਾਲੀ ਦਲ ਬਾਦਲ ਅਤੇ ਭਾਜਪਾ ਸਰਕਾਰ ਵੱਲੋਂ ਜਾਣ ਬੁਝ ਕੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਬਦਨਾਮ ਕਰਨ ਦੀ ਸਾਜਿਸ਼ ਕੀਤੀ ਜਾ ਰਹੀ ਹੈ। ਇਹ ਸਾਜਿਸ਼ ਪੰਜਾਬ ਦੀ ਜਨਤਾ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। 'ਆਪ' ਲੀਡਰਸ਼ਿਪ ਨੇ ਰੋਸ ਪ੍ਰਦਰਸ਼ਨ ਦੌਰਾਨ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇਕਲੌਤੇ ਉਹ ਲੀਡਰ ਹਨ, ਜਿਨਾਂ ਨੇ ਪੰਜਾਬ ਦਾ ਭਲਾ ਸੋਚਿਆ ਤੇ ਪੰਜਾਬ ਨੂੰ ਤਰੱਕੀ ਦੀ ਆ ਰਾਹਾਂ ਤੇ ਲਿਜਾਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਅਤੇ ਇਹ ਵੱਧ ਰਹੀ ਲੋਕਪ੍ਰੀਅਤਾ ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਭਾਜਪਾ ਨੂੰ ਬਰਦਾਸ਼ਤ ਨਹੀਂ ਹੋ ਰਹੀ। ਇਸ ਕਰਕੇ ਇਨ੍ਹਾਂ ਦੁਆਰਾ ਸੋਸ਼ਲ ਮੀਡੀਆ ਤੇ ਵਾਇਰਲ ਕਥਿਤ ਵੀਡੀਓ 'ਚ ਨਜ਼ਰ ਆਉਣ ਵਾਲੇ ਇਨਸਾਨ ਨੂੰ ਮੁੱਖ ਮੰਤਰੀ ਪੰਜਾਬ



ਦੀ ਵੀਡੀਓ ਕਹਿ ਕੇ ਭੰਡਿਆ ਜਾ ਰਿਹਾ ਹੈ, ਪਰ ਪੰਜਾਬ ਦੀ ਜਨਤਾ ਇਸ ਤੋਂ ਚੰਗੀ ਤਰ੍ਹਾਂ ਜਾਣੂ ਹੈ ਕਿ ਮੁੱਖ ਮੰਤਰੀ ਪੰਜਾਬ ਦਾ ਅਕਸ ਕੀ ਹੈ। ਸਮੁੱਚੀ ਲੀਡਰਸ਼ਿਪ ਦਾ ਕਹਿਣਾ ਸੀ ਕਿ ਵਾਇਰਲ ਹੋ ਰਹੀ ਕਥਿਤ ਵੀਡੀਓ ਦੀ ਤਕਰੀਬਨ 1151 ਐਂਗਲ ਤੋਂ ਜਾਂਚ ਕੀਤੀ ਹੈ, ਜਿਸ 'ਚ ਇਹ ਸਪਸ਼ਟ ਹੋ ਗਿਆ ਹੈ ਕਿ ਇਸ ਵੀਡੀਓ ਵਿਚਲਾ ਇਨਸਾਨ ਮੁੱਖ ਮੰਤਰੀ ਮਾਨ ਨਹੀਂ ਹੈ, ਸਗੋਂ ਉਨ੍ਹਾਂ ਨੂੰ ਸਿਰਫ ਤੇ ਸਿਰਫ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਜੋ-ਜੋ ਮੁੱਖ ਮੰਤਰੀ ਮਾਨ ਨੇ ਕਿਹਾ ਸਭ ਸੱਚ ਸਾਬਤ ਹੋਇਆ : ਆਪ

ਜ਼ਿਕਰ ਪੰਜਾਬ

**ਚੰਡੀਗੜ੍ਹ** : ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਪੇਸ਼ ਕੀਤੀ ਗਈ ਵੀਡੀਓ ਨੇ ਵਾਇਰਲ ਫਰਜ਼ੀ ਵੀਡੀਓ ਵਿਵਾਦ 'ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਚਲਾਏ ਜਾ ਰਹੇ ਝੂਠੇ ਬਿਰਤਾਂਤ ਅਤੇ ਗੁੰਮਰਾਹਕੁੰਨ ਪ੍ਰਚਾਰ ਦੀ ਪੂਰੀ ਤਰ੍ਹਾਂ ਪੋਲ ਖੋਲ੍ਹ ਦਿੱਤੀ ਹੈ। ਬਲਤੇਜ ਪੰਨੂ ਨੇ ਕਿਹਾ ਕਿ ਫੁਟੇਜ ਤੋਂ ਸਪੱਸ਼ਟ ਦਿਖਾਈ ਦਿੰਦਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਸਪੱਸ਼ਟ ਤੌਰ 'ਤੇ ਕਿਹਾ ਸੀ ਕਿ ਵਾਇਰਲ ਕਲਿੱਪ ਵਿੱਚ ਦਿਖਾਈ ਦੇਣ ਵਾਲਾ ਵਿਅਕਤੀ ਉਹ ਨਹੀਂ ਸੀ ਅਤੇ ਉਹ ਵੀਡੀਓ ਫਰਜ਼ੀ ਸੀ। ਉਨ੍ਹਾਂ ਅੱਗੇ ਕਿਹਾ ਕਿ 1,100 ਤੋਂ ਵੱਧ ਫਰੇਮਾਂ ਦੀ ਜਾਂਚ ਕਰਨ ਵਾਲੀਆਂ ਦੋ ਵੱਖ-ਵੱਖ ਫੋਰੈਂਸਿਕ ਜਾਂਚਾਂ ਨੇ ਵੀ ਇਹ ਸਿੱਧ ਕਰ ਦਿੱਤਾ ਹੈ ਕਿ ਵੀਡੀਓ ਵਿੱਚ ਮੌਜੂਦ ਵਿਅਕਤੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੇਲ ਨਹੀਂ ਖਾਂਦਾ, ਜਿਸ ਨਾਲ ਮੁੱਖ ਮੰਤਰੀ ਦਾ ਪਹਿਲੇ ਦਿਨ ਤੋਂ ਲਿਆ ਸਟੈਂਡ ਸਹੀ ਸਾਬਤ ਹੋਇਆ ਹੈ। ਬਲਤੇਜ ਪੰਨੂ ਨੇ ਅੱਗੇ ਕਿਹਾ ਕਿ ਹੁਣ ਜਦੋਂ ਸੱਚਾਈ ਸਾਹਮਣੇ ਆ ਚੁੱਕੀ ਹੈ, ਸੁਖਬੀਰ ਸਿੰਘ ਬਾਦਲ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਹ ਵਾਰ-ਵਾਰ ਇਹ ਦਾਅਵਾ ਕਿਵੇਂ ਕਰ ਰਹੇ ਸਨ ਕਿ ਉਨ੍ਹਾਂ ਨੂੰ ਪਤਾ ਹੈ ਕਿ ਮੀਟਿੰਗ ਦੌਰਾਨ ਕੀ ਹੋਇਆ ਅਤੇ ਉਨ੍ਹਾਂ ਨੂੰ ਅਜਿਹੀ ਅੰਦਰੂਨੀ ਜਾਣਕਾਰੀ ਕਿੱਥੋਂ ਮਿਲੀ।



ਉਨ੍ਹਾਂ ਇਹ ਵੀ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਸਬੰਧਤ ਸਿੱਖ ਸੰਸਥਾਵਾਂ ਦੇ ਮੁੱਦਿਆਂ 'ਤੇ ਕਾਂਗਰਸ ਜਾਂ ਭਾਜਪਾ ਕੋਲ ਉਨ੍ਹਾਂ ਦੀਆਂ ਇਤਿਹਾਸਕ ਭੂਮਿਕਾਵਾਂ ਦੇ ਮੱਦੇਨਜ਼ਰ ਉਪਦੇਸ਼ ਦੇਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ। ਇੱਕ ਬਿਆਨ ਵਿੱਚ, 'ਆਪ' ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ ਕਿ ਕਈ ਦਿਨਾਂ ਤੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵਾਰ-ਵਾਰ ਦਾਅਵਾ ਕਰ ਰਹੇ ਸਨ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਥੇਦਾਰ ਸਾਹਮਣੇ ਮੰਨਿਆ ਸੀ ਕਿ ਇਹ ਵੀਡੀਓ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਦੀ ਵਰਤੋਂ ਕਰਕੇ ਤਿਆਰ ਕੀਤੀ ਗਈ ਸੀ। ਹਾਲਾਂਕਿ, ਜਥੇਦਾਰ ਵੱਲੋਂ ਪੇਸ਼ ਕੀਤੀ ਗਈ ਵੀਡੀਓ ਤੋਂ ਸਾਫ਼ ਪਤਾ ਲੱਗਦਾ ਹੈ ਕਿ ਮੁੱਖ ਮੰਤਰੀ ਨੇ ਲਗਾਤਾਰ ਇਸ ਨੂੰ ਫਰਜ਼ੀ ਵੀਡੀਓ ਦੱਸਿਆ ਹੈ। ਉਨ੍ਹਾਂ ਸਵਾਲ ਕੀਤਾ, ਸੁਖਬੀਰ ਬਾਦਲ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਮੀਟਿੰਗ ਦੌਰਾਨ ਹੋਈ ਗੱਲਬਾਤ ਬਾਰੇ ਜਾਣਕਾਰੀ ਕਿੱਥੋਂ ਮਿਲੀ? ਜੇਕਰ ਉਹ ਦਾਅਵਾ ਕਰ ਰਹੇ ਸਨ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਡੀਓ ਨੂੰ ਏਆਈ ਦੁਆਰਾ ਤਿਆਰ ਦੱਸਿਆ ਸੀ, ਤਾਂ ਇਹ ਅੰਦਰੂਨੀ ਜਾਣਕਾਰੀ ਕਿੱਥੋਂ ਆਈ ਸੀ? 'ਆਪ' ਪੰਜਾਬ ਦੇ ਮੀਡੀਆ ਇੰਚਾਰਜ ਨੇ ਕਿਹਾ ਕਿ ਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਲੈਬਾਂ ਦੁਆਰਾ ਕੀਤੀਆਂ ਗਈਆਂ 2 ਫੋਰੈਂਸਿਕ ਜਾਂਚਾਂ ਨੇ ਨਿਰਣਾਇਕ ਤੌਰ 'ਤੇ ਪੁਸ਼ਟੀ ਕੀਤੀ ਹੈ ਕਿ ਵਾਇਰਲ ਕਲਿੱਪ ਵਿੱਚ ਦਿਖਾਈ ਦੇਣ ਵਾਲਾ ਵਿਅਕਤੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੇਲ ਨਹੀਂ ਖਾਂਦਾ। ਉਨ੍ਹਾਂ ਕਿਹਾ, ਇਹ ਨਤੀਜੇ 1,100 ਤੋਂ ਵੱਧ ਫਰੇਮਾਂ ਦੀ ਜਾਂਚ 'ਤੇ ਅਧਾਰਤ ਹਨ, ਜੋ ਸਪੱਸ਼ਟ ਤੌਰ 'ਤੇ ਦਰਸਾਉਂਦੇ ਹਨ ਕਿ ਵੀਡੀਓ ਵਿੱਚ ਦਿਖਾਈ ਦੇਣ ਵਾਲਾ ਵਿਅਕਤੀ ਮੁੱਖ ਮੰਤਰੀ ਨਹੀਂ ਹੈ। ਇਸ ਜਾਂਚ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲੋਂ ਫੈਲਾਈਆਂ ਜਾ ਰਹੀਆਂ ਝੂਠੀਆਂ ਅਫਵਾਹਾਂ ਨੂੰ ਪੂਰੀ ਤਰ੍ਹਾਂ ਬੇਨਕਾਬ ਕਰ ਦਿੱਤਾ ਹੈ। ਬਲਤੇਜ ਪੰਨੂ ਨੇ ਕਿਹਾ ਕਿ ਜਥੇਦਾਰ ਵੱਲੋਂ ਵੀਡੀਓ ਪੇਸ਼ ਕੀਤੇ ਜਾਣ ਤੋਂ ਬਾਅਦ ਇਹ ਸਪੱਸ਼ਟ ਹੋ ਗਿਆ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸ਼ੁਰੂ ਤੋਂ ਹੀ ਸੱਚ ਬੋਲ ਰਹੇ ਸਨ, ਜਦੋਂ ਕਿ ਜਨਤਾ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਕੋਲ ਹੁਣ ਕੋਈ ਜਵਾਬ ਨਹੀਂ ਬਚਿਆ।

# ਸ਼੍ਰੀ ਅਮਰਨਾਥ ਯਾਤਰਾ ਲਈ ਸਮੱਗਰੀ ਨਾਲ ਭਰੀਆਂ ਗੱਡੀਆਂ ਰਵਾਨਾ

ਜ਼ਿਕਰ ਪੰਜਾਬ

**ਲੁਧਿਆਣਾ/ਗੌਰਵ**

ਹਰਿਓਮ ਸੇਵਾ ਮੰਡਲ (ਰਜਿ.) ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼੍ਰੀ ਅਮਰਨਾਥ ਯਾਤਰਾ ਦੇ ਸ਼ਰਧਾਲੂਆਂ ਲਈ ਯਾਤਰਾ ਮਾਰਗ ਬਾਲਟਾਲ-ਦੁਮੇਲ, ਜੰਮੂ-ਕਸ਼ਮੀਰ ਵਿਖੇ 21ਵਾਂ ਵਿਸ਼ਾਲ ਭੰਡਾਰਾ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਹਰਿਓਮ ਸੇਵਾ ਮੰਡਲ ਵੱਲੋਂ ਸਮੱਗਰੀ ਨਾਲ ਭਰੀਆਂ ਗੱਡੀਆਂ ਰਵਾਨਾ ਕੀਤੀਆਂ ਗਈਆਂ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਗੱਡੀਆਂ ਵੀ ਭੇਜੀਆਂ ਜਾਣਗੀਆਂ। ਇਸ ਮੌਕੇ ਚੇਅਰਮੈਨ ਕੇ.ਕੇ. ਗਾਬਾ ਅਤੇ ਪ੍ਰਧਾਨ ਕ੍ਰਿਸ਼ਨ ਲਾਲ ਬਾਂਸਲ ਨੇ ਦੱਸਿਆ ਕਿ ਹਰਿਓਮ ਸੇਵਾ ਮੰਡਲ (ਰਜਿ.) ਨੂੰ ਸ਼੍ਰੀ ਅਮਰਨਾਥ ਯਾਤਰਾ ਸ਼ਰਾਈਨ ਬੋਰਡ ਵੱਲੋਂ ਮਾਨਤਾ ਪ੍ਰਾਪਤ ਹੈ। ਉਨ੍ਹਾਂ ਦੱਸਿਆ ਕਿ ਇਸ ਭੰਡਾਰੇ ਵਿੱਚ ਯਾਤਰੀਆਂ ਲਈ ਭੋਜਨ, ਨਹਾਉਣ ਦੀ ਵਿਵਸਥਾ, ਸ਼ਾਮ ਵੇਲੇ ਸਨੈਕਸ, ਰਾਤ ਲਈ ਕੇਸਰ ਵਾਲਾ ਦੁੱਧ ਅਤੇ ਚਾਹ-ਕੌਫੀ ਆਦਿ ਦਾ 24 ਘੰਟੇ ਪ੍ਰਬੰਧ ਕੀਤਾ ਜਾਂਦਾ ਹੈ। ਅੱਜ ਬਾਬਾ ਬਰਫਾਨੀ ਸ਼੍ਰੀ ਅਮਰਨਾਥ ਲਈ ਕੁਣਾਲ ਗਰੋਵਰ (ਕੁਣਾਲ ਡਿਵੈਲਪਰ) ਵੱਲੋਂ ਗੱਡੀਆਂ



ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਸੰਸਥਾ ਵੱਲੋਂ ਸ਼੍ਰੀ ਅਮਰਨਾਥ ਯਾਤਰੀਆਂ ਲਈ ਲਗਾਏ ਜਾ ਰਹੇ ਲੰਗਰਾਂ ਦੀ ਸ਼ਲਾਘਾ ਕਰਦਿਆਂ, ਹੀਨਾ ਸਿੰਗਲ (59 ਫਾਊਂਡੇਸ਼ਨ) ਨੇ ਕਿਹਾ ਕਿ ਹਰ ਸਾਲ ਇੰਨੇ ਵੱਡੇ ਪੱਧਰ 'ਤੇ ਆਯੋਜਨ ਕਰਨਾ ਅਤੇ ਯਾਤਰੀਆਂ ਲਈ 24 ਘੰਟੇ ਖਾਣ-ਪੀਣ ਦਾ ਪ੍ਰਬੰਧ ਕਰਨਾ ਬਹੁਤ ਵੱਡੀ ਸੇਵਾ ਹੈ। ਉਨ੍ਹਾਂ ਨੇ ਸ਼ਿਵ ਭਗਤਾਂ ਨੂੰ ਵੱਡੀ ਗਿਣਤੀ ਵਿੱਚ ਇਸ ਉਦੇਸ਼ ਨੂੰ ਆਪਣਾ ਸਮਰਥਨ ਦੇਣ ਦੀ ਅਪੀਲ ਵੀ ਕੀਤੀ। ਇਸੇ ਤਰ੍ਹਾਂ, ਡਾ. ਰਾਹੁਲ (ਜੇ.ਪੀ.ਸੀ.), ਡਾ. ਓ.ਪੀ. ਅਰੋੜਾ, ਮਨੂ ਅਰੋੜਾ ਅਤੇ ਰਮਨ ਜਗਦੰਬਾ ਨੇ ਕਿਹਾ ਕਿ ਹਰ ਸਾਲ ਤੀਰਥ ਯਾਤਰੀਆਂ ਦੀ ਸੇਵਾ ਕਰਕੇ ਹਰਿਓਮ ਸੇਵਾ ਮੰਡਲ ਦੇ ਮੈਂਬਰ ਬਹੁਤ ਵੱਡਾ ਪੁੰਨ ਕਮਾਉਂਦੇ ਹਨ। ਉਨ੍ਹਾਂ ਨੇ ਇਹ ਵੀ ਅਰਦਾਸ ਕੀਤੀ ਕਿ ਭੋਲੇ ਬਾਬਾ ਆਪਣੀ ਕਿਰਪਾ ਅਤੇ ਅਸ਼ੀਰਵਾਦ ਇਨ੍ਹਾਂ 'ਤੇ ਸਦਾ ਬਣਾਈ ਰੱਖਣ। ਇਸ ਦੌਰਾਨ ਵਾਈਸ ਚੇਅਰਮੈਨ ਭੂਸ਼ਣ ਸਿੰਗਲਾ, ਸੀਨੀਅਰ ਵਾਈਸ ਪ੍ਰਧਾਨ ਬੰਸੀ ਲਾਲ, ਮੀਡੀਆ ਇੰਚਾਰਜ ਗੌਰਵ ਮਹਿੰਦਰੂ, ਸਕੱਤਰ ਪੁਨੀਤ ਮਿੱਤਲ, ਸੰਯੁਕਤ ਸਕੱਤਰ ਦੀਪਕ ਗੋਇਲ, ਸ਼ਿਵ ਸਿੰਗਲਾ, ਮਿੰਟੂ ਸਿੰਗਲਾ, ਕਰਨ ਗਾਬਾ, ਨਰੇਸ਼ ਸਰੀਨ, ਡਾ. ਸੁਨੀਲ ਬਾਂਕਾ, ਰਜਤ ਬਾਂਸਲ, ਸੁਸ਼ਾਂਤ ਬਾਂਸਲ, ਜਿੰਮੀ ਗਾਬਾ, ਅਨਿਲ ਚਾਵਲਾ, ਹੇਮੰਤ ਸਿੰਗਲਾ, ਸੰਕੇਤ ਗੋਇਲ, ਕੇਵਲ ਸ਼ਰਮਾ ਆਦਿ ਵੀ ਹਾਜ਼ਰ ਸਨ। ਇਸ ਸਾਲ ਦੀ ਪਵਿੱਤਰ ਸ਼੍ਰੀ ਅਮਰਨਾਥ ਯਾਤਰਾ 3 ਜੁਲਾਈ, 2026 ਤੋਂ ਸ਼ੁਰੂ ਹੋ ਕੇ 28 ਅਗਸਤ, 2026 ਤੱਕ ਚੱਲੇਗੀ। 57 ਦਿਨਾਂ ਤੱਕ ਚੱਲਣ ਵਾਲੀ ਇਹ ਯਾਤਰਾ ਬਾਲਟਾਲ-ਸੋਨਮਰਗ ਅਤੇ ਨੂਨਵਾਨ-ਪਹਲਗਾਮ ਦੋਵੇਂ ਮਾਰਗਾਂ ਰਾਹੀਂ ਸੰਚਾਲਿਤ ਕੀਤੀ ਜਾਵੇਗੀ। ਯਾਤਰਾ ਦਾ ਸਮਾਪਨ ਸ੍ਰਾਵਣ ਪੂਰਨਿਮਾ ਅਤੇ ਰੱਖੜੀ ਦੇ ਦਿਨ ਹੋਵੇਗਾ।

# ਬਹਿਬਲ ਕਲਾਂ ਗੋਲੀਕਾਂਡ : ਗਗਨਦੀਪ ਬਰਾੜ, ਵਿਜੇ ਸਾਂਪਲਾ ਤੇ ਮਲਵਿੰਦਰ ਜੱਗੀ ਤੋਂ ਹੋਵੇਗੀ ਪੁੱਛਗਿੱਛ

ਜ਼ਿਕਰ ਪੰਜਾਬ

**ਚੰਡੀਗੜ੍ਹ** : ਬਹਿਬਲ ਕਲਾਂ ਗੋਲੀਕਾਂਡ ਅਤੇ 2015 ਦੀਆਂ ਬੇਅਦਬੀ ਘਟਨਾਵਾਂ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਮਾਮਲੇ ਦੀ ਤਹਿ ਤੱਕ ਪਹੁੰਚਣ ਲਈ ਆਪਣੀ ਕਾਰਵਾਈ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਜਾਂਚ ਦੇ ਇਸ ਨਵੇਂ ਪੜਾਅ ਤਹਿਤ ਭਾਜਪਾ ਦੇ ਸਾਬਕਾ ਪੰਜਾਬ ਪ੍ਰਧਾਨ ਵਿਜੇ ਸਾਂਪਲਾ, ਫਰੀਦਕੋਟ ਦੇ ਤਤਕਾਲੀ ਡਿਪਟੀ ਕਮਿਸ਼ਨਰ ਰਹੇ ਮਲਵਿੰਦਰ ਸਿੰਘ ਜੱਗੀ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਓਐਸਡੀ ਰਹੇ ਗਗਨਦੀਪ ਸਿੰਘ ਬਰਾੜ ਤੋਂ ਪੁੱਛਗਿੱਛ ਕੀਤੇ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਸੂਤਰਾਂ ਮੁਤਾਬਕ ਵਿਜੇ ਸਾਂਪਲਾ ਵੱਲੋਂ ਉਸ ਸਮੇਂ ਪੰਜਾਬ ਦੇ ਰਾਜਪਾਲ ਨੂੰ ਦਿੱਤੇ ਗਏ ਮੰਗ ਪੱਤਰ ਵਿੱਚ ਬੇਅਦਬੀ ਅਤੇ ਗੋਲੀਕਾਂਡ ਮਾਮਲੇ ਸਬੰਧੀ ਕਈ ਗੰਭੀਰ ਦੋਸ਼ ਲਗਾਏ ਗਏ ਸਨ। ਹੁਣ ਐਸਆਈਟੀ ਉਨ੍ਹਾਂ ਦੋਸ਼ਾਂ ਅਤੇ ਉਨ੍ਹਾਂ ਨਾਲ ਜੁੜੇ ਤੱਥਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਹਾਸਲ ਕਰਨਾ ਚਾਹੁੰਦੀ ਹੈ। ਇਸ ਦੇ ਨਾਲ ਹੀ ਤਤਕਾਲੀ ਡੀਸੀ ਮਲਵਿੰਦਰ ਸਿੰਘ ਜੱਗੀ ਨੂੰ ਵੀ ਜਾਂਚ ਵਿੱਚ ਸ਼ਾਮਲ ਕਰਕੇ ਉਸ ਸਮੇਂ ਦੀ ਪ੍ਰਸ਼ਾਸਨਿਕ ਕਾਰਵਾਈ ਅਤੇ ਫੈਸਲਿਆਂ ਬਾਰੇ ਜਾਣਕਾਰੀ ਇਕੱਠੀ ਕੀਤੀ ਜਾਵੇਗੀ। ਉੱਧਰ, ਸਾਬਕਾ ਮੁੱਖ ਮੰਤਰੀ ਦੇ ਓਐਸਡੀ ਰਹੇ ਸੀਨੀਅਰ ਆਈਏਐਸ ਅਧਿਕਾਰੀ ਗਗਨਦੀਪ ਸਿੰਘ ਬਰਾੜ ਨੂੰ ਵੀ ਮੁੜ ਪੁੱਛਗਿੱਛ ਲਈ ਸੱਦਿਆ ਜਾ ਸਕਦਾ ਹੈ। ਐਸਆਈਟੀ ਇਹ ਜਾਣਨਾ ਚਾਹੁੰਦੀ ਹੈ ਕਿ ਘਟਨਾਵਾਂ ਦੌਰਾਨ ਮੁੱਖ ਮੰਤਰੀ ਦਫ਼ਤਰ, ਪੁਲਿਸ ਅਤੇ ਪ੍ਰਸ਼ਾਸਨ ਵਿਚਾਲੇ ਕਿਸ ਤਰ੍ਹਾਂ ਦਾ ਸੰਪਰਕ ਅਤੇ ਫੈਸਲਾ ਪ੍ਰਕਿਰਿਆ ਚੱਲ ਰਹੀ ਸੀ। ਇਸ ਦੌਰਾਨ ਜਾਂਚ ਨੂੰ ਇੱਕ ਨਵਾਂ ਮੋੜ ਉਸ ਵੇਲੇ ਮਿਲਿਆ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਐਸਆਈਟੀ ਸਾਹਮਣੇ ਆਪਣਾ ਬਿਆਨ ਦਰਜ ਕਰਵਾਇਆ। ਉਨ੍ਹਾਂ ਦੱਸਿਆ ਕਿ ਦਸੰਬਰ 2024 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਧਾਰਮਿਕ ਕਾਰਵਾਈ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੇਅਦਬੀ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀਕਾਂਡ ਦੀ ਨੈਤਿਕ ਜ਼ਿੰਮੇਵਾਰੀ ਜਨਤਕ ਤੌਰ 'ਤੇ ਸਵੀਕਾਰ ਕੀਤੀ ਸੀ। ਗਿਆਨੀ ਰਘਬੀਰ ਸਿੰਘ ਨੇ ਇਹ ਵੀ ਦੱਸਿਆ ਕਿ ਇਹ ਸਾਰਾ ਘਟਨਾਕ੍ਰਮ ਸੰਗਤ, ਸਿੰਘ ਸਾਹਿਬਾਨ ਅਤੇ ਮੀਡੀਆ ਦੀ ਮੌਜੂਦਗੀ ਵਿੱਚ ਹੋਇਆ ਸੀ ਅਤੇ ਇਸ ਦੀ ਵੀਡੀਓ ਰਿਕਾਰਡਿੰਗ ਵੀ ਅਧਿਕਾਰਤ ਰਿਕਾਰਡ ਵਿੱਚ ਮੌਜੂਦ ਹੈ। ਐਸਆਈਟੀ ਹੁਣ ਇਸ ਬਿਆਨ ਅਤੇ ਉਪਲਬਧ ਸਬੂਤਾਂ ਦੇ ਆਧਾਰ 'ਤੇ ਜਾਂਚ ਦੀਆਂ ਅਗਲੀਆਂ ਕੜੀਆਂ ਨੂੰ ਜੋੜਦਿਆਂ ਮਾਮਲੇ ਦੀ ਪੂਰੀ ਸੱਚਾਈ ਸਾਹਮਣੇ ਲਿਆਉਣ ਲਈ ਕੰਮ ਕਰ ਰਹੀ ਹੈ।





# ਖੱਤਰੀ ਅਰੋੜਾ ਵੈਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਰਜਿੰਦਰ ਸਿੰਘ ਬਸੰਤ ਦੀ ਅਗਵਾਈ ਹੇਠ ਬੋਰਡ ਦੀ ਮੀਟਿੰਗ ਹੋਈ

## ਨਵ-ਨਿਯੁਕਤ ਜ਼ਿਲ੍ਹਾ ਚੇਅਰਮੈਨ, ਵਾਈਸ ਚੇਅਰਮੈਨ ਅਤੇ ਸਟੇਟ ਮੈਂਬਰ ਸਾਹਿਬਾਨਾ ਨੂੰ ਕੀਤਾ ਸਨਮਾਨਿਤ

ਜ਼ਿਕਰ ਪੰਜਾਬ

**ਲੁਧਿਆਣਾ/ਸੁਰਜੀਤ ਸਿੰਘ**

ਪੰਜਾਬ ਖੱਤਰੀ ਅਰੋੜਾ ਵੈਲਫੇਅਰ ਬੋਰਡ ਦੇ ਚੇਅਰਮੈਨ ਸ੍ਰ ਰਜਿੰਦਰ ਸਿੰਘ ਬਸੰਤ ਜੀ ਦੀ ਅਗਵਾਈ ਹੇਠ ਬੋਰਡ ਦੀ ਪਹਿਲੀ ਮੀਟਿੰਗ ਬੱਚਤ ਭਵਨ ਮਿੰਨੀ ਸਕੱਤਰੇਤ ਵਿਖੇ ਕੀਤੀ ਗਈ। ਇਸ ਮੀਟਿੰਗ ਵਿੱਚ ਚੇਅਰਮੈਨ ਸਰਜਿੰਦਰ ਸਿੰਘ ਬਸੰਤ ਨੇ ਬੋਰਡ ਦੇ ਮੈਂਬਰ ਸਾਹਿਬਾਨ ਜਿੰਨਾ ਵਿੱਚ ਸ੍ਰੀ ਪ੍ਰਣਵ ਧਵਨ ਅੰਮ੍ਰਿਤਸਰ ਤੋਂ, ਸ੍ਰੀ ਰਾਜੇਂਦਰ ਮੋਹਨ ਪਟਿਆਲਾ ਤੋਂ, ਸ੍ਰੀ ਰਿੱਕੀ ਮਨੋਚਾ ਜਲੰਧਰ ਤੋਂ ਅਤੇ ਸ੍ਰੀ ਜਸਪ੍ਰੀਤ ਸਿੰਘ ਕਾਕਾ ਮਾਛੀਵਾੜਾ ਲੁਧਿਆਣਾ ਤੋਂ ਇੰਨਾ ਸਾਰਿਆਂ ਨੇ ਪੰਜਾਬ ਸਰਕਾਰ ਵੱਲੋਂ ਨਵ ਨਿਯੁਕਤ ਚੇਅਰਮੈਨ, ਵਾਈਸ ਚੇਅਰਮੈਨ ਅਤੇ ਸਟੇਟ ਮੈਂਬਰ ਸਾਹਿਬਾਨਾ ਨੂੰ ਸਿਰਪਾਓ ਪਾ ਕੇ ਸਨਮਾਨਿਤ ਕੀਤਾ ਗਿਆ ਅਤੇ ਬੋਰਡ ਵਲੋਂ ਸ਼ੁਭ ਕਾਮਨਾਵਾਂ ਭੇਂਟ ਕੀਤੀਆਂ। ਇਸ ਮੌਕੇ ਤੇ ਵਿਧਾਇਕ ਸਾਹਿਬਾਨ ਕੁਲਵੰਤ ਸਿੰਘ ਸਿੱਧੂ, ਅਸ਼ੋਕ ਪਰਾਸ਼ਰ ਪਪੀ, ਮੇਅਰ ਪ੍ਰਿਸੀਪਲ ਇੰਦਰਜੀਤ ਕੌਰ, ਜ਼ਿਲ੍ਹਾ ਪ੍ਰਧਾਨ/ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਜਤਿੰਦਰ ਸਿੰਘ ਖੰਗੂੜਾ, ਸੀਨੀਅਰ ਵਾਈਸ ਚੇਅਰਮੈਨ ਸ਼ਰਨਪਾਲ ਸਿੰਘ



ਮੱਕੜ, ਚੇਅਰਮੈਨ ਰਾਜੂ ਕਨੌਜੀਆ, ਚੇਅਰਮੈਨ ਕੇਸ਼ਵ ਵਰਮਾ, ਡਾਇਰੈਕਟਰ ਰਵਿੰਦਰਪਾਲ ਸਿੰਘ ਪਾਲੀ ਅਤੇ ਆਪ ਆਗੂ ਰਾਜ ਕੁਮਾਰ ਅਗਰਵਾਲ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਚੇਅਰਮੈਨ ਰਜਿੰਦਰ ਸਿੰਘ ਬਸੰਤ ਨੇ ਆਪਣੇ ਸੰਬੋਧਨ ਵਿੱਚ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ, ਸ੍ਰੀ ਮਨੀਸ਼ ਸਿਸੋਦੀਆ ਜੀ ਅਤੇ ਸ੍ਰੀ ਅਰਵਿੰਦ ਕੇਜਰੀਵਾਲ ਜੀ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਨੇ ਉਨ੍ਹਾਂ ਨੂੰ ਇਹ ਅਹਿਮ ਜ਼ਿੰਮੇਵਾਰੀ ਸੌਂਪੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਖੱਤਰੀ ਅਰੋੜਾ ਬਿਰਾਦਰੀ ਦੀ ਗਿਣਤੀ ਬਹੁਤ ਵੱਡੀ ਹੈ ਅਤੇ ਇਹ ਬਿਰਾਦਰੀ ਸੂਬੇ ਦੀ ਤਰੱਕੀ ਵਿੱਚ ਅਹਿਮ ਯੋਗਦਾਨ ਪਾ ਰਹੀ ਹੈ। ਚੇਅਰਮੈਨ ਰਜਿੰਦਰ ਸਿੰਘ ਬਸੰਤ ਨੇ ਪੰਜਾਬ ਸਰਕਾਰ ਵੱਲੋਂ ਹੋਈਆਂ ਨਵ ਨਿਯੁਕਤ ਅਹੁਦੇਦਾਰਾਂ ਨੂੰ ਸਨਮਾਨਿਤ ਕੀਤਾ ਜਿੰਨਾ ਵਿੱਚ ਸਟੇਟ ਮੈਂਬਰ ਭੁਪਿੰਦਰ ਸਿੰਘ ਟਕਰ, ਅਰੁਨ ਕੁਮਾਰ ਮਲਹੋਤਰਾ, ਗੁਰਚਰਨ ਸਿੰਘ ਚੰਨ, ਮੋਹਿੰਦਰ ਸਿੰਘ ਪਰੂਥੀ, ਡਾ. ਗੁਰਪ੍ਰੀਤ ਸਿੰਘ ਬੱਬਰ - ਜ਼ਿਲ੍ਹਾ ਚੇਅਰਮੈਨ ਬਲਵਿੰਦਰ ਕੁਮਾਰ ਕਰਨਾ, ਭਾਰਤ ਜੋਤੀ, ਨਵਨੀਤ ਸਿੰਘ, ਮਨੀਸ਼ ਬਜਾਜ, ਗਗਨ ਛਾਬੜਾ, ਵਰਿੰਦਰ ਸਹਿਦੇਵ, ਸਾਹਿਲ ਕਪੂਰ, ਰਾਜ ਕੁਮਾਰ, ਸ੍ਰੀ ਜੈਨ, ਸੰਜੀਵ ਕੁਮਾਰ ਧਵਨ, ਹਰੀਸ਼ ਸਤੀਆਂ, ਵਿਕਾਸ ਕਪੂਰ, ਤਰਸੇਮ ਲਾਲ ਉਪਲ, ਚਿਰਾਗ ਥਾਪਰ- ਜ਼ਿਲ੍ਹਾ ਵਾਈਸ ਚੇਅਰਮੈਨ ਚਰਨਪ੍ਰੀਤ ਸਿੰਘ ਲਾਂਬਾ, ਮਨਦੀਪ ਕੁਮਾਰ ਸੋਨੀ, ਤਰਸੇਮ ਕਾਲੜਾ, ਦੀਪਕ ਸੋਨੀ, ਕਮਲ ਕੁਮਾਰ, ਗੁਰਬਖਸ਼ ਸਿੰਘ ਉਬਰਾਏ, ਮੁਨੀਸ਼ ਸੂਦ, ਮਨੋਹਰ ਲਾਲ ਅਰੋੜਾ, ਕੁਲਦੀਪ ਸਿੰਘ, ਜਸਪਾਲ ਸਿੰਘ, ਕੁਲਵੰਤ ਰਾਏ ਕਟਰੀਆ, ਮੋਹਿੰਦਰ ਸਿੰਘ ਮੌਜੂਦ ਸਨ। ਚੇਅਰਮੈਨ ਰਜਿੰਦਰ ਸਿੰਘ ਬਸੰਤ ਨੇ ਅੱਗੇ ਕਿਹਾ ਕਿ ਉਹ ਪੂਰੀ ਬਿਰਾਦਰੀ ਨੂੰ ਨਾਲ ਜੋੜ ਕੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਕੰਮ ਕਰਨਗੇ। ਉਨ੍ਹਾਂ ਪੂਰੇ ਪੰਜਾਬ ਦੇ ਜ਼ਿਲ੍ਹਾ ਚੇਅਰਮੈਨ ਅਤੇ ਜ਼ਿਲ੍ਹਾ ਵਾਈਸ ਚੇਅਰਮੈਨ ਸਾਹਿਬਾਨ ਨੂੰ ਵੀ ਇਸ ਕੰਮ ਵਿੱਚ ਜੁੱਟ ਜਾਣ ਦਾ

# 14 ਸਾਲਾਂ ਬਾਅਦ ਆਰਟੀਆਈ ਐਕਟ ਦੇ ਘੇਰੇ 'ਚ ਆਇਆ ਚੰਡੀਗੜ੍ਹ ਗੋਲਫ ਕਲੱਬ

ਜ਼ਿਕਰ ਪੰਜਾਬ

**ਚੰਡੀਗੜ੍ਹ** : ਚੰਡੀਗੜ੍ਹ ਗੋਲਫ ਕਲੱਬ ਨੂੰ ਪਾਰਦਰਸ਼ਤਾ ਅਤੇ ਜਵਾਬਦੇਹੀ ਦੇ ਮਾਮਲੇ ਵਿੱਚ ਵੱਡਾ ਝਟਕਾ ਲੱਗਿਆ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕਲੱਬ ਵੱਲੋਂ ਦਾਇਰ ਕੀਤੀ ਪਟੀਸ਼ਨ ਖਾਰਜ ਕਰਦਿਆਂ ਕੇਂਦਰੀ ਸੂਚਨਾ ਕਮਿਸ਼ਨ (393) ਦੇ 2012 ਦੇ ਉਸ ਫ਼ੈਸਲੇ ਨੂੰ ਬਰਕਰਾਰ ਰੱਖਿਆ ਹੈ, ਜਿਸ ਤਹਿਤ ਕਲੱਬ ਨੂੰ "ਜਨਤਕ ਅਥਾਰਟੀ"ਕਰਾਰ ਦਿੱਤਾ ਗਿਆ ਸੀ। ਅਦਾਲਤ ਨੇ ਕਲੱਬ ਨੂੰ ਇੱਕ ਮਹੀਨੇ ਦੇ ਅੰਦਰ RTI ਐਕਟ ਦੀ ਪਾਲਣਾ ਲਈ ਲੋੜੀਂਦੇ ਪ੍ਰਬੰਧ ਕਰਨ ਦੇ ਹੁਕਮ ਵੀ ਜਾਰੀ ਕੀਤੇ ਹਨ। ਇਹ ਮਾਮਲਾ ਕਰੀਬ 14 ਸਾਲਾਂ ਤੋਂ ਅਦਾਲਤੀ ਕਾਰਵਾਈ ਹੇਠ ਚੱਲ ਰਿਹਾ ਸੀ। ਸਾਲ 2012 ਵਿੱਚ 393 ਨੇ ਕਿਹਾ ਸੀ ਕਿ ਚੰਡੀਗੜ੍ਹ ਗੋਲਫ ਕਲੱਬ ਸਰਕਾਰੀ ਜ਼ਮੀਨ ਅਤੇ ਹੋਰ ਜਨਤਕ ਸਹੂਲਤਾਂ ਦਾ ਵੱਡੇ ਪੱਧਰ 'ਤੇ ਲਾਭ ਲੈਂਦਾ ਹੈ, ਜਿਸ ਕਾਰਨ ਇਹ RTI ਕਾਨੂੰਨ ਦੇ ਅਧੀਨ ਆਉਂਦਾ ਹੈ। ਕਲੱਬ ਨੇ ਇਸ ਫ਼ੈਸਲੇ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ, ਪਰ ਹੁਣ ਅਦਾਲਤ ਨੇ ਉਸ ਦੀ ਦਲੀਲ ਨੂੰ ਰੱਦ ਕਰ ਦਿੱਤਾ ਹੈ। ਜਸਟਿਸ ਕੁਲਦੀਪ ਤਿਵਾੜੀ ਨੇ ਆਪਣੇ ਫ਼ੈਸਲੇ ਵਿੱਚ ਸਪੱਸ਼ਟ ਕੀਤਾ ਕਿ ਭਾਵੇਂ ਕਲੱਬ ਨੂੰ ਸਿੱਧੇ ਤੌਰ 'ਤੇ ਸਰਕਾਰੀ ਫੰਡ ਨਹੀਂ ਮਿਲਦੇ, ਪਰ ਸਰਕਾਰੀ ਜ਼ਮੀਨ ਅਤੇ ਪ੍ਰਸ਼ਾਸਕੀ ਸਹਿਯੋਗ ਵਰਗੇ ਫ਼ਾਇਦੇ ਇਸ ਨੂੰ ਜਨਤਕ ਜਵਾਬਦੇਹੀ ਤੋਂ ਬਚਾਉਣ ਲਈ ਕਾਫ਼ੀ ਨਹੀਂ ਹਨ। ਅਦਾਲਤ ਨੇ ਕਿਹਾ ਕਿ ਜਨਤਕ ਸਰੋਤਾਂ ਦੀ ਵਰਤੋਂ ਕਰਨ ਵਾਲੀ ਹਰ ਸੰਸਥਾ ਨੂੰ ਪਾਰਦਰਸ਼ਤਾ ਦੇ ਮਾਪਦੰਡਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਫ਼ੈਸਲੇ ਤੋਂ ਬਾਅਦ ਹੁਣ ਕਲੱਬ ਨੂੰ ਇੱਕ ਲੋਕ ਸੂਚਨਾ ਅਧਿਕਾਰੀ ਨਿਯੁਕਤ ਕਰਨਾ ਪਵੇਗਾ ਅਤੇ RTI ਤਹਿਤ ਆਉਣ ਵਾਲੀਆਂ ਜਾਣਕਾਰੀ ਸੰਬੰਧੀ ਅਰਜ਼ੀਆਂ ਦਾ ਨਿਰਧਾਰਤ ਸਮੇਂ ਅੰਦਰ ਜਵਾਬ ਦੇਣਾ ਹੋਵੇਗਾ। ਇਸ ਨਾਲ ਹੁਣ ਨਾ ਸਿਰਫ ਕਲੱਬ ਦੇ ਮੈਂਬਰ, ਸਗੋਂ ਆਮ ਨਾਗਰਿਕ ਵੀ ਮੈਂਬਰਸ਼ਿਪ ਪ੍ਰਕਿਰਿਆ, ਵਿੱਤੀ ਪ੍ਰਬੰਧਨ, ਖਰਚਿਆਂ, ਪ੍ਰਸ਼ਾਸਕੀ ਫ਼ੈਸਲਿਆਂ ਅਤੇ ਹੋਰ ਮਹੱਤਵਪੂਰਨ ਮਾਮਲਿਆਂ ਬਾਰੇ ਜਾਣਕਾਰੀ ਹਾਸਲ ਕਰ ਸਕਣਗੇ। ਹਾਈ ਕੋਰਟ ਦੇ ਇਸ ਫ਼ੈਸਲੇ ਨੂੰ ਪਾਰਦਰਸ਼ਤਾ ਦੇ ਹੱਕ ਵਿੱਚ ਇੱਕ ਅਹਿਮ ਕਦਮ ਮੰਨਿਆ ਜਾ ਰਿਹਾ ਹੈ, ਜੋ ਭਵਿੱਖ ਵਿੱਚ ਜਨਤਕ ਸਰੋਤਾਂ ਤੋਂ ਲਾਭ ਲੈਣ ਵਾਲੀਆਂ ਹੋਰ ਸੰਸਥਾਵਾਂ ਲਈ ਵੀ ਨਜ਼ੀਰ ਬਣ ਸਕਦਾ ਹੈ।

# ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 'ਤੇ ਗਏ ਨਿਹੰਗ ਸਿੰਘ ਜਥੇਬੰਦੀਆਂ ਦੇ ਨੌਜਵਾਨਾਂ ਨਾਲ ਕੁੱਟਮਾਰ ਕਰਨਾ ਮੰਦਭਾਗਾ : ਇਯਾਲੀ

ਜ਼ਿਕਰ ਪੰਜਾਬ

**ਮੁੱਲਾਂਪੁਰ ਦਾਖਾ** : ਉੱਤਰਾਖੰਡ ਵਿਖੇ ਸ੍ਰੀ ਹੇਮਕੁੰਟ ਸਾਹਿਬ ਦੀ ਪਵਿੱਤਰ ਯਾਤਰਾ 'ਤੇ ਜਾ ਰਹੇ ਨਿਹੰਗ ਸਿੰਘ ਜਥੇਬੰਦੀਆਂ ਦੇ ਨੌਜਵਾਨਾਂ ਨਾਲ ਕੁਝ ਸਥਾਨਕ ਲੋਕਾਂ ਵੱਲੋਂ ਕੀਤੀ ਗਈ ਕੁੱਟਮਾਰ ਅਤੇ ਬਦਸਲੂਕੀ ਦੀ ਘਟਨਾ ਮੰਦਭਾਗੀ ਅਤੇ ਨਿੰਦਣਯੋਗ ਹੈ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਵਾਰਿਸ ਪੰਜਾਬ ਦੇ ਪਾਰਟੀ ਦੇ ਆਗੂ ਮਨਪ੍ਰੀਤ ਸਿੰਘ ਇਯਾਲੀ ਨੇ ਪ੍ਰੈਸ ਨੂੰ ਸੰਬੋਧਨ ਕਰਦਿਆਂ ਕੀਤਾ। ਮਨਪ੍ਰੀਤ ਸਿੰਘ ਇਯਾਲੀ ਨੇ ਕਿਹਾ ਕਿ ਇਸ ਘਟਨਾ ਨੇ ਸਮੂਹ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਓਹਨਾ ਨੇ ਕਿਹਾ ਕਿ ਉਹ ਇਸ ਔਖੀ ਘੜੀ ਵਿੱਚ ਆਪਣੇ ਪੰਜਾਬ ਦੇ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਨਾਲ ਚੱਟਾਨ ਵਾਂਗ ਖੜ੍ਹੇ ਹਨ। ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਤੇ ਬੋਲਦਿਆਂ, ਸਰਦਾਰ ਇਯਾਲੀ ਨੇ ਕਿਹਾ ਕਿ ਸਾਡੀ ਪਹਿਲੀ ਤਰਜੀਹ ਇਹ ਯਕੀਨੀ ਬਣਾਉਣਾ ਹੈ ਕਿ ਪੀੜਤ ਨੌਜਵਾਨਾਂ ਨੂੰ ਹਰ ਹਾਲ ਵਿੱਚ ਇਨਸਾਫ਼ ਮਿਲੇ ਅਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ। ਇਸ ਗੰਭੀਰ ਮਾਮਲੇ ਦੇ ਤੁਰੰਤ ਅਤੇ ਨਿਰਪੱਖ ਨਿਪਟਾਰੇ ਲਈ ਮਨਪ੍ਰੀਤ ਸਿੰਘ ਇਯਾਲੀ ਨੇ ਉੱਤਰਾਖੰਡ ਦੇ ਮੁੱਖ ਮੰਤਰੀ ਨਾਲ ਮੁਲਾਕਾਤ ਦਾ ਸਮਾਂ ਮੰਗਿਆ ਗਿਆ ਹੈ। ਇਸ ਤੋਂ ਇਲਾਵਾ ਪ੍ਰਸ਼ਾਸਨਿਕ ਅਤੇ ਕਾਨੂੰਨੀ ਪੱਧਰ 'ਤੇ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਤਾਂ ਜੋ ਘਟਨਾ ਦੀ ਪੂਰੀ ਸੱਚਾਈ ਸਾਹਮਣੇ ਆ ਸਕੇ ਅਤੇ ਪੀੜਤ ਨੌਜਵਾਨਾਂ ਨੂੰ ਇਨਸਾਫ਼ ਮਿਲ ਸਕੇ। ਮਨਪ੍ਰੀਤ ਸਿੰਘ ਇਯਾਲੀ ਨੇ ਕਿਹਾ ਕਿ, ਸਾਡਾ ਇਕੋ-ਇੱਕ ਮਕਸਦ ਹੈ ਕਿ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 'ਤੇ ਜਾਣ ਵਾਲੇ ਹਰ ਸ਼ਰਧਾਲੂ ਦੀ ਸੁਰੱਖਿਆ ਅਤੇ ਸਨਮਾਨ ਨੂੰ ਯਕੀਨੀ ਬਣਾਇਆ ਜਾਵੇ ਅਤੇ ਭਵਿੱਖ ਵਿੱਚ ਕਿਸੇ ਵੀ ਸ਼ਰਧਾਲੂ ਦੇ ਨਾਲ ਅਜਿਹੀ ਨਾਇਨਸਾਫ਼ੀ ਦੁਬਾਰਾ ਨਾ ਵਾਪਰੇ। ਉਹਨਾਂ ਨੇ ਕੇਂਦਰ ਅਤੇ ਉੱਤਰਾਖੰਡ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

# ਪ੍ਰਧਾਨ ਮੰਤਰੀ ਵੱਲੋਂ 2400 ਕਰੋੜ ਰੁਪਏ ਦੀ ਪ੍ਰੋਤਸਾਹਨ ਰਾਸ਼ੀ ਦੀ ਵੰਡ

## ਚੰਡੀਗੜ੍ਹ ਵਿਖੇ 320 ਨੌਜਵਾਨਾਂ ਨੂੰ ਮਿਲੇ ਨਿਯੁਕਤੀ ਪੱਤਰ



ਜ਼ਿਕਰ ਪੰਜਾਬ

**ਚੰਡੀਗੜ੍ਹ** : ਕਿਰਤ ਅਤੇ ਰੁਜ਼ਗਾਰ ਮੰਤਰਾਲੇ ਦੁਆਰਾ ਪ੍ਰਧਾਨ ਮੰਤਰੀ ਵਿਕਸਿਤ ਭਾਰਤ ਰੁਜ਼ਗਾਰ ਯੋਜਨਾ (ਪੀਐੱਮ-ਵੀਬੀਆਰਵਾਈ) ਦੇ ਤਹਿਤ ਐੱਸ.ਡੀ.ਕਾਲਜ, ਸੈਕਟਰ-32 ਚੰਡੀਗੜ੍ਹ ਵਿਖੇ ਇੱਕ ਖੇਤਰੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਵਿੱਚ ਚੰਡੀਗੜ੍ਹ ਦੇ ਮੇਅਰ ਸ਼?ਰੀ ਸੌਰਭ ਜੋਸ਼ੀ ਨੇ ਮੁੱਖ ਮਹਿਮਾਨ ਦੇ ਰੂਪ ਵਿੱਚ ਸ਼ਿਰਕਤ ਕੀਤੀ। ਇਹ ਪ੍ਰੋਗਰਾਮ ਨਵੀਂ ਦਿੱਲੀ ਦੇ ਵਿਗਿਆਨ ਭਵਨ ਵਿਖੇ ਆਯੋਜਿਤ ਰਾਸ਼ਟਰੀ ਪ੍ਰੋਗਰਾਮ ਦੇ ਨਾਲ ਦੇਸ਼ ਭਰ ਦੀਆਂ 200 ਥਾਵਾਂ 'ਤੇ ਇਕੱਠਿਆਂ ਆਯੋਜਿਤ ਕੀਤਾ ਗਿਆ। ਰਾਸ਼ਟਰੀ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਪੀਐੱਮ-ਵੀਬੀਆਰਵਾਈ ਦੇ ਤਹਿਤ ਦੇਸ਼ ਭਰ ਦੇ 15 ਲੱਖ ਤੋਂ ਵੱਧ ਲਾਭਪਾਤਰੀਆਂ ਨੂੰ 2400 ਕਰੋੜ ਰੁਪਏ ਦੀ ਪ੍ਰੋਤਸਾਹਨ ਰਾਸ਼ੀ ਵੰਡੀ ਗਈ। ਇਸ ਮੌਕੇ ਕੇਂਦਰੀ ਕਿਰਤ ਅਤੇ ਰੁਜ਼ਗਾਰ ਅਤੇ ਯੁਵਾ ਮਾਮਲੇ ਅਤੇ ਖੇਡ ਮੰਤਰੀ ਡਾ. ਮਨਸੁਖ ਮਾਂਡਵੀਆ, ਕਿਰਤ ਅਤੇ ਰੁਜ਼ਗਾਰ ਰਾਜ ਮੰਤਰੀ ਸੁਸ਼੍ਰੀ ਸ਼ੋਭਾ ਕਰੰਦਲਾਜੇ, ਸੀਨੀਅਰ ਅਧਿਕਾਰੀ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ। ਚੰਡੀਗੜ੍ਹ ਵਿਖੇ ਆਯੋਜਿਤ ਪ੍ਰੋਗਰਾਮ ਵਿੱਚ ਲਗਭਗ 500 ਹਿਤਧਾਰਕਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ 320 ਲਾਭਪਾਤਰੀ, 38 ਰੁਜ਼ਗਾਰਦਾਤਾ, ਉਦਯੋਗ ਸੰਗਠਨਾਂ ਦੇ ਪ੍ਰਤੀਨਿਧੀ, ਜਨਤਕ ਪ੍ਰਤੀਨਿਧੀ, ਸੀਨੀਅਰ ਸਰਕਾਰੀ ਅਧਿਕਾਰੀ ਅਤੇ ਕਰਮਚਾਰੀ ਪ੍ਰੋਵੀਡੈਂਟ ਫੰਡ ਆਰਗੇਨਾਈਜੇਸ਼ਨ (ਈਪੀਐੱਫਓ) ਦੇ ਅਧਿਕਾਰੀ ਅਤੇ ਕਰਮਚਾਰੀ ਸ਼ਾਮਲ ਸਨ। ਇਸ ਮੌਕੇ ਰੁਜ਼ਗਾਰਦਾਤਾਵਾਂ ਦੁਆਰਾ 320 ਨਵੇਂ ਨਿਯੁਕਤ ਨੌਜਵਾਨਾਂ ਨੂੰ ਨਿਯੁਕਤੀ -ਪੱਤਰ ਵੰਡੇ ਗਏ। ਮੌਜੂਦ ਭਾਗੀਦਾਰਾਂ ਨੇ ਪ੍ਰਧਾਨ ਮੰਤਰੀ ਦੇ ਸੰਬੋਧਨ ਦਾ ਲਾਈਵ ਟੈਲੀਕਾਸਟ (ਸਿੱਧਾ ਪ੍ਰਸਾਰਣ) ਵੀ ਦੇਖਿਆ। ਆਪਣੇ ਸੰਬੋਧਨ ਵਿੱਚ ਸ਼?ਰੀ ਸੌਰਭ ਜੋਸ਼ੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਵਿਕਸਿਤ ਭਾਰਤ ਰੁਜ਼ਗਾਰ ਯੋਜਨਾ ਨੌਜਵਾਨਾਂ ਲਈ ਰਸਮੀ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਪਹਿਲ ਹੈ। ਉਨ੍ਹਾਂ ਨੇ ਕਿਹਾ ਕਿ ਇਹ ਯੋਜਨਾ ਰੁਜ਼ਗਾਰ ਸਿਰਜਣਾ ਨੂੰ ਪ੍ਰੋਤਸਾਹਿਤ ਕਰਨ, ਸੰਗਠਿਤ ਕਾਰਜਬਲ ਨੂੰ ਮਜ਼ਬੂਤ ਕਰਨ ਅਤੇ ਵਿਕਸਿਤ ਭਾਰਤ ਦੇ ਸੰਕਲਪ ਨੂੰ ਸਾਕਾਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ।

# ਭਾਜਪਾ ਪ੍ਰਧਾਨ ਨਿਤਿਨ ਨਬੀਨ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ

ਜ਼ਿਕਰ ਪੰਜਾਬ



**ਅੰਮ੍ਰਿਤਸਰ** : ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਅੱਜ (20 ਜੂਨ) ਤੋਂ ਪੰਜਾਬ ਦੇ ਤਿੰਨ ਦਿਨਾਂ ਦੌਰੇ 'ਤੇ ਹਨ। ਪਹਿਲੇ ਦਿਨ, ਉਨ੍ਹਾਂ ਨੇ ਭਗਵੇਂ ਰੰਗ ਦੀ ਪੱਗ ਬੰਨ੍ਹ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਇਸਦੇ ਨਾਲ ਹੀ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਹਾਲ 'ਚ ਭਾਂਡੇ ਸਾਫ ਕਰਨ ਦੀ ਸੇਵਾ ਕੀਤੀ। ਇਸ ਦੌਰੇ ਦੌਰਾਨ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੇਸ਼ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ। ਉਹ ਚਾਹੁੰਦੇ ਹਨ ਕਿ ਤਰੱਕੀ ਦੀਆਂ ਕਿਰਨਾਂ ਪੰਜਾਬ ਦੇ ਹਰ ਘਰ, ਹਰ ਮੁਹੱਲੇ ਅਤੇ ਹਰ ਵਿਅਕਤੀ ਤੱਕ ਪਹੁੰਚਣ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸ ਕਰਨ ਤੋਂ ਬਾਅਦ, ਉਨ੍ਹਾਂ ਨੇ ਨਵੀਂ ਊਰਜਾ ਮਹਿਸੂਸ ਕੀਤੀ ਅਤੇ ਪੰਜਾਬ ਦੇ ਵਿਕਾਸ ਅਤੇ ਤਰੱਕੀ ਦੀ ਕਾਮਨਾ ਕੀਤੀ। ਉਨ੍ਹਾਂ ਦੇ ਨਾਲ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਅਤੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਵੀ ਸਨ। ਇਸ ਤੋਂ ਬਾਅਦ ਉਨ੍ਹਾਂ ਨੇ ਸ੍ਰੀ ਦੁਰਗਿਆਣਾ ਮੰਦਰ ਵਿਖੇ ਮੱਥਾ ਟੇਕਿਆ। ਸ੍ਰੀ ਦੁਰਗਿਆਣਾ ਮੰਦਰ ਕਮੇਟੀ ਨੇ ਨਿਤਿਨ ਨਬੀਨ ਦਾ ਸਨਮਾਨ ਕੀਤਾ। ਨਿਤਿਨ ਨਬੀਨ ਨੇ ਜਲ੍ਹਿਆਂਵਾਲਾ ਬਾਗ ਦਾ ਦੌਰਾ ਕੀਤਾ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਹ ਹੁਣ ਸ੍ਰੀ ਰਾਮ ਤੀਰਥ ਮੰਦਰ ਪਹੁੰਚੇ ਹਨ। ਨਿਤਿਨ ਨਬੀਨ ਦੁਪਹਿਰ ਲਗਭਗ 12:30 ਵਜੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਪਹੁੰਚੇ, ਜਿੱਥੇ ਭਾਜਪਾ ਆਗੂਆਂ ਅਤੇ ਵਰਕਰਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਅੰਮ੍ਰਿਤਸਰ ਤੋਂ ਬਾਅਦ, ਨਿਤਿਨ ਨਬੀਨ ਜਲੰਧਰ ਅਤੇ ਲੁਧਿਆਣਾ ਦੀ ਯਾਤਰਾ ਕਰਨਗੇ। ਲੁਧਿਆਣਾ 'ਚ, ਉਹ ਜ਼ਮੀਨੀ ਪੱਧਰ ਦੇ ਵਰਕਰਾਂ ਅਤੇ ਆਗੂਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀ ਫੀਡਬੈਕ ਇਕੱਠੀ ਕਰਨਗੇ। ਫਿਰ ਉਹ ਆਉਣ ਵਾਲੀਆਂ ਚੋਣਾਂ ਲਈ ਸੂਖਮ ਯੋਜਨਾਬੰਦੀ 'ਤੇ ਚਰਚਾ ਕਰਨਗੇ। ਭਾਜਪਾ ਆਗੂਆਂ ਦਾ ਮੰਨਣਾ ਹੈ ਕਿ ਰਾਸ਼ਟਰੀ ਪ੍ਰਧਾਨ ਦੀ ਇਹ ਫੇਰੀ ਪੰਜਾਬ ਭਾਜਪਾ 'ਚ ਨਵੀਂ ਊਰਜਾ ਭਰੇਗੀ। ਨਿਤਿਨ ਨਬੀਨ ਪੰਜਾਬ ਦੇ ਤਿੰਨੋਂ ਖੇਤਰਾਂ: ਮਾਝਾ, ਦੋਆਬਾ ਅਤੇ ਮਾਲਵਾ ਦੇ ਵਰਕਰਾਂ ਅਤੇ ਆਗੂਆਂ ਨਾਲ ਮੁਲਾਕਾਤ ਕਰਕੇ ਸੰਗਠਨ ਦੀ ਸਥਿਤੀ ਅਤੇ ਭਾਜਪਾ ਦੀਆਂ ਜ਼ਮੀਨੀ ਹਕੀਕਤਾਂ ਦਾ ਮੁਲਾਂਕਣ ਕਰਨਗੇ।

# 'ਆਪ' ਪੰਜਾਬ ਦੀ ਸ਼ਾਂਤੀ, ਤਰੱਕੀ ਅਤੇ ਸਮਾਜਿਕ ਸਦਭਾਵਨਾ ਨੂੰ ਭੰਗ ਕਰਨ ਵਾਲੀ ਕਿਸੇ ਵੀ ਸਾਜ਼ਿਸ਼ ਨੂੰ ਸਫਲ ਨਹੀਂ ਹੋਣ ਦੇਵੇਗੀ: ਹਰਪਾਲ ਸਿੰਘ ਚੀਮਾ

ਜ਼ਿਕਰ ਪੰਜਾਬ

**ਚੰਡੀਗੜ੍ਹ** : ਆਮ ਆਦਮੀ ਪਾਰਟੀ (ਆਪ) ਨੇ ਸ਼ਨੀਵਾਰ ਨੂੰ ਪੰਜਾਬ ਭਰ ਵਿੱਚ ਚਿੱਟਾ ਪਾਰਟੀ (ਸ਼੍ਰੋਮਣੀ ਅਕਾਲੀ ਦਲ), ਇਸਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਈਡੀ ਪਾਰਟੀ (ਭਾਜਪਾ) ਅਤੇ ਕਾਂਗਰਸ ਪਾਰਟੀ ਵਿਰੁੱਧ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਗੁੰਮਰਾਹਕੁੰਨ ਅਤੇ ਜਾਅਲੀ ਵੀਡੀਓ ਰਾਹੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਕਥਿਤ ਤੌਰ 'ਤੇ ਬਦਨਾਮ ਕਰਨ ਦੇ ਦੋਸ਼ ਵਿੱਚ ਵਿਆਪਕ ਪ੍ਰਦਰਸ਼ਨ ਕੀਤੇ। 'ਆਪ' ਮੰਤਰੀਆਂ, ਵਿਧਾਇਕਾਂ, ਸੀਨੀਅਰ ਆਗੂਆਂ, ਵਰਕਰਾਂ ਅਤੇ ਸਥਾਨਕ ਨਿਵਾਸੀਆਂ ਨੇ ਸੂਬੇ ਭਰ ਵਿੱਚ ਸੜਕਾਂ 'ਤੇ ਉਤਰ ਕੇ ਵਿਰੋਧੀ ਪਾਰਟੀਆਂ 'ਤੇ ਧਰਮ ਦੀ ਦੁਰਵਰਤੋਂ ਕਰਨ, ਝੂਠਾ ਪ੍ਰਚਾਰ ਕਰਨ ਅਤੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਅਤੇ ਸੂਬੇ ਦੀ ਤਰੱਕੀ ਨੂੰ ਨੁਕਸਾਨ ਪਹੁੰਚਾਉਣ ਲਈ ਇੱਕ ਰਾਜਨੀਤਿਕ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ। ਫਰੀਦਕੋਟ, ਬਰਨਾਲਾ ਅਤੇ ਮਾਨਸਾ ਤੋਂ ਲੈ ਕੇ ਕਪੂਰਥਲਾ, ਮੋਗਾ ਅਤੇ ਬਾਦਲ ਪਿੰਡ ਤੱਕ, ਪ੍ਰਦਰਸ਼ਨਕਾਰੀਆਂ ਨੇ ਪੰਜਾਬ ਵਿਰੋਧੀ ਅਤੇ ਪੰਥ ਵਿਰੋਧੀ ਤਾਕਤਾਂ ਦੇ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਜੋ ਵਾਰ-ਵਾਰ ਧਾਰਮਿਕ ਭਾਵਨਾਵਾਂ ਦਾ ਸ਼ੋਸ਼ਣ ਕਰਦੀਆਂ ਹਨ ਅਤੇ ਰਾਜਨੀਤਿਕ ਲਾਭ ਲਈ ਲੋਕਾਂ ਨੂੰ ਵੰਡਦੀਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਵਿਰੋਧੀ ਧਿਰ ਨਫ਼ਰਤ, ਝੂਠੀਆਂ ਅਫਵਾਹਾਂ ਅਤੇ ਸਵਾਰਥੀ ਹਿੱਤਾਂ ਦੀ ਰਾਜਨੀਤੀ ਕਰ ਰਹੀ ਹੈ, ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਾਰਦਰਸ਼ੀ ਪ੍ਰਸ਼ਾਸਨ, ਰੁਜ਼ਗਾਰ ਦੇ ਮੌਕੇ, ਮਿਆਰੀ ਸਿੱਖਿਆ, ਭਲਾਈ ਸਕੀਮਾਂ ਅਤੇ ਵਿਕਾਸ-ਮੁਖੀ ਰਾਜਨੀਤੀ ਰਾਹੀਂ ਪੰਜਾਬੀਆਂ ਦੇ ਦਿਲ ਜਿੱਤ ਲਏ ਹਨ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਅਜਿਹੀ ਫੁੱਟ ਪਾਊ ਰਾਜਨੀਤੀ ਨੂੰ ਵਾਰ-ਵਾਰ ਰੱਦ ਕੀਤਾ ਹੈ ਅਤੇ ਮੁੱਖ ਮੰਤਰੀ ਦੇ ਅਕਸ ਨੂੰ ਢਾਹ ਲਾਉਣ ਜਾਂ ਸੂਬੇ ਦੀ ਸ਼ਾਂਤੀ, ਭਾਈਚਾਰਕ ਸਾਂਝ ਅਤੇ ਤਰੱਕੀ ਨੂੰ ਭੰਗ ਕਰਨ ਦੀ ਕਿਸੇ ਵੀ ਸਾਜ਼ਿਸ਼ ਨੂੰ ਕਦੇ ਵੀ ਸਫਲ ਨਹੀਂ ਹੋਣ ਦੇਣਗੇ। ਮੋਹਾਲੀ ਵਿੱਚ ਪ੍ਰਦਰਸ਼ਨ ਦੌਰਾਨ ਮੀਡੀਆ ਨੂੰ ਸੰਬੋਧਨ ਕਰਦਿਆਂ ਸੀਨੀਅਰ 'ਆਪ' ਆਗੂ ਅਤੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਸ਼੍ਰੋਮਣੀ ਅਕਾਲੀ ਦਲ ਦੀਆਂ ਫਿਰਕੂ ਅਤੇ ਪੰਜਾਬ ਵਿਰੋਧੀ ਗਤੀਵਿਧੀਆਂ ਅਤੇ ਸੂਬੇ ਦੀ ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਭੰਗ ਕਰਨ ਦੀਆਂ ਵਾਰ-ਵਾਰ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਵਿਰੁੱਧ ਪੰਜਾਬ ਭਰ ਵਿੱਚ ਪ੍ਰਤੀਕਾਤਮਕ ਵਿਰੋਧ ਪ੍ਰਦਰਸ਼ਨ ਕੀਤੇ ਹਨ। ਉਨ੍ਹਾਂ ਕਿਹਾ, "ਅੱਜ, ਆਮ ਆਦਮੀ ਪਾਰਟੀ ਦੇ ਵਰਕਰ ਅਜਿਹੀਆਂ ਤਾਕਤਾਂ ਵਿਰੁੱਧ ਆਪਣਾ ਵਿਰੋਧ ਦਰਜ ਕਰਵਾਉਣ ਲਈ ਨਾ ਸਿਰਫ਼ ਮੋਹਾਲੀ ਵਿੱਚ ਸਗੋਂ ਪੰਜਾਬ ਭਰ ਵਿੱਚ ਸੜਕਾਂ 'ਤੇ ਉਤਰ ਆਏ ਹਨ। ਪੰਜਾਬ ਦੇ ਲੋਕ ਇਨ੍ਹਾਂ ਸਾਜ਼ਿਸ਼ਾਂ ਤੋਂ ਪੂਰੀ ਤਰ੍ਹਾਂ ਜਾਣੂ ਹਨ ਅਤੇ ਸੂਬੇ ਦੇ ਹਿੱਤਾਂ ਨੂੰ ਵਾਰ-ਵਾਰ ਨੁਕਸਾਨ ਪਹੁੰਚਾਉਣ ਵਾਲਿਆਂ ਨੂੰ ਕਦੇ ਵੀ ਸਫਲ ਨਹੀਂ ਹੋਣ ਦੇਣਗੇ। ਭਗਵੰਤ ਮਾਨ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕਰਦੇ ਹੋਏ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਬੇਮਿਸਾਲ ਵਿਕਾਸ ਹੋ ਰਿਹਾ ਹੈ। ਉਨ੍ਹਾਂ ਕਿਹਾ, "ਸਾਡੀ ਸਰਕਾਰ ਨੇ ਪਾਰਦਰਸ਼ੀ ਢੰਗ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਲਗਭਗ 44,000 ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਹਨ। ਨੌਜਵਾਨਾਂ ਦੀ ਊਰਜਾ ਨੂੰ ਵਰਤਣ ਲਈ ਸੂਬੇ ਭਰ ਦੇ ਪਿੰਡਾਂ ਵਿੱਚ ਖੇਡ ਮੈਦਾਨ ਵਿਕਸਤ ਕੀਤੇ ਜਾ ਰਹੇ ਹਨ। ਲਗਭਗ 45,000 ਕਿਲੋਮੀਟਰ ਸੜਕਾਂ ਦੀ ਉਸਾਰੀ ਅਤੇ ਮੁਰੰਮਤ ਕੀਤੀ ਜਾ ਰਹੀ ਹੈ। ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚੇ ਵਿਸ਼ਵ ਪੱਧਰੀ ਗੁਣਵੱਤਾ ਵਾਲੀ ਸਿੱਖਿਆ ਪ੍ਰਾਪਤ ਕਰ ਰਹੇ ਹਨ, ਜਦੋਂ ਕਿ ਹਰ ਘਰ ਨੂੰ ਹਰ ਮਹੀਨੇ 300 ਯੂਨਿਟ ਮੁਫ਼ਤ ਬਿਜਲੀ ਦਾ ਲਾਭ ਮਿਲਦਾ ਹੈ।




# ਪੰਜਾਬ ਸਰਕਾਰ ਹਰ ਲੋੜਵੰਦ ਔਰਤ ਨੂੰ ਸਮਾਜਿਕ ਸੁਰੱਖਿਆ ਪ੍ਰਦਾਨ ਕਰਨ ਲਈ ਵਚਨਬੱਧ : ਡਾ. ਬਲਜੀਤ ਕੌਰ

ਜ਼ਿਕਰ ਪੰਜਾਬ

**ਚੰਡੀਗੜ੍ਹ** : ਜਦੋਂ ਕੋਈ ਪਰਿਵਾਰ ਆਪਣੇ ਰੋਜ਼ੀ-ਰੋਟੀ ਕਮਾਉਣ ਵਾਲੇ ਨੂੰ ਗੁਆ ਦਿੰਦਾ ਹੈ, ਤਾਂ ਔਰਤਾਂ ਨੂੰ ਅਕਸਰ ਸਭ ਤੋਂ ਵੱਡੀ ਵਿੱਤੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਸਮੇਂ ਵਿੱਚ, ਵਿਧਵਾਵਾਂ ਅਤੇ ਬੇਸਹਾਰਾ ਔਰਤਾਂ ਲਈ ਪੰਜਾਬ ਸਰਕਾਰ ਦੀ ਪੈਨਸ਼ਨ ਯੋਜਨਾ ਸੂਬੇ ਦੀਆਂ ਲੱਖਾਂ ਔਰਤਾਂ ਲਈ ਆਰਥਿਕ ਸੁਰੱਖਿਆ ਅਤੇ ਸਨਮਾਨ ਦਾ ਇੱਕ ਮਹੱਤਵਪੂਰਨ ਸਰੋਤ ਬਣ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ, ਪੰਜਾਬ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਕੋਈ ਵੀ ਲੋੜਵੰਦ ਔਰਤ ਵਿੱਤੀ ਤੰਗੀਆਂ ਕਾਰਨ ਆਪਣੇ ਮਾਣ-ਸਨਮਾਨ ਅਤੇ ਮੁੱਢਲੀਆਂ ਜ਼ਰੂਰਤਾਂ ਤੋਂ ਵਾਂਝੀ ਨਾ ਰਹੇ। ਇਹ ਗੱਲ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਹੀ। ਸਕੀਮ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਮਈ ਤੱਕ ਇਸ ਸਕੀਮ ਤਹਿਤ ਵਿਧਵਾਵਾਂ ਅਤੇ ਬੇਸਹਾਰਾ ਔਰਤਾਂ ਲਈ 305 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਜਾਰੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸੂਬੇ ਭਰ ਵਿੱਚ 6.91 ਲੱਖ ਤੋਂ ਵੱਧ ਔਰਤਾਂ ਇਸ ਸਕੀਮ ਦਾ ਲਾਭ ਉਠਾ ਰਹੀਆਂ ਹਨ, ਜਿਸ ਨਾਲ ਉਨ੍ਹਾਂ ਨੂੰ ਵਿੱਤੀ ਸੁਰੱਖਿਆ ਪ੍ਰਦਾਨ ਹੋ ਰਹੀ ਹੈ ਅਤੇ ਉਹ ਆਤਮਵਿਸ਼ਵਾਸ ਨਾਲ ਆਪਣੀ ਜ਼ਿੰਦਗੀ ਜੀਅ ਸਕਣ ਦੇ ਯੋਗ ਹੋ ਰਹੀਆਂ ਹਨ। ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਨੇ ਵਿੱਤੀ ਸਾਲ 2026-27 ਦੌਰਾਨ ਇਸ ਯੋਜਨਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਅਤੇ ਵੱਧ ਤੋਂ ਵੱਧ ਯੋਗ ਔਰਤਾਂ ਨੂੰ ਲਾਭ ਪਹੁੰਚਾਉਣ ਲਈ ਰੁ. 1,200 ਕਰੋੜ ਤੋਂ ਵੱਧ ਦੀ ਰਾਸ਼ੀ ਅਲਾਟ ਕੀਤੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਯੋਜਨਾ ਨਾ ਸਿਰਫ਼ ਹਜ਼ਾਰਾਂ ਔਰਤਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰ ਰਹੀ ਹੈ, ਸਗੋਂ ਉਨ੍ਹਾਂ ਨੂੰ ਮੁਸ਼ਕਲ ਹਾਲਾਤਾਂ ਵਿੱਚ ਮਾਣ ਅਤੇ ਵਿਸ਼ਵਾਸ ਨਾਲ ਜੀਵਨ ਜਿਊਣ ਲਈ ਸਹਾਇਤਾ ਵੀ ਪ੍ਰਦਾਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਔਰਤਾਂ ਦੀ ਸੁਰੱਖਿਆ, ਮਾਣ ਅਤੇ ਸਵੈ-ਨਿਰਭਰਤਾ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਦ੍ਰਿੜ ਵਿਸ਼ਵਾਸ ਹੈ ਕਿ ਅਸਲ ਸਮਾਜਿਕ ਤਰੱਕੀ ਉਦੋਂ ਹੀ ਸੰਭਵ ਹੈ ਜਦੋਂ ਔਰਤਾਂ ਆਰਥਿਕ ਤੌਰ 'ਤੇ ਮਜ਼ਬੂਤ ਅਤੇ ਸਮਾਜਿਕ ਤੌਰ 'ਤੇ ਸਸ਼ਕਤ ਹੋਣ। ਇਸ ਦ੍ਰਿਸ਼ਟੀਕੋਣ ਦੇ ਅਨੁਸਾਰ, ਪੰਜਾਬ ਸਰਕਾਰ ਹਰ ਯੋਗ ਅਤੇ ਲੋੜਵੰਦ ਔਰਤ ਨੂੰ ਸਮਾਜਿਕ ਸੁਰੱਖਿਆ ਲਾਭ ਪ੍ਰਦਾਨ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਡਾ. ਬਲਜੀਤ ਕੌਰ ਨੇ ਅੱਗੇ ਦੱਸਿਆ ਕਿ ਇਹ ਯੋਜਨਾ 58 ਸਾਲ ਤੋਂ ਘੱਟ ਉਮਰ ਦੀਆਂ ਵਿਧਵਾਵਾਂ ਅਤੇ ਬੇਸਹਾਰਾ ਔਰਤਾਂ ਲਈ ਉਪਲਬਧ ਹੈ। ਇਸ ਤੋਂ ਇਲਾਵਾ, 30 ਸਾਲ ਜਾਂ ਇਸ ਤੋਂ ਵੱਧ ਉਮਰ ਦੀਆਂ ਅਣਵਿਆਹੀਆਂ ਔਰਤਾਂ ਵੀ ਇਸ ਯੋਜਨਾ ਦਾ ਲਾਭ ਲੈ ਸਕਦੀਆਂ ਹਨ। ਬਿਨੈਕਾਰ ਦੇ ਪਰਿਵਾਰ ਦੀ ਸਾਲਾਨਾ ਆਮਦਨ 60,000 ਤੋਂ ਵੱਧ ਨਹੀਂ ਹੋਣੀ ਚਾਹੀਦੀ।



## ਜੀਵਨਸ਼ੈਲੀ ਅਤੇ ਨਾਈਟ ਲਾਈਫ ਦਾ ਇੱਕ ਨਵੇ ਯੁੱਗ ਦੀ ਸ਼ੁਰੂਆਤ

# ਟੈਂਪਰਾ ਗਰੁੱਪ ਵੱਲੋਂ ਤਿੰਨ ਪ੍ਰੀਮੀਅਮ ਬ੍ਰਾਂਡਾਂ ਦਾ ਉਦਘਾਟਨ

ਜ਼ਿਕਰ ਪੰਜਾਬ

**ਲੁਧਿਆਣਾ** : ਸ਼ਾਨਦਾਰ, ਮਨੋਰੰਜਨ ਅਤੇ ਉਦਯੋਗ ਦੀ ਮੌਜੂਦਗੀ ਨਾਲ ਚਿੰਨ੍ਹ ਇੱਕ ਸ਼ਾਨਦਾਰ ਜਸ਼ਨ ਵਿੱਚ, ਲੁਧਿਆਣਾ ਦੇ ਪ੍ਰਮੁੱਖ ਵਪਾਰਕ ਘਰਾਣਿਆਂ ਵਿੱਚੋਂ ਇੱਕ, ਟੈਂਪਰਾ ਗਰੁੱਪ ਨੇ ਆਪਣੇ ਤਿੰਨ ਪ੍ਰਮੁੱਖ ਬ੍ਰਾਂਡਾਂ - ਟੌਏ ਜੰਕਸ਼ਨ, ਦ ਪਲਸ ਬਾਰ ਐਂਡ ਲਾਉਂਜ, ਅਤੇ ਕਾਰਲਟਨ ਲੰਡਨ - ਦਾ ਅਧਿਕਾਰਤ ਤੌਰ 'ਤੇ ਉਦਘਾਟਨ ਕੀਤਾ - ਦ ਅਰਬਨ ਸਕੁਏਅਰ, ਮੁੱਲਾਂਪੁਰ, ਲੁਧਿਆਣਾ ਵਿਖੇ ਉਦਘਾਟਨ ਸਮਾਰੋਹ ਵਿੱਚ ਮਾਣਯੋਗ ਮੁੱਖ ਮਹਿਮਾਨ ਭੋਗਲ ਗਰੁੱਪ ਦੇ ਐਮਡੀ ਸਰਦਾਰ ਅਵਤਾਰ ਸਿੰਘ ਭੋਗਲ ਅਤੇ ਕੁਲਾਰ ਸੰਨਜ਼ ਦੇ ਐਮਡੀ ਸਰਦਾਰ ਗੁਰਮੀਤ ਸਿੰਘ ਕੁਲਾਰ ਸ਼ਾਮਲ ਹੋਏ ਅਤੇ ਜਿਨ੍ਹਾਂ ਦੀ ਮੌਜੂਦਗੀ ਨੇ ਇਸ ਮੌਕੇ ਨੂੰ ਮਾਣ ਵਧਾਇਆ। ਇਸ ਸਮਾਗਮ ਨੂੰ ਪੰਜਾਬ ਭਰ ਦੇ ਵਪਾਰਕ ਆਗੂਆਂ, ਮੀਡੀਆ ਪ੍ਰਤੀਨਿਧੀਆਂ, ਸਮਾਜਿਕ ਪ੍ਰਭਾਵਕਾਂ ਅਤੇ ਵਿਸ਼ੇਸ਼ ਮਹਿਮਾਨਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਟੈਂਪਰਾ ਗਰੁੱਪ ਦੀ ਯਾਤਰਾ ਇਸਦੇ ਮੈਨੇਜਿੰਗ ਡਾਇਰੈਕਟਰ, ਸ਼੍ਰੀ ਪ੍ਰੇਮ ਸਿੰਘ ਸੋਖੀ ਦੇ ਦ੍ਰਿਸ਼ਟੀਕੋਣ ਅਤੇ ਉੱਦਮੀ ਭਾਵਨਾ ਵਿੱਚ ਜੁੜੀ ਹੋਈ ਹੈ। 1986 ਵਿੱਚ, ਉਨ੍ਹਾਂ ਦਾ ਵਪਾਰਕ ਸਫ਼ਰ ਸ੍ਰੀ ਹਰਕ੍ਰਿਸ਼ਨ ਸਾਹਿਬ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਡਾਬਾ ਰੋਡ, ਡਾਬਾ ਕਲੋਨੀ ਅਤੇ ਗਿੱਲ ਮਾਰਕੀਟ, ਨਿਊ ਜਨਤਾ ਨਗਰ ਵਿਖੇ ਸਥਾਪਤ ਕਰਨ ਨਾਲ ਸ਼ੁਰੂ ਹੋਇਆ, ਜੋ ਕਿ ਅਕਾਦਮਿਕ ਉੱਤਮਤਾ ਅਤੇ ਸੰਪੂਰਨ ਵਿਕਾਸ ਪ੍ਰਤੀ ਆਪਣੀ ਵਚਨਬੱਧਤਾ ਲਈ ਜਾਣੀ ਜਾਂਦੀ ਪ੍ਰਸਿੱਧ ਵਿਦਿਅਕ ਸੰਸਥਾ ਹੈ। ਇਸ ਮਜ਼ਬੂਤ ਨੀਂਹ 'ਤੇ ਨਿਰਮਾਣ ਕਰਦੇ ਹੋਏ, ਸ੍ਰੀ ਸੋਖੀ ਨੇ ਵੱਖ-ਵੱਖ ਵਪਾਰਕ ਖੇਤਰਾਂ ਵਿੱਚ ਵਿਭਿੰਨਤਾ ਲਿਆਂਦੀ, ਜਿਸ ਨਾਲ ਟੈਂਪਰਾ ਗਰੁੱਪ ਦੀ ਸਿਰਜਣਾ ਹੋਈ, ਜਿਸਦੀ ਅੱਜ ਰੀਅਲ ਅਸਟੇਟ, ਪ੍ਰਚੂਨ, ਪ੍ਰਾਹੁਣਚਾਰੀ ਅਤੇ ਜੀਵਨ ਸ਼ੈਲੀ ਦੇ ਉੱਦਮਾਂ ਵਿੱਚ ਮਹੱਤਵਪੂਰਨ ਮੌਜੂਦਗੀ ਹੈ। ਗੁਣਵੱਤਾ, ਨਵੀਨਤਾ ਅਤੇ ਭਾਈਚਾਰਕ ਵਿਕਾਸ ਪ੍ਰਤੀ ਉਨ੍ਹਾਂ ਦਾ ਸਮਰਪਣ ਸਮੂਹ ਦੇ ਵਿਕਾਸ ਅਤੇ ਸਫਲਤਾ ਨੂੰ ਅੱਗੇ ਵਧਾ ਰਿਹਾ ਹੈ। ਸ. ਪ੍ਰੇਮ ਸਿੰਘ ਸੋਖੀ ਦੇ ਨਾਲ-ਨਾਲ ਡਾਇਰੈਕਟਰ ਸ. ਤਾਜਬੀਰ ਸਿੰਘ ਸੋਖੀ ਅਤੇ ਸ. ਰਾਜਬੀਰ ਸਿੰਘ ਸੋਖੀ ਦੀ ਦੂਰਦਰਸ਼ੀ ਅਗਵਾਈ ਹੇਠ, ਸਮੂਹ ਮਾਡਲ ਟਾਊਨ ਲੁਧਿਆਣਾ ਵਿੱਚ ਟੈਂਪਰਾ ਟਾਵਰ, ਗੋਲਡਸਟ ਆਲਮਗੀਰ ਲੁਧਿਆਣਾ ਵਿਖੇ ਕਈ ਵਪਾਰਕ ਅਤੇ ਰਿਹਾਇਸ਼ੀ ਪ੍ਰੋਜੈਕਟਾਂ ਵਰਗੇ ਮਹੱਤਵਪੂਰਨ ਵਿਕਾਸਾਂ ਰਾਹੀਂ ਇੱਕ ਮਜ਼ਬੂਤ ਸਾਖ ਸਥਾਪਤ ਕਰਨਾ ਜਾਰੀ ਰੱਖਦਾ ਹੈ ਜਿਨ੍ਹਾਂ ਨੇ ਖੇਤਰ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਇਸ ਮੌਕੇ 'ਤੇ ਬੋਲਦਿਆਂ, ਪ੍ਰਬੰਧਕਾ ਨੇ ਲੁਧਿਆਣਾ ਦੇ ਲੋਕਾਂ ਲਈ ਜੀਵਨ ਸ਼ੈਲੀ, ਮਨੋਰੰਜਨ, ਫੈਸ਼ਨ ਅਤੇ ਪਰਿਵਾਰਕ ਸ਼ਮੂਲੀਅਤ ਨੂੰ ਇੱਕ ਮੰਜ਼ਿਲ ਦੇ ਤਹਿਤ ਜੋੜਨ ਵਾਲੇ ਬ੍ਰਾਂਡਾਂ ਰਾਹੀਂ ਵਿਸ਼ਵ ਪੱਧਰੀ ਅਨੁਭਵ ਪੈਦਾ ਕਰਨ ਦੇ ਆਪਣੇ ਦ੍ਰਿਸ਼ਟੀਕੋਣ ਨੂੰ ਸਾਂਝਾ ਕੀਤਾ। ਸ਼ਾਮ ਦਾ ਇੱਕ ਮੁੱਖ ਆਕਰਸ਼ਣ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ 50+ ਪ੍ਰਸਿੱਧ ਇਨਫਲੋਸਰਾ ਦੀ ਭਾਗੀਦਾਰੀ ਸੀ, ਜਿਨ੍ਹਾਂ ਨੇ ਲਾਂਚ ਵਿੱਚ ਸ਼ਿਰਕਤ ਕੀਤੀ ਅਤੇ ਵੱਖ-ਵੱਖ ਡਿਜੀਟਲ ਪਲੇਟਫਾਰਮਾਂ 'ਤੇ ਆਪਣੇ ਪੈਰੋਕਾਰਾਂ ਨਾਲ ਅਨੁਭਵ ਸਾਂਝਾ ਕੀਤਾ। 10 ਪੇਸ਼ੇਵਰ ਮਾਡਲਾਂ ਦੀ ਮੌਜੂਦਗੀ ਨਾਲ ਇਸ ਪ੍ਰੋਗਰਾਮ ਨੂੰ ਹੋਰ ਉੱਚਾ ਕੀਤਾ ਗਿਆ, ਜਿਸ ਨਾਲ ਇੱਕ ਜੀਵੰਤ ਅਤੇ ਗਲੈਮਰਸ ਮਾਹੌਲ ਬਣਿਆ। ਤਿੰਨ ਲਾਂਚਾਂ ਵਿੱਚੋਂ, ਦ ਪਲਸ ਬਾਰ ਐਂਡ ਬਰੂਅਰੀ ਇੱਕ ਪ੍ਰਮੁੱਖ ਆਕਰਸ਼ਣ ਵਜੋਂ ਉਭਰੀ ਕਿਉਂਕਿ ਦ ਪਲਸ ਮੁੱਲਾਂਪੁਰ, ਲੁਧਿਆਣਾ ਵਿੱਚ ਪਹਿਲਾ ਬਾਰ ਐਂਡ ਲਾਉਂਜ ਹੈ ਜਿਸਨੂੰ ਇੱਕ ਪ੍ਰੀਮੀਅਮ ਨਾਈਟ ਲਾਈਫ ਡੈਸਟੀਨੇਸ਼ਨ ਵਜੋਂ ਡਿਜ਼ਾਈਨ ਕੀਤਾ ਗਿਆ ਹੈ, ਦ ਪਲਸ ਦਾ ਉਦੇਸ਼ ਇੱਕ ਸੂਝਵਾਨ ਮਾਹੌਲ, ਕਿਉਰੇਟਿਡ ਰਸੋਈ ਅਨੁਭਵ, ਸਿਗਨੇਚਰ ਪੀਣ ਵਾਲੇ ਪਦਾਰਥ, ਲਾਈਵ ਸੰਗੀਤ ਅਤੇ ਉੱਚ-ਊਰਜਾ ਮਨੋਰੰਜਨ ਦੀ ਪੇਸ਼ਕਸ਼ ਕਰਕੇ ਲੁਧਿਆਣਾ ਦੇ ਮਨੋਰੰਜਨ ਦ੍ਰਿਸ਼ ਨੂੰ ਮੁੜ ਪਰਿਭਾਸ਼ਿਤ ਕਰਨਾ ਹੈ। ਆਪਣੇ ਸਮਕਾਲੀ ਡਿਜ਼ਾਈਨ ਅਤੇ ਵਿਸ਼ਵ-ਪੱਧਰੀ ਪਰਾਹੁਣਚਾਰੀ ਮਿਆਰਾਂ ਦੇ ਨਾਲ, ਦ ਪਲਸ ਸ਼ਹਿਰ ਦੇ ਅੰਦਰ ਇੱਕ ਉੱਚ ਪੱਧਰੀ ਨਾਈਟ ਲਾਈਫ ਅਨੁਭਵ ਦੀ ਮੰਗ ਕਰਨ ਵਾਲਿਆਂ ਲਈ ਇੱਕ ਪਸੰਦੀਦਾ ਸਥਾਨ ਬਣਨ ਦੀ ਉਮੀਦ ਹੈ।ਸਾਲਾਂ ਤੋਂ, ਬਹੁਤ ਸਾਰੇ ਨਿਵਾਸੀ ਪ੍ਰੀਮੀਅਮ ਨਾਈਟ ਲਾਈਫ ਅਨੁਭਵਾਂ ਦਾ ਆਨੰਦ ਲੈਣ ਲਈ ਚੰਡੀਗੜ੍ਹ ਜਾਂਦੇ ਹਨ ਹੁਣ ਹਲਵਾਰਾ ਹਵਾਈ ਅੱਡੇ ਦੇ ਨੇੜੇ ਦ ਪਲਸ ਦੇ ਆਉਣ ਨਾਲ, ਲੁਧਿਆਣਾ ਕੋਲ ਹੁਣ ਇੱਕ ਅਜਿਹੀ ਮੰਜ਼ਿਲ ਹੈ ਜੋ ਮਨੋਰੰਜਨ, ਪਰਾਹੁਣਚਾਰੀ ਅਤੇ ਜੀਵਨ ਸ਼ੈਲੀ ਦੇ ਤਜ਼ਰਬਿਆਂ ਦੇ ਇੱਕ ਤੁਲਨਾਤਮਕ ਪੱਧਰ ਨੂੰ ਘਰ ਦੇ ਨੇੜੇ ਲਿਆਉਂਦੀ ਹੈ।

ਇਹ ਲਾਂਚ ਟੈਂਪਰਾ ਗਰੁੱਪ ਦੀ ਪੰਜਾਬ ਵਿੱਚ ਨਵੀਨਤਾਕਾਰੀ ਸੰਕਲਪਾਂ ਅਤੇ ਪ੍ਰੀਮੀਅਮ ਬ੍ਰਾਂਡਾਂ ਨੂੰ ਲਿਆਉਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ ਜਦੋਂ ਕਿ ਸ਼ਹਿਰ ਦੀ ਵਿਕਸਤ ਹੋ ਰਹੀ ਜੀਵਨ ਸ਼ੈਲੀ ਪ੍ਰਣਾਲੀ ਵਿੱਚ ਯੋਗਦਾਨ ਪਾਉਂਦਾ ਹੈ। ਸ਼ਾਮ ਇੱਕ ਸ਼ਾਨਦਾਰ ਜਸ਼ਨ ਦੇ ਨਾਲ ਸਮਾਪਤ ਹੋਈ ਜਿਸ ਵਿੱਚ ਲਾਈਵ ਪ੍ਰਦਰਸ਼ਨ, ਨੈੱਟਵਰਕਿੰਗ ਮੌਕੇ ਅਤੇ ਹਾਜ਼ਰ ਸਾਰੇ ਮਹਿਮਾਨਾਂ ਲਈ



# ਪਨਬੱਸ-ਪੀਆਰਟੀਸੀ ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਹੜਤਾਲ ਦਾ ਐਲਾਨ

ਜ਼ਿਕਰ ਪੰਜਾਬ

**ਚੰਡੀਗੜ੍ਹ** : ਪਨਬੱਸ-ਪੀਆਰਟੀਸੀ ਕੰਟਰੈਕਟ ਵਰਕਰਜ਼ ਯੂਨੀਅਨ ਨੇ 22 ਜੂਨ ਨੂੰ ਹੋਣ ਵਾਲੀ ਆਪਣੀ ਹੜਤਾਲ ਨੂੰ ਦੋ ਦਿਨ ਵਧਾਉਣ ਦਾ ਫੈਸਲਾ ਕੀਤਾ ਹੈ। ਯੂਨੀਅਨ ਨੇ 24, 25 ਅਤੇ 26 ਜੂਨ ਨੂੰ ਪੰਜਾਬ ਭਰ ਵਿੱਚ ਸਰਕਾਰੀ ਬੱਸਾਂ ਨੂੰ ਰੋਕਣ ਅਤੇ ਮੁੱਖ ਮੰਤਰੀ ਦੀ ਰਿਹਾਇਸ਼ ਦੇ ਬਾਹਰ ਧਰਨਾ ਦੇਣ ਦੀ ਯੋਜਨਾ ਦਾ ਐਲਾਨ ਕੀਤਾ ਹੈ। ਯੂਨੀਅਨ ਨੇ ਕਿਹਾ ਕਿ ਇਹ ਫੈਸਲਾ ਨੀਟ ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਲਿਆ ਗਿਆ ਹੈ। ਸੂਬਾ ਪੱਧਰੀ ਮੀਟਿੰਗ ਵਿੱਚ ਯੂਨੀਅਨ ਦੇ ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਨੇ ਦੋਸ਼ ਲਗਾਇਆ ਕਿ ਸਰਕਾਰ ਕਰਮਚਾਰੀਆਂ ਦੀਆਂ ਮੰਗਾਂ ਨੂੰ ਲਾਗੂ ਕਰਨ ਦੀ ਬਜਾਏ ਲਗਾਤਾਰ ਅਣਦੇਖਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਚਾਰ ਸਾਲ ਤੋਂ ਵੱਧ ਸਮਾਂ ਬੀਤਣ ਦੇ ਬਾਵਜੂਦ, ਵਿਭਾਗ ਵਿੱਚ ਕਿਸੇ ਵੀ ਕਰਮਚਾਰੀ ਨੂੰ ਰੈਗੂਲਰ ਨਹੀਂ ਕੀਤਾ ਗਿਆ ਹੈ ਅਤੇ ਨਾ ਹੀ ਨਵੀਆਂ ਸਰਕਾਰੀ ਬੱਸਾਂ ਸ਼ਾਮਲ ਕੀਤੀਆਂ ਗਈਆਂ ਹਨ। ਇਸ ਦੇ ਉਲਟ, ਕਿਲੋਮੀਟਰ ਸਕੀਮ ਤਹਿਤ ਨਿੱਜੀ ਬੱਸਾਂ ਨੂੰ ਉਤਸ਼ਾਹਿਤ ਕਰਕੇ ਵਿਭਾਗ ਦੇ ਨਿੱਜੀਕਰਨ ਦੀ ਪ੍ਰਕਿਰਿਆ ਨੂੰ ਅੱਗੇ ਵਧਾਇਆ ਜਾ ਰਿਹਾ ਹੈ। ਸੂਬਾ ਜਨਰਲ ਸਕੱਤਰ ਸ਼ਮਸ਼ੇਰ ਸਿੰਘ ਢਿੱਲੋਂ ਨੇ ਕਿਹਾ ਕਿ ਯੂਨੀਅਨ ਨੇ ਵਿਦਿਆਰਥੀਆਂ ਦੇ ਹਿੱਤ ਵਿੱਚ ਹੜਤਾਲ ਨੂੰ ਦੋ ਦਿਨਾਂ ਲਈ ਮੁਲਤਵੀ ਕਰ ਦਿੱਤਾ ਹੈ, ਪਰ ਸਰਕਾਰ ਨੇ ਕਰਮਚਾਰੀਆਂ ਦੀਆਂ ਮੰਗਾਂ ਨੂੰ ਹੱਲ ਕਰਨ ਲਈ ਕੋਈ ਠੋਸ ਕਦਮ ਨਹੀਂ ਚੁੱਕੇ ਹਨ।

ਉਨ੍ਹਾਂ ਦੋਸ਼ ਲਾਇਆ ਕਿ ਨਿੱਜੀਕਰਨ ਦਾ ਵਿਰੋਧ ਕਰ ਰਹੇ ਕਰਮਚਾਰੀਆਂ ਦੀਆਂ ਆਵਾਜ਼ਾਂ ਨੂੰ ਕੈਦ ਕਰਕੇ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੀਨੀਅਰ ਮੀਤ ਪ੍ਰਧਾਨ ਹਰਕੇਸ਼ ਵਿੱਕੀ ਨੇ ਕਿਹਾ ਕਿ ਵਿਭਾਗ ਦੀਆਂ ਆਪਣੀਆਂ ਬੱਸਾਂ ਨੂੰ ਸਪੇਅਰ ਪਾਰਟਸ ਦੀ ਘਾਟ ਅਤੇ ਹੋਰ ਕਾਰਨਾਂ ਕਰਕੇ ਬੰਦ ਕੀਤਾ ਜਾ ਰਿਹਾ ਹੈ, ਜਦੋਂ ਕਿ ਪ੍ਰਾਈਵੇਟ ਕਿਲੋਮੀਟਰ ਸਕੀਮ ਅਧੀਨ ਬੱਸਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਨਾਲ ਸਰਕਾਰੀ ਆਵਾਜਾਈ ਪ੍ਰਣਾਲੀ ਕਮਜ਼ੋਰ ਹੋ ਰਹੀ ਹੈ ਅਤੇ ਪ੍ਰਾਈਵੇਟ ਆਪਰੇਟਰਾਂ ਨੂੰ ਫਾਇਦਾ ਹੋ ਰਿਹਾ ਹੈ। ਯੂਨੀਅਨ ਆਗੂਆਂ ਨੇ ਕਿਹਾ ਕਿ ਬਰਾਬਰ ਕੰਮ ਲਈ ਬਰਾਬਰ ਤਨਖਾਹ, ਕਰਮਚਾਰੀਆਂ ਨੂੰ ਨਿਯਮਤ ਕਰਨ, ਠੇਕੇ 'ਤੇ ਨੌਕਰੀ ਖਤਮ ਕਰਨ ਅਤੇ ਪਿਛਲੀਆਂ ਮੀਟਿੰਗਾਂ ਵਿੱਚ ਸਹਿਮਤ ਹੋਈਆਂ ਮੰਗਾਂ ਨੂੰ ਲਾਗੂ ਕਰਨ ਨਾਲ ਸਬੰਧਤ ਮੁੱਦੇ ਅਜੇ ਵੀ ਲਟਕ ਰਹੇ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਇਨ੍ਹਾਂ ਦਾ ਤੁਰੰਤ ਹੱਲ ਨਹੀਂ ਕੀਤਾ ਤਾਂ 24 ਤੋਂ 26 ਜੂਨ ਤੱਕ ਪੰਜਾਬ ਦੇ ਸਾਰੇ ਡਿਪੂਆਂ 'ਤੇ ਮੁਕੰਮਲ ਹੜਤਾਲ ਕੀਤੀ ਜਾਵੇਗੀ ਅਤੇ ਮੁੱਖ ਮੰਤਰੀ ਦੀ ਰਿਹਾਇਸ਼ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਖ਼ਤ ਪ੍ਰਤੀਕਿਰਿਆ

# ਮੁੱਖ ਮੰਤਰੀ ਮਾਨ ਤੋਂ ਅਹੁਦੇ ਤੋਂ ਅਸਤੀਫੇ ਦੀ ਮੰਗ

**ਅੰਮ੍ਰਿਤਸਰ** : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਵਿਸ਼ੇਸ਼ ਇਕੱਤਰਤਾ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਜੁੜੇ ਵਿਵਾਦਿਤ ਮਾਮਲੇ 'ਤੇ ਗੰਭੀਰ ਚਰਚਾ ਕੀਤੀ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਆਦੇਸ਼ ਦਾ ਸਤਿਕਾਰ ਕਰਦਿਆਂ ਮੁੱਖ ਮੰਤਰੀ ਤੋਂ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਦੀ ਮੰਗ ਕੀਤੀ ਗਈ। ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਭਗਵੰਤ ਮਾਨ ਨਾਲ ਸੰਬੰਧਤ ਸਾਹਮਣੇ ਆਈ ਇਤਰਾਜ਼ਯੋਗ ਵੀਡੀਓ ਵਿੱਚ ਕੀਤੀਆਂ ਹਰਕਤਾਂ ਨੇ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਗੰਭੀਰ ਠੇਸ ਪਹੁੰਚਾਈ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਮੁੱਖ ਮੰਤਰੀ ਨੂੰ ਆਪਣਾ ਪੱਖ ਰੱਖਣ ਅਤੇ ਮਾਮਲੇ ਦੀ ਜਾਂਚ ਲਈ ਪੂਰਾ ਮੌਕਾ ਦਿੱਤਾ ਸੀ, ਪਰ ਉਨ੍ਹਾਂ ਵੱਲੋਂ ਅਕਾਲ ਤਖ਼ਤ ਸਕੱਤਰੇਤ ਦੇ ਪੱਤਰਾਂ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦੀ ਸਰਬਉੱਚ ਅਥਾਰਟੀ ਹੈ ਅਤੇ ਇਸ ਦੇ ਹੁਕਮਾਂ ਦਾ ਸਤਿਕਾਰ ਕਰਨਾ ਹਰ ਸਿੱਖ ਦਾ ਫਰਜ਼ ਹੈ। ਉਨ੍ਹਾਂ ਦਲੀਲ ਦਿੱਤੀ ਕਿ ਜਦੋਂ ਪੰਜਾਬ ਦਾ ਮੁੱਖ ਮੰਤਰੀ ਹੀ ਸਿੱਖ ਧਾਰਮਿਕ ਭਾਵਨਾਵਾਂ ਨੂੰ ਆਹਤ ਕਰਨ ਵਾਲੇ ਵਿਵਾਦਾਂ ਵਿੱਚ ਘਿਰਿਆ ਹੋਵੇ ਤਾਂ ਉਹ ਸੂਬੇ ਦੀਆਂ ਧਾਰਮਿਕ ਕਦਰਾਂ-ਕੀਮਤਾਂ ਦੀ ਨੁਮਾਇੰਦਗੀ ਕਰਨ ਦਾ ਨੈਤਿਕ ਅਧਿਕਾਰ ਗੁਆ ਬੈਠਦਾ ਹੈ। ਇਸ ਲਈ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਦੀ ਰੌਸ਼ਨੀ ਵਿੱਚ ਭਗਵੰਤ ਮਾਨ ਨੂੰ ਮੁੱਖ ਮੰਤਰੀ ਦੇ ਅਹੁਦੇ 'ਤੇ ਬਣੇ ਰਹਿਣ ਦਾ ਕੋਈ ਹੱਕ ਨਹੀਂ। ਅੰਤ੍ਰਿੰਗ ਕਮੇਟੀ ਨੇ 27 ਜੂਨ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਇਕੱਤਰਤਾ ਬੁਲਾਉਣ ਦਾ ਵੀ ਫੈਸਲਾ ਕੀਤਾ ਹੈ, ਜਿਸ ਵਿੱਚ ਇਸ ਮਾਮਲੇ ਸੰਬੰਧੀ ਅਗਲੀ ਰਣਨੀਤੀ ਤਿਆਰ ਕੀਤੀ ਜਾਵੇਗੀ। ਇਸ ਦੇ ਨਾਲ ਹੀ ਪੰਜਾਬ ਦੇ ਹਰ ਹਲਕੇ ਵਿੱਚ ਵੱਡੇ ਇਕੱਠ ਕਰਕੇ ਸੰਗਤਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਪਾਲਣਾ ਲਈ ਜਾਗਰੂਕ ਕਰਨ ਦਾ ਐਲਾਨ ਵੀ ਕੀਤਾ ਗਿਆ।

ਐਡਵੋਕੇਟ ਧਾਮੀ ਨੇ ਬੇਅਦਬੀ ਰੋਕੂ ਕਾਨੂੰਨ ਸਬੰਧੀ ਚੱਲ ਰਹੀ ਚਰਚਾ 'ਤੇ ਵੀ ਆਪਣਾ ਪੱਖ ਰੱਖਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਕਾਨੂੰਨ ਦੀਆਂ ਕੁਝ ਇਤਰਾਜ਼ਯੋਗ ਧਾਰਾਵਾਂ ਵਿੱਚ ਸੋਧ ਦੀ ਮੰਗ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵਿਧਾਨ ਸਭਾ ਦੇ ਸਿੱਖ ਮੈਂਬਰਾਂ ਨੂੰ ਤਲਬ ਕੀਤਾ ਗਿਆ ਹੈ ਅਤੇ ਹਰ ਵਿਧਾਇਕ ਨੂੰ ਇਸ ਸੱਦੇ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਦੌਰਾਨ ਐਡਵੋਕੇਟ ਧਾਮੀ ਨੇ ਆਪਣੇ ਅਮਰੀਕਾ ਦੌਰੇ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੈਲੀਫੋਰਨੀਆ ਦੇ ਯੂਬਾ ਸਿਟੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਲਈ ਆਧੁਨਿਕ ਪ੍ਰੈੱਸ ਅਤੇ ਗੁਰਮਤਿ ਪ੍ਰਚਾਰ ਕੇਂਦਰ ਸਥਾਪਤ ਕਰਨ ਦੀ ਯੋਜਨਾ 'ਤੇ ਤੇਜ਼ੀ ਨਾਲ ਕੰਮ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ 14 ਏਕੜ ਜ਼ਮੀਨ 'ਤੇ ਬਣਨ ਵਾਲਾ ਇਹ ਕੇਂਦਰ ਵਿਦੇਸ਼ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪਹਿਲਾ ਅਧਿਕਾਰਕ ਪ੍ਰਚਾਰ ਅਤੇ ਪ੍ਰਕਾਸ਼ਨ ਕੇਂਦਰ ਹੋਵੇਗਾ, ਜਿਸ ਨਾਲ ਵਿਦੇਸ਼ਾਂ ਵਿੱਚ ਵਸਦੀਆਂ ਸਿੱਖ ਸੰਗਤਾਂ ਨੂੰ ਵੱਡੀ ਸਹੂਲਤ ਮਿਲੇਗੀ।



# ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅਕਾਲੀ ਦਲ ਦੀ ਪੰਜ ਮੈਂਬਰੀ ਤਾਲਮੇਲ ਕਮੇਟੀ ਦੀ ਅਹਿਮ ਬੈਠਕ, ਭਵਿੱਖੀ ਕਾਰਜ-ਯੋਜਨਾ 'ਤੇ ਹੋਈ ਚਰਚਾ



ਜ਼ਿਕਰ ਪੰਜਾਬ

**ਸ੍ਰੀ ਅਨੰਦਪੁਰ ਸਾਹਿਬ** : ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਗਠਿਤ ਕੀਤੀ ਗਈ ਪੰਜ ਮੈਂਬਰੀ ਤਾਲਮੇਲ ਕਮੇਟੀ ਦੀ ਇੱਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ। ਇਸ ਬੈਠਕ ਦਾ ਮੁੱਖ ਉਦੇਸ਼ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਕੀਤੇ ਗਏ ਹੁਕਮਨਾਮੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਵਾਉਣ ਅਤੇ ਇਸ ਸਬੰਧੀ ਸੰਗਤਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਅਗਲੇ ਕਦਮਾਂ ਬਾਰੇ ਵਿਚਾਰ-ਵਟਾਂਦਰਾ ਕਰਨਾ ਸੀ। ਮੀਟਿੰਗ ਵਿੱਚ ਕਮੇਟੀ ਦੇ ਮੈਂਬਰਾਂ ਮਹੇਸ਼ਇੰਦਰ ਸਿੰਘ ਗਰੇਵਾਲ, ਬਲਵਿੰਦਰ ਸਿੰਘ ਭੂੰਦੜ, ਡਾ. ਦਲਜੀਤ ਸਿੰਘ ਚੀਮਾ, ਗੁਲਜ਼ਾਰ ਸਿੰਘ ਰਣੀਕੇ ਅਤੇ ਅਮਰਜੀਤ ਸਿੰਘ ਚਾਵਲਾ ਤੋਂ ਇਲਾਵਾ ਕਈ ਧਾਰਮਿਕ, ਸਮਾਜਿਕ ਅਤੇ ਪੰਥਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਵੀ ਹਾਜ਼ਰੀ ਭਰੀ। ਬੈਠਕ ਦੌਰਾਨ ਇਹ ਫ਼ੈਸਲਾ ਲਿਆ ਗਿਆ ਕਿ ਹੁਕਮਨਾਮੇ ਦੇ ਮਹੱਤਵ ਅਤੇ ਇਸ ਦੀ ਪਾਲਣਾ ਬਾਰੇ ਲੋਕਾਂ ਨੂੰ ਜਾਣੂ ਕਰਵਾਉਣ ਲਈ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ। ਮੀਟਿੰਗ ਉਪਰੰਤ ਮੀਡੀਆ ਨਾਲ ਗੱਲਬਾਤ ਕਰਦਿਆਂ ਕਮੇਟੀ ਮੈਂਬਰਾਂ ਨੇ ਕਿਹਾ ਕਿ ਇਹ ਮੁੱਦਾ ਕਿਸੇ ਇੱਕ ਸਿਆਸੀ ਧਿਰ ਨਾਲ ਸੰਬੰਧਿਤ ਨਹੀਂ, ਸਗੋਂ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਅਤੇ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਮੁਹਿੰਮ ਨੂੰ ਹੋਰ ਵਿਆਪਕ ਬਣਾਉਣ ਲਈ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਨਾਲ-ਨਾਲ ਹੋਰ ਸਿਆਸੀ ਪਾਰਟੀਆਂ ਨਾਲ ਵੀ ਸੰਪਰਕ ਕੀਤਾ ਜਾਵੇਗਾ ਤਾਂ ਜੋ ਸਾਂਝੇ ਤੌਰ 'ਤੇ ਹੁਕਮਨਾਮੇ ਦੀ ਪਾਲਣਾ ਯਕੀਨੀ ਬਣਾਈ ਜਾ ਸਕੇ। ਆਗੂਆਂ ਨੇ ਇਹ ਵੀ ਕਿਹਾ ਕਿ ਜਿੱਥੇ-ਜਿੱਥੇ ਪੰਜਾਬ ਦੇ ਮੁੱਖ ਮੰਤਰੀ ਦੇ ਜਨਤਕ ਪ੍ਰੋਗਰਾਮ ਹੋਣਗੇ, ਉੱਥੇ ਸੰਗਤਾਂ ਨੂੰ ਸ਼ਾਂਤਮਈ ਅਤੇ ਲੋਕਤੰਤਰੀ ਢੰਗ ਨਾਲ ਆਪਣਾ ਵਿਰੋਧ ਦਰਜ ਕਰਵਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦੀ ਸਰਵਉੱਚ ਧਾਰਮਿਕ ਅਥਾਰਟੀ ਹੈ ਅਤੇ ਇਸ ਦੇ ਹੁਕਮਾਂ ਦੀ ਪਾਲਣਾ ਕਰਨਾ ਹਰ ਸਿੱਖ ਦੀ ਜ਼ਿੰਮੇਵਾਰੀ ਹੈ। ਕਮੇਟੀ ਮੈਂਬਰਾਂ ਨੇ ਦਾਅਵਾ ਕੀਤਾ ਕਿ ਆਉਣ ਵਾਲੇ ਸਮੇਂ ਦੌਰਾਨ ਵੱਖ-ਵੱਖ ਜਥੇਬੰਦੀਆਂ ਨਾਲ ਲਗਾਤਾਰ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ।

# ਨਿਊਯਾਰਕ ਦੇ ਵਿਸ਼ਵ ਪ੍ਰਸਿੱਧ ਐਮਐਸਕੇਸੀਸੀ ਵਿੱਚ ਉੱਚ ਪੱਧਰੀ ਟ੍ਰੇਨਿੰਗ ਪੂਰੀ ਕਰਕੇ ਡੀਐਮਸੀਐੱਚ ਦੇ ਡਾ. ਅਨੁਭਵ ਸ਼ਰਮਾ ਨੇ ਹਾਸਲ ਕੀਤੀ ਵਿਸ਼ੇਸ਼ ਉਪਲਬਧੀ

ਜ਼ਿਕਰ ਪੰਜਾਬ

**ਲੁਧਿਆਣਾ/ਤਮੰਨਾ ਬੇਦੀ**

ਉੱਤਰੀ ਭਾਰਤ ਵਿੱਚ ਹੱਡੀਆਂ ਦੇ ਕੈਂਸਰ ਦੇ ਇਲਾਜ ਨੂੰ ਹੋਰ ਮਜ਼ਬੂਤੀ ਮਿਲਣ ਜਾ ਰਹੀ ਹੈ ਕਿਉਂਕਿ ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਲੁਧਿਆਣਾ ਦੇ ਆਰਥੋਪੀਡਿਕ ਔਨਕੋਸਰਜਨ ਡਾ. ਅਨੁਭਵ ਸ਼ਰਮਾ ਨੇ ਅਮਰੀਕਾ ਦੇ ਨਿਊਯਾਰਕ ਸਥਿਤ ਮੈਮੋਰੀਅਲ ਸਲੋਨ ਕੇਟਰਿੰਗ ਕੈਂਸਰ ਸੈਂਟਰ ਵਿੱਚ ਪ੍ਰਤਿਸ਼ਠਿਤ ਕਲੀਨਿਕਲ ਅਬਜ਼ਰਵਰਸ਼ਿਪ ਸਫਲਤਾਪੂਰਵਕ ਪੂਰੀ ਕੀਤੀ ਹੈ। ਮੈਮੋਰੀਅਲ ਸਲੋਨ ਕੇਟਰਿੰਗ ਕੈਂਸਰ ਸੈਂਟਰ ਨੂੰ ਦੁਨੀਆ ਦੇ ਸਭ ਤੋਂ ਅਗੇਤੜ ਕੈਂਸਰ ਹਸਪਤਾਲਾਂ ਵਿੱਚ ਗਿਣਿਆ ਜਾਂਦਾ ਹੈ। ਇਸ ਵਿਸ਼ੇਸ਼ ਟ੍ਰੇਨਿੰਗ ਦੌਰਾਨ ਡਾ. ਸ਼ਰਮਾ ਨੇ ਐਮ ਐਸ ਕੇ ਸੀ ਸੀ ਦੀ ਆਰਥੋਪੀਡਿਕ ਸਰਜਰੀ ਵਿਭਾਗ ਦੀ ਮੁਖੀ ਡਾ. ਕੈਰੋਲ ਮੋਰਿਸ ਦੀ ਰਹਿਨੁਮਾਈ ਹੇਠ ਕੰਮ ਕੀਤਾ। ਪ੍ਰੋਗਰਾਮ ਦਾ ਮੁੱਖ ਕੇਂਦਰ ਜਟਿਲ ਹੱਡੀ ਅਤੇ ਨਰਮ ਟਿਸ਼ੂ ਟਿਊਮਰਾਂ ਲਈ ਉੱਨਤ ਸਰਜੀਕਲ ਯੋਜਨਾਬੰਦੀ ਅਤੇ ਇਲਾਜੀ ਤਕਨੀਕਾਂ ਸਨ। ਇਸ ਦੌਰਾਨ ਉਨ੍ਹਾਂ ਨੇ ਬਹੁ-ਵਿਭਾਗੀ ਟਿਊਮਰ ਬੋਰਡ ਚਰਚਾਵਾਂ, ਸਬੂਤ-ਅਧਾਰਿਤ ਫ਼ੈਸਲੇ, ਉੱਚ ਪੱਧਰੀ ਇਮੇਜਿੰਗ ਤਕਨਾਲੋਜੀ ਅਤੇ ਮਰੀਜ਼-ਕੇਂਦਰਿਤ ਇਲਾਜ ਪ੍ਰਣਾਲੀਆਂ ਬਾਰੇ ਡੂੰਘੀ ਜਾਣਕਾਰੀ ਹਾਸਲ ਕੀਤੀ। ਡਾ. ਸ਼ਰਮਾ ਦੀ ਕਾਰਗੁਜ਼ਾਰੀ ਨੂੰ ਐਮ ਏਸ ਕੇ ਸੀ ਸੀ ਦੇ ਮਾਹਿਰਾਂ ਵੱਲੋਂ ਵੀ ਖੂਬ ਸਰਾਹਿਆ ਗਿਆ। ਡਾ. ਕੈਰੋਲ ਮੋਰਿਸ ਨੇ ਆਪਣੇ ਮੁਲਾਂਕਣ ਵਿੱਚ ਉਨ੍ਹਾਂ ਦੀ ਜਟਿਲ ਆਰਥੋਪੀਡਿਕ ਔਨਕੋਲੋਜੀ ਮਾਮਲਿਆਂ ਬਾਰੇ ਗਹਿਰੀ ਸਮਝ ਅਤੇ ਉੱਚ ਪੱਧਰੀ ਸਰਜੀਕਲ ਧਾਰਣਾਵਾਂ ਨੂੰ ਤੇਜ਼ੀ ਨਾਲ ਅਪਣਾਉਣ ਦੀ ਸਮਰੱਥਾ ਦੀ ਸ਼ਲਾਘਾ ਕੀਤੀ। ਆਪਣੇ ਤਜਰਬੇ ਬਾਰੇ ਗੱਲ ਕਰਦਿਆਂ ਡਾ. ਅਨੁਭਵ ਸ਼ਰਮਾ ਨੇ ਕਿਹਾ ਕਿ ਉਕਤ ਸੈਂਟਰ ਵਿੱਚ ਟ੍ਰੇਨਿੰਗ ਉਨ੍ਹਾਂ ਲਈ ਬਹੁਤ ਹੀ ਬਦਲਾਅਕਾਰੀ ਅਨੁਭਵ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਇਸ ਤਜਰਬੇ ਨੇ ਉਨ੍ਹਾਂ ਨੂੰ ਆਧੁਨਿਕ ਸਰਜੀਕਲ ਤਕਨੀਕਾਂ, ਪ੍ਰਿਸੀਜ਼ਨ ਔਨਕੋਲੋਜੀ ਅਤੇ ਬਹੁ-ਵਿਭਾਗੀ ਸਹਿਯੋਗ ਦੀ ਮਹੱਤਤਾ ਨੂੰ ਹੋਰ ਨੇੜੇ ਤੋਂ ਸਮਝਣ ਦਾ ਮੌਕਾ ਦਿੱਤਾ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਇਹ ਸਿੱਖਿਆ ਡੀ ਐਮ ਸੀ ਐੱਚ ਦੇ ਮਰੀਜ਼ਾਂ ਨੂੰ ਵਿਸ਼ਵ-ਪੱਧਰੀ ਇਲਾਜ ਪ੍ਰਦਾਨ ਕਰਨ ਵਿੱਚ ਮਦਦਗਾਰ ਸਾਬਤ ਹੋ। ਇਸ ਮੌਕੇ ਡੀਐਮਸੀ ਐਂਡ ਐਚ ਮੈਨੇਜਿੰਗ ਸੋਸਾਇਟੀ ਦੇ ਸਕੱਤਰ ਬਿਪਿਨ ਗੁਪਤਾ ਨੇ ਕਿਹਾ ਕਿ ਇਹ ਉਪਲਬਧੀ ਨਾ ਸਿਰਫ਼ ਡੀ ਐਮ ਸੀ ਐੱਚ ਲਈ ਸਗੋਂ ਉੱਤਰੀ ਭਾਰਤ ਵਿੱਚ ਆਰਥੋਪੀਡਿਕ ਕੈਂਸਰ ਦੇ ਇਲਾਜ ਲਈ ਵੀ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਉੱਥੇ ਹੀ ਪ੍ਰਿੰਸੀਪਲ ਡਾ. ਗੁਰਪ੍ਰੀਤ ਵਾਂਡਰ ਨੇ ਕਿਹਾ ਕਿ ਵਿਸ਼ਵ ਪ੍ਰਸਿੱਧ ਸੰਸਥਾਨ ਤੋਂ ਪ੍ਰਾਪਤ ਗਿਆਨ ਅਤੇ ਤਜਰਬਾ ਮਰੀਜ਼ਾਂ ਦੀ ਸੰਭਾਲ, ਸਿੱਖਿਆ ਅਤੇ ਖੋਜ ਦੇ ਮਾਪਦੰਡਾਂ ਨੂੰ ਹੋਰ ਉੱਚਾ ਚੁੱਕਣ ਵਿੱਚ ਸਹਾਇਕ ਹੋਵੇਗਾ। ਉਨ੍ਹਾਂ ਕਿਹਾ ਕਿ ਡਾ. ਸ਼ਰਮਾ ਦੀ ਇਹ ਉਪਲਬਧੀ ਡੀ ਐਮ ਸੀ ਐੱਚ ਦੀ ਅੰਤਰਰਾਸ਼ਟਰੀ ਪੱਧਰ ਦੀ ਸਿੱਖਿਆ ਅਤੇ ਸਿਹਤ ਸੇਵਾਵਾਂ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀ ਹੈ।



# ਜਵੱਦੀ ਟਕਸਾਲ ਵਿਖੇ ਲਾਸਾਨੀ ਸਿੱਖ ਸ਼ਹੀਦੀ ਦੇ ਮੋਢੀ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਹੋਏ

ਜ਼ਿਕਰ ਪੰਜਾਬ

**ਲੁਧਿਆਣਾ/ਪ੍ਰਿਤਪਾਲ ਸਿੰਘ ਪਾਲੀ**

ਸੇਵਾ, ਕੁਰਬਾਨੀ ਤੇ ਸ਼ਹੀਦੀ ਸਿੱਖ ਜੀਵਨ ਜਾਂਚ ਦਾ ਅਨਿੱਖੜਵਾਂ ਅੰਗ ਹਨ। ਅਸੀਂ ਸ਼ਹੀਦ, ਸ਼ਹੀਦੀ ਤੇ ਸ਼ਹਾਦਤ ਦੇ ਸ਼ਬਦ ਆਮ ਤੌਰ ਤੇ ਵਰਤਦੇ ਹੀ ਰਹਿੰਦੇ ਹਾਂ, ਪਰ ਸਾਨੂੰ ਇਹ ਵੀ ਜਾਣਨਾ ਚਾਹੀਦਾ ਹੈ ਕਿ ਸ਼ਹੀਦ ਪੰਜਾਬੀ, ਹਿੰਦੀ, ਉਰਦੂ ਤੇ ਸੰਸਕ੍ਰਿਤ ਦਾ ਸ਼ਬਦ ਨਹੀਂ, ਇਹ ਅਰਬੀ ਦਾ ਲਫਜ਼ ਹੈ ਜਿਸ ਦਾ ਅਰਥ ਹੈ ਗਵਾਹ ਤੇ ਖਾਸ ਕਰਕੇ ਚਸ਼ਮਦੀਦ ਗਵਾਹ ਭਾਵ ਆਈ ਵਿਟਨੈਸ। ਉਪਰੋਕਤ ਵਿਚਾਰ ਜਵੱਦੀ ਟਕਸਾਲ ਵਿਖੇ ਲਾਸਾਨੀ ਸਿੱਖ ਸ਼ਹੀਦੀ ਦੇ ਮੋਢੀ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਮੌਕੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਜਵੱਦੀ ਟਕਸਾਲ ਦੇ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ ਨੇ ਸ਼ਹੀਦ ਦੇ ਅਰਥ ਸਮਝਾਉਂਦਿਆਂ ਕਿਹਾ ਸ਼ਹੀਦ ਦਾ ਬਹੁਵਚਨ ਸਹੂਦ ਹੈ। ਸ਼ਹੀਦ ਦੇ ਮਨੋਰਥ ਦੀ ਪੂਰੀ ਸ਼ਹਾਦਤ ਜਾਂ ਸ਼ਾਹਦੀ ਹੈ ਕਦੇ ਵੀ ਨਾ ਡੋਲਣ ਵਾਲੀ ਗਵਾਹੀ ਤੇ ਗਵਾਹ ਨੂੰ ਸ਼ਾਹਦ ਕਹਿੰਦੇ ਹਨ। ਅਰਬੀ ਚੋਂ ਆ ਕੇ ਇਹ ਸ਼ਬਦ ਫਾਰਸੀ ਵਿੱਚ ਵੀ ਆਮ ਵਰਤਿਆ ਗਿਆ।



ਬਾਬਾ ਜੀ ਨੇ ਗਵਾਹੀ ਨੂੰ ਵਿਸਥਾਰ ਨਾਲ ਸਮਝਾਉਂਦਿਆਂ ਦੱਸਿਆ ਕਿ ਕਿਸੇ ਖੁਦਗਰਜ, ਦੁਨਿਆਵੀ ਝਗੜੇ ਦੀ ਨਹੀਂ, ਨਾ ਸ਼ਰੀਕੇ -ਬਰੀਕੇ ਜਾਂ ਲਾਗਤਬਾਜੀ ਦੇ ਕਚਹਿਰੀਆਂ ਦੇ ਰਬੇੜੇ ਦੀ ਬਿਲਕੁਲ ਨਹੀਂ। ਸ਼ਹੀਦੀ ਜਾਂ ਸ਼ਹਾਦਤ ਕਿਸੇ ਜਾਤੀ ਗਰਜ ਤੋਂ ਉੱਤੇ ਉੱਠ ਕੇ ਕੋਈ ਧਾਰਮਿਕ ਤੇ ਆਤਮਕ ਆਦਰਸ਼ ਤੇ ਮਨੋਰਥ ਸਬੰਧੀ ਹੁੰਦਾ ਹੈ। ਸ਼ਹੀਦ ਦਾ ਇੱਕ ਖਾਸ ਅਕੀਦਾ, ਭਰੋਸਾ, ਨਿਸ਼ਚਾ, ਵਿਸ਼ਵਾਸ ਤੇ ਖਾਸ ਵਿਚਾਰਧਾਰਾ ਦਾ ਅਟੁੱਟ ਰਿਸ਼ਤਾ ਹੁੰਦਾ ਹੈ। ਜਿਸ ਨੂੰ ਉਹ ਕਿਸੇ ਵੀ ਕੀਮਤ ਤੇ ਤੋੜਨਾ ਨਹੀਂ ਚਾਹੁੰਦਾ ਤੇ ਨਾ ਹੀ ਕਿਸੇ ਦੇ ਜਬਰ ਰਾਹੀਂ ਟੁੱਟਦਾ ਹੈ। ਸ਼ਹੀਦ ਆਪਣੀ ਵਿਚਾਰਧਾਰਾ ਤੇ ਵਿਸ਼ਵਾਸ ਦਾ ਆਪ ਗਵਾਹ ਹੁੰਦਾ ਹੈ ਅਤੇ ਆਪਣੀ ਜਾਨ ਦੀ ਕੁਰਬਾਨੀ ਦੇ ਕੇ ਇਸ ਦਾ ਗਵਾਹ ਬਣ ਸ਼ਹੀਦ ਜਾਂ ਸ਼ਾਹਦ ਬਣਦਾ ਹੈ। ਉਹ ਆਪਣੇ ਵਿਸ਼ਵਾਸ ਨੂੰ ਬਰਕਰਾਰ ਰੱਖਣ ਲਈ ਜਾਨ ਦੀ ਬਾਜੀ ਲਾ ਦਿੰਦਾ ਹੈ ਤੇ ਕਿਸੇ ਦੀ ਮਦਦ ਦੀ ਆਪਣੀ ਪਿੱਠ ਤੇ ਆਸ ਰੱਖ ਕੇ ਨਹੀਂ ਤੇ ਨਾ ਹੀ ਕਿਸੇ ਧੜੇ ਹੱਲਾਸ਼ੇਰੀ 'ਤੇ। ਉਹ ਤਾਂ ਆਪਣੀ ਆਤਮਿਕ ਸ਼ਕਤੀ ਦੇ ਬਲ 'ਤੇ ਇਕੱਲ-ਮ-ਕੱਲਾ ਹੀ ਮੌਤ ਨੂੰ ਮਿੱਤਰਾ ਸਮਝ ਕੇ ਜੱਫੀ ਪਾ ਲੈਂਦਾ ਹੈ। ਬਾਬਾ ਜੀ ਨੇ ਜੋਰ ਦਿੰਦਿਆਂ ਕਿਹਾ ਦੁਨੀਆਂ ਦੇ ਇਤਿਹਾਸ ਵਿੱਚ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤੱਤੀ ਤਵੀ ਦੇ ਬਹਿ ਕੇ ਆਖਰੀ ਸਵਾਸ ਤੱਕ ÷ਤੇਰਾ ਕੀਆ ਮੀਠਾ ਲਾਗੇ÷ ਕਹਿੰਦੇ ਰਹੇ, ਦੂਜੇ ਸ਼ਹੀਦ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੀ ਇਸ ਤਰ੍ਹਾਂ ਹੀ ਪਿੜ ਕੇ ਕਸਟ ਦਾ ਸਾਹਮਣਾ ਕੀਤਾ ਤੇ ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਛੋਟੇ ਸਹਿਬਜ਼ਾਦਿਆਂ ਨੇ ਇਸੇ ਤਰ੍ਹਾਂ ਲੱਖਾਂ ਸ਼ਹੀਦਾਂ ਨੇ ਵੀ ਹੱਸ ਕੇ ਇੱਕ-ਇੱਕ ਦੂਜੇ ਨਾਲੋਂ ਅੱਗੇ ਹੋ ਕੇ ਮੌਤ ਨਾਲ ਮਿਲਣੀ ਕੀਤੀ ਤੇ ਰੱਬ ਦੇ ਛੱਡ ਜਾਣ ਦੇ ਗਿਲੇ ਦੀ ਥਾਂ ਸ਼ਹਾਦਤ ਨੂੰ ਆਪਣਾ ਮਹਿਬੂਬ ਰੱਬ ਨਾਲ ਸਮਾ ਜਾਣਾ ਜਾਂ ਲੀਨ ਹੋਣਾ ਸਮਝਿਆ। ਸਮਾਗਮ ਦੌਰਾਨ ਟਕਸਾਲ ਦੇ ਹੋਣਹਾਰ ਵਿ?ਦਆਰਥੀਆਂ ਨੇ ਗੁਰਬਾਣੀ ਸ਼ਬਦ ਕੀਰਤਨ ਕਰਦਿਆਂ, ਗੁਰਬਾਣੀ ਪਾਠ ਕਰਦਿਆਂ, ਸੇਵਾਵਾਂ ਨਿਭਾਉਂਦਿਆਂ ਹਾਜ਼ਰੀ ਲਵਾਈ। ਦਿਨ ਭਰ ਗੁੰਦ-ਕਤੀਰਾ ਤੇ ਸ਼ਰਬਤ ਵਾਲੀ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਛੋਲਿਆਂ ਦੇ ਲੰਗਰ ਵਰਤਾਏ ਗਏ।

# ਲੁਧਿਆਣਾ-ਦਿੱਲੀ ਹਾਈਵੇ 'ਤੇ ਬੀਜਾ ਨੇੜੇ ਬੱਸ ਨੂੰ ਅੱਗ ਲੱਗੀ, ਮੁਸਾਫ਼ਰਾਂ ਖਿੜਕੀਆਂ ਚੋਂ ਛਾਲਾਂ ਮਾਰ ਕੇ ਬਚਾਈ ਜਾਨ

ਜ਼ਿਕਰ ਪੰਜਾਬ

**ਖੰਨਾ/ਮਨਜੀਤ ਸਿੰਘ ਧੀਮਾਨ**

ਪਾਇਲ ਤੋਂ ਕਰੀਬ 6 ਕਿਲੋਮੀਟਰ ਦੂਰ ਬੀਜਾ ਪਿੰਡ ਨੇੜੇ ਨੈਸ਼ਨਲ ਦਿੱਲੀ ਹਾਈਵੇਅ 'ਤੇ ਉਸ ਵੇਲੇ ਹੜਕੰਪ ਮਚ ਗਿਆ, ਜਦੋਂ ਯਾਤਰੀਆਂ ਨਾਲ ਭਰੀ ਇੱਕ ਬੱਸ ਨੂੰ ਅਚਾਨਕ ਭਿਆਨਕ ਅੱਗ ਲੱਗ ਗਈ। ਜਲੰਧਰ ਤੋਂ ਉੱਤਰ ਪ੍ਰਦੇਸ਼ ਦੇ ਗੋਂਡਾ ਜ਼ਿਲ੍ਹੇ ਵੱਲ ਜਾ ਰਹੀ ਇਸ ਬੱਸ ਵਿੱਚ ਔਰਤਾਂ, ਬੱਚਿਆਂ ਅਤੇ ਕਈ ਪਰਿਵਾਰਾਂ ਸਮੇਤ ਕਰੀਬ 80 ਯਾਤਰੀ ਸਵਾਰ ਸਨ। ਜਦੋਂ ਬੱਸ ਖੰਨਾ ਨੇੜੇ ਪਿੰਡ ਬੀਜਾ ਕੋਲ ਪਹੁੰਚੀ ਤਾਂ ਇਸ ਨੂੰ ਅਚਾਨਕ ਅੱਗ ਲੱਗ ਗਈ ਅਤੇ ਦੇਖਦੇ ਹੀ ਦੇਖਦੇ ਅੱਗ ਨੇ ਪੂਰੀ ਬੱਸ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਬੱਸ ਦੇ ਡਰਾਈਵਰ ਅਤੇ ਕੰਡਕਟਰ ਨੇ ਤੁਰੰਤ ਸੂਝ-ਬੂਝ ਦਿਖਾਉਂਦੇ ਹੋਏ ਬੱਸ ਨੂੰ ਸੜਕ ਕਿਨਾਰੇ ਰੋਕਿਆ ਅਤੇ ਯਾਤਰੀਆਂ ਨੂੰ ਸੁਰੱਖਿਅਤ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ, ਜਿਸ ਕਾਰਨ ਇੱਕ ਬਹੁਤ ਵੱਡਾ ਹਾਦਸਾ ਹੋਣੋਂ ਟਲ ਗਿਆ। ਅੱਗ ਲੱਗਣ ਦੀ ਸੂਚਨਾ ਮਿਲਦੇ ਹੀ ਬੱਸ ਵਿੱਚ ਸਵਾਰ ਯਾਤਰੀਆਂ ਵਿੱਚ ਭਗਦੜ ਮਚ ਗਈ ਅਤੇ ਕਈ ਯਾਤਰੀ ਆਪਣੀ ਜਾਨ ਬਚਾਉਣ ਲਈ ਜਲਦਬਾਜ਼ੀ ਵਿੱਚ ਬੱਸ ਦੀਆਂ ਖਿੜਕੀਆਂ ਵਿੱਚੋਂ ਹੇਠਾਂ ਉੱਤਰੇ। ਇਸ ਦੌਰਾਨ ਕੁੱਝ ਲੋਕਾਂ ਨੂੰ ਮਾਮੂਲੀ ਸੱਟਾਂ



ਲੱਗਣ ਅਤੇ ਝੁਲਸਣ ਦੀਆਂ ਸ਼ਿਕਾਇਤਾਂ ਮਿਲੀਆਂ, ਜਿਨ੍ਹਾਂ ਨੂੰ ਮੌਕੇ 'ਤੇ ਹੀ ਮੁੱਢਲੀ ਸਹਾਇਤਾ ਦਿੱਤੀ ਗਈ।ਘਟਨਾ ਦੀ ਜਾਣਕਾਰੀ ਮਿਲਦੀ ਸਾਰ ਪੁਲੀਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਐੱਸਡੀਐੱਮ ਖੰਨਾ ਸਵਾਤੀ ਟਿਵਾਣਾ ਨੇ ਖ਼ੁਦ ਘਟਨਾ ਸਥਾਨ 'ਤੇ ਪੁੱਜ ਕੇ ਰਾਹਤ ਅਤੇ ਬਚਾਅ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਪ੍ਰਭਾਵਿਤ ਯਾਤਰੀਆਂ ਲਈ ਲੋੜੀਂਦੀ ਸਹਾਇਤਾ ਤੇ ਉਨ੍ਹਾਂ ਨੂੰ ਸੁਰੱਖਿਅਤ ਥਾਵਾਂ ਤੱਕ ਪਹੁੰਚਾਉਣ ਦੇ ਪ੍ਰਬੰਧ ਕੀਤੇ। ਫਾਇਰ ਬ੍ਰਿਗੇਡ ਦੀਆਂ ਟੀਮਾਂ ਨੇ ਕਾਫ਼ੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ, ਪਰ ਉਦੋਂ ਤੱਕ ਬੱਸ ਅਤੇ ਯਾਤਰੀਆਂ ਦਾ ਸਾਰਾ ਸਾਮਾਨ ਸੜ ਕੇ ਸੁਆਹ ਹੋ ਚੁੱਕਾ ਸੀ। ਹਾਦਸੇ ਵਿੱਚ ਕਿਸੇ ਜਾਨੀ ਨੁਕਸਾਨ ਦੀ ਸੂਚਨਾ ਨਹੀਂ ਹੈ, ਹਾਲਾਂਕਿ ਯਾਤਰੀਆਂ ਨੂੰ ਭਾਰੀ ਆਰਥਿਕ ਨੁਕਸਾਨ ਝੱਲਣਾ ਪਿਆ ਹੈ। ਪੁਲੀਸ ਵੱਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਮੁੱਢਲੀ ਜਾਂਚ ਵਿੱਚ ਅੱਗ ਲੱਗਣ ਦਾ ਕਾਰਨ ਤਕਨੀਕੀ ਖ਼ਰਾਬੀ ਮੰਨਿਆ ਜਾ ਰਿਹਾ ਹੈ। ਪੁਲੀਸ ਚੌਂਕੀ ਕੋਟਾਂ ਦੇ ਇੰਚਾਰਜ਼ ਕਰਮਜੀਤ ਸਿੰਘ ਭੜੀ ਨੇ ਦੱਸਿਆ ਕਿ ਬੱਸ ਨੂੰ ਅੱਗ ਲੱਗਣ ਦੇ ਅਸਲ ਕਾਰਨਾਂ ਦਾ ਹਾਲੇ ਪੂਰੀ ਤਰ੍ਹਾਂ ਪਤਾ ਨਹੀਂ ਲੱਗ ਸਕਿਆ ਹੈ ਅਤੇ ਇਸ ਸਬੰਧੀ ਬਾਰੀਕੀ ਨਾਲ ਜਾਂਚ ਪੜਤਾਲ ਕੀਤੀ ਜਾ ਰਹੀ ਹੈ।

# ਐਸ.ਆਈ.ਆਰ-2026 ਤਹਿਤ ਬੂਥ ਲੈਵਲ ਏਜੰਟਾਂ ਦੀ ਟ੍ਰੇਨਿੰਗ ਕਰਵਾਈ ਗਈ

ਜ਼ਿਕਰ ਪੰਜਾਬ

**ਲੁਧਿਆਣਾ/ਮਨਜੀਤ ਸਿੰਘ ਧੀਮਾਨ**

ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫਸਰ ਲੁਧਿਆਣਾ ਸ਼ਿਖਾ ਭਗਤ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ)-2026 ਤਹਿਤ ਜ਼ਿਲ੍ਹਾ ਲੁਧਿਆਣਾ ਦੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਵੱਲੋਂ ਨਾਮਜ਼ਦ ਕੀਤੇ ਗਏ ਬੂਥ ਲੈਵਲ ਏਜੰਟਾਂ (ਬੀ.ਐਲ.ਏਜ਼) ਦੀ ਟ੍ਰੇਨਿੰਗ 20 ਅਤੇ 21 ਜੂਨ ਨੂੰ ਕਰਵਾਈ ਗਈ। ਇਸ ਟ੍ਰੇਨਿੰਗ ਸੈਸ਼ਨ ਦੀ ਅਗਵਾਈ ਜ਼ਿਲ੍ਹਾ ਲੁਧਿਆਣਾ ਦੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੇ ਚੋਣਕਾਰ ਰਜਿਸਟ?ਰੇਸ਼ਨ ਅਫ਼ਸਰਾਂ ਨੇ ਕੀਤੀ। ਟ੍ਰੇਨਿੰਗ ਦੌਰਾਨ ਬੂਥ ਲੈਵਲ ਏਜੰਟਾਂ (ਬੀ.ਐਲ.ਏਜ਼) ਨੂੰ ਸਪੈਸ਼ਲ ਇੰਟੈਂਸਿਵ ਰਿਵੀਜ਼ਨ 2026 ਦੇ ਸਮੁੱਚੇ ਪ੍ਰੋਗਰਾਮ, ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਅਤੇ ਵੋਟਰ ਸੂਚੀਆਂ ਦੀ ਸ਼ੁੱਧਤਾ ਨੂੰ ਯਕੀਨੀ ਬਣਾਉਣ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਵਧੀਕ ਜ਼ਿਲ੍ਹਾ ਚੋਣ ਅਫਸਰ ਸ਼ਿਖਾ ਭਗਤ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਨੂੰ ਹੋਰ ਵਧੇਰੇ ਸਹੀ, ਪਾਰਦਰਸ਼ੀ ਅਤੇ ਅਪਡੇਟ ਬਣਾਉਣ ਲਈ ਐਸ.ਆਈ.ਆਰ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਬੂਥ ਲੈਵਲ ਏਜੰਟਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ, ਕਿਉਂਕਿ ਉਹ ਰਾਜਨੀਤਿਕ ਪਾਰਟੀਆਂ ਅਤੇ ਚੋਣ ਪ੍ਰਸ਼ਾਸਨ ਦਰਮਿਆਨ ਇੱਕ



ਅਹਿਮ ਕੜੀ ਵਜੋਂ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ 25 ਜੂਨ 2026 ਤੋਂ ਬੂਥ ਲੈਵਲ ਅਫ਼ਸਰ (ਬੀ.ਐਲ.ਓਜ਼) ਘਰ-ਘਰ ਜਾ ਕੇ ਵੋਟਰਾਂ ਨੂੰ ਗਣਨਾ ਫਾਰਮ ਵੰਡਣਗੇ। ਇਸ ਦੌਰਾਨ ਬੀ.ਐਲ.ਏ. ਵੱਲੋਂ ਬੀ.ਐਲ.ਓ. ਦਾ ਸਹਿਯੋਗ ਕਰਦਿਆਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਹਰ ਯੋਗ ਵੋਟਰ ਤੱਕ ਫਾਰਮ ਪਹੁੰਚੇ ਅਤੇ ਵੋਟਰ ਸੂਚੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਗਲਤੀ ਜਾਂ ਤਰੁੱਟੀ ਨੂੰ ਸਮੇਂ ਸਿਰ ਦਰੁਸਤ ਕੀਤਾ ਜਾ ਸਕੇ। ਟ੍ਰੇਨਿੰਗ ਦੌਰਾਨ ਬੀ.ਐਲ.ਏਜ਼ ਨੂੰ ਗਣਨਾ ਫਾਰਮ ਭਰਨ ਦੀ ਪ੍ਰਕਿਰਿਆ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ ਗਿਆ ਅਤੇ ਵੋਟਰ ਰਜਿਸਟ੍ਰੇਸ਼ਨ, ਨਾਮ ਸ਼ਾਮਲ ਕਰਨ, ਸੋਧ ਕਰਨ ਅਤੇ ਹੋਰ ਚੋਣੀ ਪ੍ਰਕਿਰਿਆਵਾਂ ਸਬੰਧੀ ਪ੍ਰਯੋਗਿਕ ਜਾਣਕਾਰੀ ਵੀ ਦਿੱਤੀ ਗਈ। ਅਧਿਕਾਰੀਆਂ ਨੇ ਭਾਗੀਦਾਰਾਂ ਦੇ ਸਵਾਲਾਂ ਦੇ ਜਵਾਬ ਦੇ ਕੇ ਉਨ੍ਹਾਂ ਦੀਆਂ ਸ਼ੰਕਾਵਾਂ ਦਾ ਨਿਵਾਰਣ ਕੀਤਾ। ਇਸ ਮੌਕੇ ਬੀ.ਐਲ.ਓਜ਼ ਨੂੰ ਐਸ.ਆਈ.ਆਰ-2026 ਨਾਲ ਸਬੰਧਿਤ ਕਿੱਟਾਂ ਵੀ ਵੰਡ ਦਿੱਤੀਆਂ ਗਈਆਂ ਹਨ ਅਤੇ 25 ਜੂਨ ਤੋਂ ਗਣਨਾ ਫਾਰਮਾਂ ਦੀ ਵੰਡ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਵਧੀਕ ਡਿਪਟੀ ਕਮਿਸ਼ਨਰ ਸ਼ਿਖਾ ਭਗਤ ਨੇ ਸਮੂਹ ਰਾਜਨੀਤਿਕ ਪਾਰਟੀਆਂ, ਬੂਥ ਲੈਵਲ ਏਜੰਟਾਂ (ਬੀ.ਐਲ.ਏਜ਼) ਅਤੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਚੋਣ ਕਮਿਸ਼ਨ ਦੀ ਇਸ ਮਹੱਤਵਪੂਰਨ ਮੁਹਿੰਮ ਵਿੱਚ ਸਰਗਰਮ ਸਹਿਯੋਗ ਦੇਣ ਤਾਂ ਜੋ ਹਰ ਯੋਗ ਨਾਗਰਿਕ ਦਾ ਨਾਮ ਵੋਟਰ ਸੂਚੀ ਵਿੱਚ ਦਰਜ ਹੋ ਸਕੇ ਅਤੇ ਲੋਕਤੰਤਰਿਕ ਪ੍ਰਕਿਰਿਆ ਨੂੰ ਹੋਰ ਮਜ਼ਬੂਤੀ ਮਿਲ ਸਕੇ।

# ਵਿਧਾਇਕ ਰਾਜਿੰਦਰ ਪਾਲ ਕੌਰ ਛੀਨਾ ਨੇ 97 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਪ੍ਰੋਜੈਕਟਾਂ ਦੀ ਕੀਤੀ ਸ਼ੁਰੂਆਤ

ਜ਼ਿਕਰ ਪੰਜਾਬ

**ਲੁਧਿਆਣਾ/ਧੀਮਾਨ**



ਵਾਰਡ ਨੰਬਰ 34 ਦੀ ਗਾਰਡਨ ਕਲੋਨੀ ਦੇ ਵਸਨੀਕਾਂ ਨੂੰ ਪਾਣੀ ਅਤੇ ਸੀਵਰੇਜ ਨਾਲ ਸਬੰਧਤ ਆ ਰਹੀਆਂ ਮੁਸ਼ਕਿਲਾਂ ਤੋਂ ਰਾਹਤ ਦਿਵਾਉਣ ਲਈ 97 ਲੱਖ ਰੁਪਏ ਦੀ ਲਾਗਤ ਨਾਲ ਪਾਣੀ ਅਤੇ ਸੀਵਰੇਜ ਪਾਈਪਾਂ ਪਾਉਣ ਦੇ ਵਿਕਾਸ ਕਾਰਜ ਦਾ ਉਦਘਾਟਨ ਵਿਧਾਇਕ ਰਾਜਿੰਦਰ ਪਾਲ ਕੌਰ ਛੀਨਾ ਵੱਲੋਂ ਕੀਤਾ ਗਿਆ। ਇਸ ਮੌਕੇ ਵਿਧਾਇਕ ਰਾਜਿੰਦਰ ਪਾਲ ਕੌਰ ਛੀਨਾ ਨੇ ਕਿਹਾ ਕਿ ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਇਲਾਕਾ ਨਿਵਾਸੀਆਂ ਨੂੰ ਪਾਣੀ ਦੀ ਸਪਲਾਈ ਅਤੇ ਅਗਾਮੀ ਬਰਸਾਤ ਦੇ ਮੌਸਮ ਵਿੱਚ ਸੀਵਰੇਜ ਸਬੰਧੀ ਆਉਣ ਵਾਲੀਆਂ ਸਮੱਸਿਆਵਾਂ ਤੋਂ ਰਾਹਤ ਦਿਵਾਉਣ ਲਈ ਇਹ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਆਮ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰਾ ਕਰਨਾ ਪੰਜਾਬ ਸਰਕਾਰ ਦੀ ਪਹਿਲੀ ਤਰਜੀਹ ਹੈ ਅਤੇ ਇਸੇ ਉਦੇਸ਼ ਨਾਲ ਵਿਕਾਸ ਕਾਰਜ ਲਗਾਤਾਰ ਜਾਰੀ ਹਨ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਪੂਰਾ ਹੋਣ ਤੋਂ ਬਾਅਦ ਗਾਰਡਨ ਕਲੋਨੀ ਦੇ ਸੈਂਕੜੇ ਪਰਿਵਾਰਾਂ ਨੂੰ ਸਿੱਧਾ ਲਾਭ ਮਿਲੇਗਾ ਅਤੇ ਇਲਾਕੇ ਦੀਆਂ ਬੁਨਿਆਦੀ ਸਹੂਲਤਾਂ ਵਿੱਚ ਹੋਰ ਸੁਧਾਰ ਆਵੇਗਾ। ਉਨ੍ਹਾਂ ਭਰੋਸਾ ਦਿਵਾਇਆ ਕਿ ਹਲਕੇ ਦੇ ਹਰ ਵਾਰਡ ਵਿੱਚ ਲੋਕਾਂ ਦੀਆਂ ਜ਼ਰੂਰਤਾਂ ਅਨੁਸਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਭਵਿੱਖ ਵਿੱਚ ਵੀ ਵਿਕਾਸ ਦੀ ਇਹ ਰਫ਼ਤਾਰ ਜਾਰੀ ਰਹੇਗੀ। ਇਸ ਮੌਕੇ ਇਲਾਕਾ ਨਿਵਾਸੀਆਂ ਨੇ ਵਿਧਾਇਕ ਰਾਜਿੰਦਰ ਪਾਲ ਕੌਰ ਛੀਨਾ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਹਲਕੇ ਵਿੱਚ ਜਿੰਨੇ ਵਿਕਾਸ ਕਾਰਜ ਮੌਜੂਦਾ ਸਮੇਂ ਦੌਰਾਨ ਹੋਏ ਹਨ, ਉਹ ਪਹਿਲਾਂ ਕਦੇ ਨਹੀਂ ਹੋਏ। ਉਨ੍ਹਾਂ ਕਿਹਾ ਕਿ ਵਿਧਾਇਕ ਛੀਨਾ ਨੇ ਹਲਕੇ ਦੇ ਵਿਕਾਸ ਨੂੰ ਨਵੀਂ ਦਿਸ਼ਾ ਦਿੱਤੀ ਹੈ ਅਤੇ ਲੋਕਾਂ ਦੀਆਂ ਮੁੱਢਲੀਆਂ ਸਮੱਸਿਆਵਾਂ ਦੇ ਹੱਲ ਲਈ ਲਗਾਤਾਰ ਕੰਮ ਕੀਤਾ ਹੈ। ਇਲਾਕਾ ਨਿਵਾਸੀਆਂ ਨੇ ਪਾਣੀ, ਸੀਵਰੇਜ, ਸੜਕਾਂ ਅਤੇ ਹੋਰ ਬੁਨਿਆਦੀ ਸਹੂਲਤਾਂ ਦੇ ਖੇਤਰ ਵਿੱਚ ਹੋਏ ਵਿਕਾਸ ਕਾਰਜਾਂ ਲਈ ਵਿਧਾਇਕ ਰਾਜਿੰਦਰ ਪਾਲ ਕੌਰ ਛੀਨਾ ਦਾ ਧੰਨਵਾਦ ਵੀ ਕੀਤਾ ਅਤੇ ਉਨ੍ਹਾਂ ਉਮੀਦ ਜਤਾਈ ਕਿ ਭਵਿੱਖ ਵਿੱਚ ਵੀ ਹਲਕੇ ਦਾ ਵਿਕਾਸ ਇਸੇ ਤਰ੍ਹਾਂ ਜਾਰੀ ਰਹੇਗਾ। ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ, ਪਾਰਟੀ ਵਰਕਰ ਅਤੇ ਮੋਹਤਬਰ ਸ਼ਖ਼ਸੀਅਤਾਂ ਹਾਜ਼ਰ ਸਨ।

# ਲੁਧਿਆਣਾ ਹਲਕਾ ਉੱਤਰੀ 'ਚ ਡੇਢ ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀ 22 ਫੁੱਟੀ ਸੜਕ ਦਾ ਵਿਧਾਇਕ ਬੱਗਾ ਨੇ ਕੀਤਾ ਉਦਘਾਟਨ



ਜ਼ਿਕਰ ਪੰਜਾਬ

**ਲੁਧਿਆਣਾ/ਮਨਜੀਤ ਸਿੰਘ ਧੀਮਾਨ**

ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਵਿਖੇ ਆਰ.ਐੱਮ.ਸੀ. (ਰੈਡੀ ਮਿਕਸ ਕੰਕਰੀਟ) ਨਾਲ ਬਣਨ ਵਾਲੀ 22 ਫੁੱਟੀ ਸੜਕ ਦੇ ਨਿਰਮਾਣ ਕਾਰਜ ਦਾ ਉਦਘਾਟਨ ਵਿਧਾਇਕ ਚੌਧਰੀ ਮਦਨ ਲਾਲ ਬੱਗਾ ਵੱਲੋਂ ਕੀਤਾ ਗਿਆ। ਵਿਧਾਇਕ ਬੱਗਾ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੇ ਨਿਰਮਾਣ 'ਤੇ ਕਰੀਬ 1.5 ਕਰੋੜ ਰੁਪਏ ਦੀ ਲਾਗਤ ਆਵੇਗੀ। ਇਸ ਮੌਕੇ ਕੌਂਸਲਰ ਪੁਸ਼ਪਿੰਦਰ ਭਨੋਟ, ਕੌਂਸਲਰ ਨਰਿੰਦਰ ਭਾਰਦਵਾਜ, ਗੁਰਵੀਰ ਗੋਲੂ ਬਾਜਵਾ ਸਮੇਤ ਇਲਾਕੇ ਦੇ ਵਸਨੀਕ ਅਤੇ ਪਾਰਟੀ ਵਰਕਰ ਹਾਜ਼ਰ ਸਨ। ਵਿਧਾਇਕ ਮਦਨ ਲਾਲ ਬੱਗਾ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਆਪਣੇ ਕਾਰਜਕਾਲ ਦੌਰਾਨ ਹੋਏ ਵਿਕਾਸ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਉੱਤਰੀ ਵਿੱਚ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਤੇ ਸਥਾਨਕ ਪ੍ਰਸ਼ਾਸ਼ਨ ਇਲਾਕੇ ਦੇ ਸਰਵਪੱਖੀ ਵਿਕਾਸ ਲਈ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਕਰੀਬ ਡੇਢ ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਇਹ 22 ਫੁੱਟੀ ਸੜਕ ਹਜ਼ਾਰਾਂ ਲੋਕਾਂ ਨੂੰ ਬਿਹਤਰ ਆਵਾਜਾਈ ਦੀ ਸਹੂਲਤ ਪ੍ਰਦਾਨ ਕਰੇਗੀ ਅਤੇ ਖੇਤਰ ਦੀ ਟਰੈਫਿਕ ਵਿਵਸਥਾ ਨੂੰ ਵੀ ਸੁਚਾਰੂ ਬਣਾਏਗੀ। ਬੱਗਾ ਨੇ ਦੱਸਿਆ ਕਿ ਆਰ.ਐੱਮ.ਸੀ. ਸੜਕਾਂ ਵਧੇਰੇ ਮਜ਼ਬੂਤ ਅਤੇ ਟਿਕਾਊ ਹੁੰਦੀਆਂ ਹਨ, ਜਿਸ ਨਾਲ ਲੋਕਾਂ ਨੂੰ ਲੰਬੇ ਸਮੇਂ ਤੱਕ ਉੱਚ ਗੁਣਵੱਤਾ ਵਾਲੀ ਸੜਕ ਸਹੂਲਤ ਮਿਲੇਗੀ। ਪੰਜਾਬ ਸਰਕਾਰ ਵੱਲੋਂ ਮੁਫ਼ਤ ਇਲਾਜ ਲਈ ਪ੍ਰਤੀ ਪਰਿਵਾਰ 10 ਲੱਖ ਰੁਪਏ ਦੀ ਯੋਜਨਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ "ਮਾਵਾਂ ਧੀਆਂ ਯੋਜਨਾ"ਤਹਿਤ ਜਲਦ ਹੀ ਹਰ ਐੱਸ.ਸੀ. ਮਹਿਲਾ ਦੇ ਖਾਤੇ ਵਿੱਚ 1500 ਰੁਪਏ ਅਤੇ ਜਨਰਲ ਵਰਗ ਨਾਲ ਸਬੰਧਤ ਮਹਿਲਾਵਾਂ ਦੇ ਖਾਤਿਆਂ ਵਿੱਚ 1000-1000 ਰੁਪਏ ਟਰਾਂਸਫਰ ਕੀਤੇ ਜਾਣਗੇ।

# ਐਸ.ਡੀ.ਐਮ.ਮੈਡਮ ਸਵਾਤੀ ਟਿਵਾਣਾ ਵੱਲੋਂ ਜਨਗਣਨਾ ਟੀਮ ਦਾ ਸਨਮਾਨ

ਜ਼ਿਕਰ ਪੰਜਾਬ

**ਖੰਨਾ/ਮਨਜੀਤ ਸਿੰਘ ਧੀਮਾਨ**

ਮਰਦਮਸ਼ੁਮਾਰੀ 2027 ਦੇ ਪਹਿਲੇ ਪੜਾਅ ਦਾ ਕਾਰਜ ਕਾਰਜ 15 ਮਈ ਤੋਂ 13 ਜੂਨ ਤੱਕ ਪੂਰੇ ਦੇਸ਼ ਵਿੱਚ ਜੋਰ ਸ਼ੋਰ ਅਤੇ ਉਤਸ਼ਾਹ ਨਾਲ ਚੱਲ ਰਿਹਾ ਹੈ। ਦੇਸ਼ ਦੇ ਇਸ ਮਹਾਨ ਕਾਰਜ ਨੂੰ ਸਫਲ ਬਣਾਉਣ ਲਈ ਤਹਿਸੀਲ ਖੰਨਾ ਦੀ ਜਨਗਣਨਾ ਟੀਮ ਨੇ ਐਸ.ਡੀ.ਐਮ.ਮੈਡਮ ਸਵਾਤੀ ਟਿਵਾਣਾ ਅਤੇ ਚਾਰਜ ਅਫਸਰ ਨਾਇਬ ਤਹਿਸੀਲਦਾਰ ਸ. ਗੁਰਚਰਨ ਸਿੰਘ ਦੀ ਅਗਵਾਈ ਵਿੱਚ ਪੂਰੀ ਦ੍ਰਿੜਤਾ ਉਤਸ਼ਾਹ ਅਤੇ ਇਮਾਨਦਾਰੀ ਨਾਲ ਆਪਣੀਆਂ ਸੇਵਾਵਾਂ ਨਿਭਾਈਆਂ। ਜਿਸ ਦੀ ਬਦੌਲਤ ਖੰਨਾ ਤਹਿਸੀਲ 158 ਐਚ. ਐਲ.ਬੀ.ਦਾ ਕਾਰਜ ਸਮੇਂ ਤੋਂ ਪਹਿਲਾਂ 6 ਜੂਨ ਤੱਕ ਮੁਕੰਮਲ ਕਰਕੇ ਜ਼ਿਲ੍ਹੇ ਦੀਆਂ ਸਾਰੀਆਂ ਤਹਿਸੀਲਾਂ ਵਿੱਚੋਂ ਪਹਿਲੇ ਸਥਾਨ ਤੇ ਰਹੀ। ਇਸ ਮੌਕੇ ਐਸ.ਡੀ.ਐਮ. ਮੈਡਮ ਸਵਾਤੀ ਟਿਵਾਣਾ ਵੱਲੋਂ ਜਨਗਣਨਾ ਟੀਮ ਇੰਚਾਰਜ ਸ. ਅਵਤਾਰ ਸਿੰਘ, ਡਾ. ਬਲਰਾਮ ਸ਼ਰਮਾ, ਅਮਨਦੀਪ ਸਿੰਘ, ਨਰਿੰਦਰ ਸਿੰਘ, ਹਰਪਾਲ ਸਿੰਘ ਦਾ ਸਨਮਾਨ ਕੀਤਾ ਗਿਆ ਅਤੇ ਟੀਮ ਵੱਲੋਂ ਨਿਭਾਈਆਂ ਉਤਕ੍ਰਿਸ਼ਟ ਸੇਵਾਵਾਂ ਦੀ ਭਰਵੀਂ ਪ੍ਰਸ਼ੰਸਾ ਕੀਤੀ ਗਈ। ਉਨ੍ਹਾਂ ਜਨਗਣਨਾ ਟੀਮ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਟੀਮ ਦੀ ਮਿਹਨਤ, ਲਗਨ ਅਤੇ ਦ੍ਰਿੜਤਾ ਸਦਕਾ ਖੰਨਾ ਤਹਿਸੀਲ ਦਾ ਨਾਮ ਜ਼ਿਲ੍ਹੇ ਵਿੱਚ ਰੌਸ਼ਨ ਹੋਇਆ ਹੈ। ਉਨ੍ਹਾਂ ਕਿਹਾ ਕਿ ਜਨਗਣਨਾ ਦੇ ਇਸ ਮਹਾਨ ਕਾਰਜ ਵਿੱਚ ਵਿਸ਼ੇਸ਼

- **ਜਨਗਣਨਾ ਕਾਰਜ ਵਿੱਚ ਖੰਨਾ ਤਹਿਸੀਲ ਨੇ ਮਾਰੀ ਬਾਜੀ**
- **158 ਐਚ.ਐਲ.ਬੀ.ਦਾ ਕਾਰਜ ਸਮੇਂ ਤੋਂ ਪਹਿਲਾਂ ਕੀਤਾ ਮੁਕੰਮਲ**

ਸੇਵਾਵਾਂ ਨਿਭਾਉਣ ਸਦਕਾ ਦੋ ਸੁਪਰਵਾਈਜ਼ਰਾਂ ਅਵਤਾਰ ਸਿੰਘ ਅਤੇ ਕੁਲਵਿੰਦਰ ਸਿੰਘ ਅਤੇ ਦੋ ਗਿਣਤੀਕਾਰਾਂ ਜਸਵੀਰ ਕੌਰ ਰਾਮਗੜ੍ਹ ਅਤੇ ਅਰਸ਼ਦੀਪ ਕੌਰ ਮਲਕਪੁਰ ਦੇ ਨਾਮ ਸਨਮਾਨ ਲਈ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਭੇਜ ਦਿੱਤੇ ਗਏ ਹਨ। ਵਰਨਣਯੋਗ ਹੈ ਇਸ ਤੋਂ ਪਹਿਲਾਂ ਵੀ ਖੰਨਾ ਤਹਿਸੀਲ ਵੱਲੋਂ 20 ਗਿਣਤੀਕਾਰਾਂ ਨੂੰ ਆਪਣਾ ਕਾਰਜ ਸਮੇਂ ਤੋਂ ਪਹਿਲਾਂ ਮੁਕੰਮਲ ਕਰਨ ਕਰਕੇ ਸਨਮਾਨਿਤ ਕੀਤਾ ਜਾ ਚੁੱਕਾ ਹੈ।

# ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਵੱਲੋਂ ਖਰੜ ਵਿਧਾਨ ਸਭਾ ਹਲਕੇ ਦੇ ਪਿੰਡਾਂ ਦਾ ਦੌਰਾ

ਜ਼ਿਕਰ ਪੰਜਾਬ

**ਖਰੜ :** ਸ੍ਰੀ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਸ੍ਰੀ ਮਲਵਿੰਦਰ ਸਿੰਘ ਕੰਗ ਨੇ ਵਿਧਾਨ ਸਭਾ ਹਲਕਾ ਖਰੜ ਦੇ ਵੱਖ-ਵੱਖ ਪਿੰਡਾਂ ਜੈਂਤੀ ਮਾਜਰਾ, ਮਸੌਲ, ਕਾਨ੍ਹੇ ਕਾ ਵਾੜਾ, ਛੋਟੀ ਕਰੋਰ, ਵੱਡੀ ਕਰੋਰ, ਗੂੜੇ ਅਤੇ ਕਸੌਲੀ ਦਾ ਦੌਰਾ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ। ਇਸ ਮੌਕੇ ਸੰਸਦ ਮੈਂਬਰ ਕੰਗ ਨੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਪਹਿਲ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੈਂਤੀ ਮਾਜਰਾ, ਗੂੜੇ, ਕਰੌਂਦੇਵਾਲ ਅਤੇ ਕਸੌਲੀ ਵਿਖੇ ਬਰਸਾਤੀ ਨਾਲਿਆਂ 'ਤੇ ਲੋੜੀਂਦੀਆਂ ਪੁਲੀਆਂ ਦੇ ਨਿਰਮਾਣ ਦਾ ਕੰਮ ਜਲਦੀ ਸ਼ੁਰੂ ਕਰਵਾਇਆ ਜਾਵੇਗਾ। ਸ੍ਰੀ ਕੰਗ ਨੇ ਕਿਹਾ ਕਿ ਬਰਸਾਤਾਂ ਦੇ ਮੌਸਮ



ਦੌਰਾਨ ਇਨ੍ਹਾਂ ਇਲਾਕਿਆਂ ਵਿੱਚ ਆਵਾਜਾਈ ਪ੍ਰਭਾਵਿਤ ਹੋਣ ਕਾਰਨ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪੁਲੀਆਂ ਦੇ ਨਿਰਮਾਣ ਨਾਲ ਨਾ ਸਿਰਫ਼ ਆਵਾਜਾਈ ਸੁਚਾਰੂ ਹੋਵੇਗੀ ਸਗੋਂ ਪਿੰਡਾਂ ਦੇ ਵਸਨੀਕਾਂ ਨੂੰ ਸੁਰੱਖਿਅਤ ਅਤੇ ਸੁਵਿਧਾਜਨਕ ਆਵਾਜਾਈ ਦੀ ਸਹੂਲਤ ਵੀ ਮਿਲੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਤਰਜੀਹ ਦੇ ਆਧਾਰ 'ਤੇ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਅਧਿਕਾਰੀਆਂ ਨੂੰ ਵੀ ਹਦਾਇਤ ਕੀਤੀ ਕਿ ਵਿਕਾਸ ਕਾਰਜਾਂ ਨਾਲ ਸਬੰਧਤ ਪ੍ਰਕਿਰਿਆਵਾਂ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾਵੇ ਤਾਂ ਜੋ ਲੋਕਾਂ ਨੂੰ ਜਲਦ ਰਾਹਤ ਮਿਲ ਸਕੇ। ਪਿੰਡ ਵਾਸੀਆਂ ਨੇ ਸੰਸਦ ਮੈਂਬਰ ਦਾ ਆਪਣੇ ਇਲਾਕੇ ਵਿੱਚ ਪਹੁੰਚਣ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਲਈ ਧੰਨਵਾਦ ਕੀਤਾ।

# ਆਈਆਈਐੱਸਈਆਰ ਮੋਹਾਲੀ ਦਾ 15ਵਾਂ ਕਨਵੋਕੇਸ਼ਨ ਪ੍ਰੋਗਰਾਮ ਸੰਪੰਨ; 348 ਵਿਦਿਆਰਥੀਆਂ ਨੇ ਪ੍ਰਾਪਤ ਕੀਤੀਆਂ ਡਿਗਰੀਆਂ

ਜ਼ਿਕਰ ਪੰਜਾਬ

**ਮੋਹਾਲੀ :** ਭਾਰਤੀ ਵਿਗਿਆਨ ਸਿੱਖਿਆ ਅਤੇ ਖੋਜ ਸੰਸਥਾਨ (ਆਈਆਈਐੱਸਈਆਰ) ਮੋਹਾਲੀ ਦਾ 15ਵਾਂ ਕਨਵੋਕੇਸ਼ਨ ਪ੍ਰੋਗਰਾਮ ਅੱਜ ਸੰਸਥਾਨ ਕੰਪਲੈਕਸ ਵਿੱਚ ਆਯੋਜਿਤ ਕੀਤਾ ਗਿਆ। ਇਹ ਪ੍ਰੋਗਰਾਮ ਵਿਗਿਆਨ ਸਿੱਖਿਆ ਅਤੇ ਖੋਜ ਦੇ ਖੇਤਰ ਵਿੱਚ ਸੰਸਥਾਨ ਦੀ ਵਧਦੀ ਪ੍ਰਤਿਸ਼ਠਾ ਅਤੇ ਪ੍ਰਾਪਤੀਆਂ ਦਾ ਪ੍ਰਤੀਕ ਰਿਹਾ। ਸਮਾਰੋਹ ਵਿੱਚ ਕੁੱਲ 348 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਇਨ੍ਹਾਂ ਵਿੱਚ ਏਕੀਕ੍ਰਿਤ ਬੀਐੱਸ-ਐੱਮਐੱਸ ਪ੍ਰੋਗਰਾਮ ਦੇ 215 ਵਿਦਿਆਰਥੀ, ਬੀਐੱਸ ਪ੍ਰੋਗਰਾਮ ਦੇ 10 ਵਿਦਿਆਰਥੀ, ਬੀਐੱਸ ਆਨਰਜ਼ ਪ੍ਰੋਗਰਾਮ ਦੇ 2 ਵਿਦਿਆਰਥੀ, ਐੱਮਐੱਸ ਪ੍ਰੋਗਰਾਮ ਦੇ 5 ਵਿਦਿਆਰਥੀ, ਏਕੀਕ੍ਰਿਤ ਐੱਮਐੱਸ-ਪੀਐੱਚਡੀ ਪ੍ਰੋਗਰਾਮ ਦੇ 9 ਵਿਦਿਆਰਥੀ ਅਤੇ ਪੀਐੱਚਡੀ ਪ੍ਰੋਗਰਾਮ ਦੇ 107 ਵਿਦਿਆਰਥੀ ਸ਼ਾਮਲ ਸਨ। ਕਨਵੋਕੇਸ਼ਨ ਪ੍ਰੋਗਰਾਮ ਦੀ ਪ੍ਰਧਾਨਗੀ ਸੰਸਥਾ ਦੇ ਬੋਰਡ ਆਫ਼ ਗਵਰਨਰਜ਼ ਦੇ ਚੇਅਰਮੈਨ ਪ੍ਰੋ. ਜੇ. ਐੱਸ. ਯਾਦਵ ਨੇ ਕੀਤੀ ਅਤੇ ਸੰਸਥਾ ਦੇ ਡਾਇਰੈਕਟਰ ਅਤੇ ਸੈਨੇਟ ਦੇ ਚੇਅਰਮੈਨ ਪ੍ਰੋ. ਅਨਿਲ ਕੁਮਾਰ ਤ੍ਰਿਪਾਠੀ ਨੇ ਸੰਸਥਾ ਦੀ ਸਲਾਨਾ ਪ੍ਰਗਤੀ ਰਿਪੋਰਟ ਪੇਸ਼ ਕੀਤੀ। ਪ੍ਰੋਗਰਾਮ ਦੇ ਮੁੱਖ ਮਹਿਮਾਨ ਪੁਲਾੜ ਖੋਜ ਸੰਗਠਨ (ਇਸਰੋ) ਦੇ ਸਾਬਕਾ ਚੇਅਰਮੈਨ ਏ.ਐੱਸ. ਕਿਰਨ ਕੁਮਾਰ ਸਨ। ਆਪਣੇ ਕਨਵੋਕੇਸ਼ਨ ਭਾਸ਼ਣ ਵਿੱਚ ਕਿਰਨ ਕੁਮਾਰ ਨੇ ਵਿਦਿਆਰਥੀਆਂ ਨੂੰ ਵਿਗਿਆਨ ਅਤੇ ਤਕਨਾਲੋਜੀ ਦੀ ਵਰਤੋਂ ਰਾਸ਼ਟਰ ਨਿਰਮਾਣ ਅਤੇ ਸਮਾਜ ਭਲਾਈ ਲਈ ਕਰਨ ਦਾ ਸੱਦਾ ਦਿੱਤਾ। ਭਾਰਤ ਦੇ ਪੁਲਾੜ ਪ੍ਰੋਗਰਾਮ ਵਿੱਚ ਆਪਣੇ ਲੰਬੇ ਸਮੇਂ ਦੇ ਅਤੇ ਵਿਸ਼ਿਸ਼ਟ ਤਜ਼ਰਬਿਆਂ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਨੇ ਸੰਚਾਰ ਨੈਵੀਗੇਸ਼ਨ, ਮੌਸਮ ਦੀ ਭਵਿੱਖਬਾਣੀ, ਆਫ਼ਤ ਪ੍ਰਬੰਧਨ ਅਤੇ ਕੁਦਰਤੀ ਸਰੋਤਾਂ ਦੇ ਪ੍ਰਬੰਧਨ ਵਿੱਚ ਵਿਗਿਆਨਿਕ ਕਾਢਾਂ ਦੀ ਬੇਮਿਸਾਲ ਭੂਮਿਕਾ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਉੱਤਮਤਾ ਦੇ ਨਾਲ-ਨਾਲ ਸਮਾਜ ਸੇਵਾ ਦੀ ਭਾਵਨਾ ਨੂੰ ਆਪਣੇ ਜੀਵਨ ਦਾ ਅਨਿੱਖੜਵਾਂ ਅੰਗ ਬਣਾਉਣ ਲਈ ਪ੍ਰੇਰਿਤ ਕੀਤਾ। ਇਸ ਵਰ੍ਹੇ ਦੇ ਕਨਵੋਕੇਸ਼ਨ ਪ੍ਰੋਗਰਾਮ ਦੀ ਇੱਕ ਖਾਸ ਗੱਲ ਡਾ. ਮਨਮੋਹਨ ਸਿੰਘ



ਅਕਾਦਮਿਕ ਉੱਤਮਤਾ ਪੁਰਸਕਾਰਾਂ ਦੀ ਉਦਘਾਟਨੀ ਪੇਸ਼ਕਾਰੀ ਸੀ। ਇਹ ਪੁਰਸਕਾਰ ਡਾ. ਮਨਮੋਹਨ ਸਿੰਘ ਅਕਾਦਮਿਕ ਉੱਤਮਤਾ ਪੁਰਸਕਾਰਾਂ ਦੀ ਪਹਿਲੀ ਪੇਸ਼ਕਾਰੀ ਸੀ। ਇਹ ਪੁਰਸਕਾਰ ਡਾ. ਮਨਮੋਹਨ ਸਿੰਘ ਟਰਸਟ ਦੁਆਰਾ ਆਈਆਈਐੱਸਈਆਰ ਮੋਹਾਲੀ ਦੇ ਤਾਲਮੇਲ ਨਾਲ ਸਥਾਪਿਤ ਕੀਤੇ ਗਏ ਸਨ। ਇਨ੍ਹਾਂ ਦਾ ਉਦੇਸ਼ ਗ੍ਰੈਜੂਏਟ ਵਿਦਿਆਰਥੀਆਂ ਵਿੱਚ ਸ਼ਾਨਦਾਰ ਅਕਾਦਮਿਕ ਪ੍ਰਦਰਸ਼ਨ ਨੂੰ ਮਾਨਤਾ ਦੇਣਾ ਅਤੇ ਆਈਆਈਐੱਸਈਆਰ ਮੋਹਾਲੀ ਅਤੇ ਸਾਰੀਆਂ ਆਈਆਈਐੱਸਈਆਰ ਸੰਸਥਾਵਾਂ ਦੀ ਸਥਾਪਨਾ ਵਿੱਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਯੋਗਦਾਨ ਨੂੰ ਯਾਦ ਕਰਨਾ ਹੈ। ਡਾ. ਮਨਮੋਹਨ ਸਿੰਘ ਟਰਸਟ ਦੇ ਟਰਸਟੀ ਅਤੇ ਯੋਜਨਾ ਕਮਿਸ਼ਨ ਦੇ ਸਾਬਕਾ ਡਿਪਟੀ ਚੇਅਰਮੈਨ ਸ਼੍ਰੀ ਮੋਂਟੇਕ ਸਿੰਘ ਆਹਲੂਵਾਲੀਆ ਅਤੇ ਡਾ. ਮਨਮੋਹਨ ਸਿੰਘ ਦੇ ਪਰਿਵਾਰ ਦੇ ਮੈਂਬਰ ਡਾ. ਵਿਜੇ ਟੰਖਾ, ਵਿਸ਼ੇਸ਼ ਤੌਰ ਤੇ ਮੌਜੂਦ ਸਨ। ਡਾ. ਮਨਮੋਹਨ ਸਿੰਘ ਅਕਾਦਮਿਕ ਉੱਤਮਤਾ ਪੁਰਸਕਾਰ ਜੇਤੂਆਂ ਵਿੱਚ ਜੈਵਿਕ ਵਿਗਿਆਨ ਵਿੱਚ ਕੌਸਤੁਭ ਪੁਰੋਹਿਤ, ਰਸਾਇਣ ਵਿਗਿਆਨ ਵਿੱਚ ਨੰਦਨਾ ਕੇ.ਕੇ., ਗਣਿਤ ਵਿਗਿਆਨ ਵਿੱਚ ਪਾਹੁਲ ਅਰੋੜਾ ਅਤੇ ਭੌਤਿਕ ਵਿਗਿਆਨ ਵਿੱਚ ਅਮਿਤੇਸ਼ ਗੁਪਤਾ ਸ਼ਾਮਲ ਸਨ। ਹਰੇਕ ਪੁਰਸਕਾਰ ਵਿੱਚ 50,000 ਰੁਪਏ ਦਾ ਨਗਦ ਇਨਾਮ ਸੀ। ਸੰਸਥਾ ਨੇ ਆਪਣੇ ਸਲਾਨਾ ਮੈਡਲ ਅਤੇ ਹੋਰ ਅਕਾਦਮਿਕ ਸਨਮਾਨ ਵੀ ਪੇਸ਼ ਕੀਤੇ। ਕੌਸਤੁਭ ਪੁਰੋਹਿਤ ਨੂੰ ਸਾਰੇ ਗ੍ਰੈਜੂਏਟ ਵਿਦਿਆਰਥੀਆਂ ਵਿੱਚੋਂ ਸਭ ਤੋਂ ਵੱਧ ਅਕਾਦਮਿਕ ਪ੍ਰਦਰਸ਼ਨ ਲਈ ਰਾਸ਼ਟਰਪਤੀ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਸਰਵੋਤਮ ਸਮੁੱਚੀ ਕਾਰਗੁਜ਼ਾਰੀ ਲਈ ਦਿੱਤਾ ਜਾਣ ਵਾਲਾ ਪ੍ਰੋਫੈਸਰ ਐੱਸ.ਐੱਨ. ਕੌਲ ਮੈਡਲ ਦੀਪ ਸਹਿਗਲ ਨੂੰ ਦਿੱਤਾ ਗਿਆ। ਸਲਾਨਾ ਰਿਪੋਰਟ ਪੇਸ਼ ਕਰਦੇ ਹੋਏ, ਪ੍ਰੋਫੈਸਰ ਅਨਿਲ ਕੁਮਾਰ ਤ੍ਰਿਪਾਠੀ ਨੇ ਗ੍ਰੈਜੂਏਟ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਸੰਸਥਾ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਸੰਸਥਾ ਦੇ ਫੈਕਲਟੀ ਅਤੇ ਖੋਜਕਰਤਾਵਾਂ ਨੇ ਪਿਛਲੇ ਸਾਲ ਵੱਕਾਰੀ ਅੰਤਰਰਾਸ਼ਟਰੀ ਪੱਤ੍ਰਿਕਾਵਾਂ ਵਿੱਚ 500 ਤੋਂ ਵੱਧ ਪੇਪਰ ਪ੍ਰਕਸ਼ਿਤ ਕੀਤੇ ਅਤੇ ਲਗਭਗ 25 ਕਰੋੜ ਰੁਪਏ ਦੇ 49 ਬਾਹਰੀ ਫੰਡ ਪ੍ਰਾਪਤ ਰਿਸਰਚ ਪ੍ਰੋਜੈਕਟ ਪ੍ਰਾਪਤ ਕੀਤੇ। ਕਈ ਫੈਕਲਟੀ ਮੈਂਬਰਾਂ ਨੂੰ ਵੱਕਾਰੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਾਨਤਾ ਪ੍ਰਾਪਤ ਹੋਈ। ਇਸ ਤੋਂ ਇਲਾਵਾ, ਆਈਆਈਐੱਸਈਆਰ ਮੋਹਾਲੀ ਨੇ ਆਪਣੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੋਜ ਸਹਿਯੋਗ ਨੂੰ ਹੋਰ ਮਜ਼ਬੂਤ ਕੀਤਾ। ਸੰਸਥਾ ਦੇ ਤਕਨਾਲੋਜੀ ਕਾਰੋਬਾਰ ਇਨਕਿਊਬੇਟਰ, i-RISE, ਨੇ ਹੁਣ ਤੱਕ ਬਾਇਓਟੈਕਨੋਲੋਜੀ, ਸਿਹਤ ਸੰਭਾਲ, ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਟਿਕਾਊ ਵਿਕਾਸ ਵਰਗੇ ਖੇਤਰਾਂ ਵਿੱਚ 50 ਤੋਂ ਵੱਧ ਸਟਾਰਟਅੱਪਸ ਦਾ ਸਮਰਥਨ ਕੀਤਾ ਹੈ। ਗ੍ਰੈਜੂਏਟ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ, ਪ੍ਰੋਫੈਸਰ ਤ੍ਰਿਪਾਠੀ ਨੇ ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਤਕਨੀਕੀ ਕ੍ਰਾਂਤੀ ਦੇ ਇਸ ਯੁੱਗ ਵਿੱਚ ਉਤਸੁਕਤਾ, ਰਚਨਾਤਮਕਤਾ, ਨੈਤਿਕ ਜ਼ਿੰਮੇਵਾਰੀ ਅਤੇ ਅੰਤਰ-ਅਨੁਸ਼ਾਸਨੀ ਸੋਚ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਵਿਦਿਆਰਥੀਆਂ ਨੂੰ ਜੀਵਨ ਭਰ ਸਿੱਖਣ ਅਤੇ ਸਮਾਜ ਦੀ ਭਲਾਈ ਲਈ ਆਪਣੇ ਵਿਗਿਆਨਕ ਗਿਆਨ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ। ਆਈਆਈਐੱਸਈਆਰ ਮੋਹਾਲੀ ਦੀ ਸਥਾਪਨਾ 2007 ਵਿੱਚ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਅਧੀਨ ਰਾਸ਼ਟਰੀ ਮਹੱਤਵ ਦੇ ਇੱਕ ਸੰਸਥਾਨ ਵਜੋਂ ਕੀਤੀ ਗਈ ਸੀ। ਉੱਚ-ਗੁਣਵੱਤਾ ਵਾਲੀ ਸਿੱਖਿਆ ਅਤੇ ਅਤਿ-ਆਧੁਨਿਕ ਖੋਜ ਨੂੰ ਏਕੀਕ੍ਰਿਤ ਕਰਨ ਦੇ ਆਪਣੇ ਵਿਲੱਖਣ ਦ੍ਰਿਸ਼ਟੀਕੋਣ ਦੇ ਕਾਰਨ, ਸੰਸਥਾ ਹੁਣ ਵਿਗਿਆਨ ਸਿੱਖਿਆ ਅਤੇ ਖੋਜ ਲਈ ਦੇਸ਼ ਦੇ ਪ੍ਰਮੁੱਖ ਕੇਂਦਰਾਂ ਵਿੱਚੋਂ ਇੱਕ ਵਜੋਂ ਜਾਣੀ ਜਾਂਦੀ ਹੈ। ਇਸ ਦੇ ਵਿਦਿਆਰਥੀ ਅਤੇ ਖੋਜਕਰਤਾ ਦੁਨੀਆ ਭਰ ਦੀਆਂ ਵੱਕਾਰੀ ਸੰਸਥਾਵਾਂ, ਜਿਵੇਂ ਕਿ ਆਕਸਫੋਰਡ, ਕੈਂਬ੍ਰਿਜ,, ਸਟੈਨਫੋਰਡ, ਕੈਲਟੈੱਕ, ਕਾਰਨੇਲ, ਇੰਡੀਅਨ ਇੰਸਟੀਟਿਊਟ ਆਫ਼ ਸਾਇੰਸ, ਟਾਟਾ ਇੰਸਟੀਟਿਊਟ ਆਫ਼ ਫੰਡਾਮੈਂਟਲ ਰਿਸਰਚ, ਨੈਸ਼ਨਲ ਸੈਂਟਰ ਫਾਰ ਬਾਇਓਲੋਜੀਕਲ ਸਾਇੰਸਿਜ਼ ਅਤੇ ਹੋਰ ਪ੍ਰਮੁੱਖ ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਵਿੱਚ ਉੱਚ ਸਿੱਖਿਆ ਅਤੇ ਖੋਜ ਕਰ ਰਹੇ ਹਨ।

ਅਸ਼ਵਨੀ ਜੇਤਲੀ ਮਾਲਕ, ਐਡੀਟਰ/ਪ੍ਰਿੰਟਰ ਤੇ ਪਬਲਿਸ਼ਰ ਨੇ ਰੋਟਰੀ ਪ੍ਰਿੰਟਰਜ਼ ਤੋਂ ਛਪਵਾ ਕੇ ਦਫ਼ਤਰ ਜ਼ਿਕਰ ਪੰਜਾਬ (ਸਪਤਾਹਿਕ) 7, ਮਾਣਕ ਇਨਕਲੇਵ, ਧਾਂਦਰਾ ਰੋਡ, ਲੁਧਿਆਣਾ ਤੋਂ ਪ੍ਰਕਾਸ਼ਿਤ ਕੀਤਾ।
Published, Printed & Owned by Ashwani Jaitly Published at 7, Manak Enclave, Dhandra Road, Ludhiana, Punjab State Printed at Rotary Printers, Kot Almgir, Ludhiana, Punjab State Editor- Ashwani Jaitly